ਕੈਨੇਡਾ ਦਰਪਣ

ਨਵੰਬਰ 14, 1986

November 14, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

ਕੈਨੇਡਾ ਦਰਪਣ

The Canada Darpan — Punjabi Weekly Newspaper

Weekending November 14, 1986 Vol. 5 No. 44 Price 35¢ Out of Greater Vancouver 50¢ Ph. (604)581-4473

ਸ੍ਰੀਨਗਰ ’ਚ ਸਹੁੰ ਚੁੱਕਣ ਦੀ ਰਸਮ ਅੱਜ

ਡਾ. ਫਾਰੂਕ ਮੁੜ ਮੁੱਖ ਮੰਤਰੀ ਬਣੇ

ਨਵੀਂ ਦਿੱਲੀ (6 ਨਵੰਬਰ) — ਡਾ. ਫਾਰੂਕ ਅਬਦੁੱਲਾ ਵਾਲੀ ਨੈਸ਼ਨਲ ਕਾਨਫਰੰਸ ਦਾ ਕਾਂਗਰਸ ਆਈ. ਨਾਲ ਸਮਝੌਤਾ ਹੋ ਗਿਆ ਹੈ ਅਤੇ ਅੱਜ ਫਾਰੂਕ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਰਿਹਾ ਹੈ।

ਸਹੁੰ ਚੁੱਕਣ ਦੀ ਰਸਮ ਸਮੇਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਸ੍ਰੀ ਨਗਰ ਪਹੁੰਚ ਰਹੇ ਹਨ। ਕੁਲੀਸ਼ਨ ਸਰਕਾਰ ਦੀ ਕਾਇਮੀ ਵੇਲੇ ਉਹ ਇਕ ਮੀਟਿੰਗ ਨੂੰ ਸੰਬੋਧਨ ਕਰਨਗੇ।

ਫਾਰੂਕ ਨਾਲ ਸਾਂਝੀ ਸਰਕਾਰ ਬਣਾਉਣ ਦੇ ਫੈਸਲੇ ਦੀ ਪੁਸ਼ਟੀ ਕਰਦਿਆਂ ਕਾਂਗਰਸ ਦੇ ਜਨਰਲ ਸਕੱਤਰ ਏ. ਕੇ. ਅਨਟੋਨੀ ਨੇ ਕਿਹਾ ਕਿ ਪਾਰਟੀ ਪਾਰਲੀਮੈਂਟ ਬੋਰਡ ਮਹਿਸੂਸ ਕਰਦਾ ਹੈ ਕਿ ਇਹੋ ਜਿਹੀ ਸਰਕਾਰ ਰਾਜ ਦੇ ਲੋਕਾਂ ਦੀ ਉਨਤੀ ’ਚ ਸਹਾਇਤਾ ਕਰੇਗੀ। ਇਹੋ ਜਿਹੀ ਸਰਕਾਰ ਫਿਰਕਾਪ੍ਰਸਤੀ, ਧਾਰਮਿਕ ਕੱਟੜਤਾ ਅਤੇ ਵੱਖਵਾਦੀ ਤਾਕਤਾਂ ਦੇ ਖਿਲਾਫ ਲੜਨ ਦੇ ਯੋਗ ਹੋਵੇਗੀ।

ਡਾ. ਫਾਰੂਕ ਨੇ ਇਕ ਬਿਆਨ ’ਚ ਕਿਹਾ ਕਿ ਉਹ ਪ੍ਰਧਾਨ ਮੰਤਰੀ ਵਲੋਂ ਪ੍ਰਗਟਾਏ ਗਏ ਭਰੋਸੇ ’ਤੇ ਪੂਰਾ ਉਤਰਨ ਦਾ ਯਤਨ ਕਰੇਗਾ ਅਤੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਲਈ ਪੂਰੀ ਵਾਹ ਲਾਵੇਗਾ।

ਪੰਜਾਬ ਮੰਤਰੀ ਮੰਡਲ ਵਲੋਂ ਅਖੌਤੀ ਖਾਲਿਸਤਾਨੀਆਂ ਦੀ ਨਿਖੇਧੀ

ਚੰਡੀਗੜ੍ਹ — ਪੰਜਾਬ ਮੰਤਰੀ ਮੰਡਲ ਨੇ 1 ਨਵੰਬਰ ਨੂੰ ਹਰਿਮੰਦਰ ਸਾਹਿਬ ’ਚ ਅਖੌਤੀ ਖਾਲਿਸਤਾਨੀਆਂ ਦੀ ਹੋਈ ਮੀਟਿੰਗ ਦੀ ਕਰੜੀ ਨਿਖੇਧੀ ਕੀਤੀ ਹੈ। ਇਸ ਮੀਟਿੰਗ ਵਿਚ ਪੰਜਾਬ ਦੇ ਮੁੱਖ ਮੰਤਰੀ ਅਤੇ ਸਿੰਘ ਸਾਹਿਬਾਨ ਵਿਰੁੱਧ ਮਤੇ ਪਾਸ ਕੀਤੇ ਗਏ ਸਨ।

ਮੰਤਰੀ ਮੰਡਲ ਦੀ ਮੀਟਿੰਗ ’ਚ ਗੜਬੜ ਕਰਨ ਵਾਲੇ ਤੱਤਾਂ ਨਾਲ ਸਖਤੀ ਨਾਲ ਨਿਪਟਣ ਦੀ ਲੋੜ ’ਤੇ ਜ਼ੋਰ ਦਿਤਾ ਗਿਆ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਬਰਨਾਲਾ ਨੇ ਸਾਰੇ ਧਰਮਾਂ ਅਤੇ ਰਾਜਨੀਤਕ ਸੋਚਾਂ ਵਾਲੇ ਲੋਕਾਂ ਨੂੰ ਅਤਿਵਾਦ ਦੇ ਖਿਲਾਫ ਸਰਕਾਰ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।

ਇਕ ਦੂਜੇ ਬਿਆਨ ’ਚ ਅਕਾਲ ਤਖਤ ਦੇ ਜਥੇਦਾਰ ਕਿਰਪਾਲ ਸਿੰਘ ਨੇ ਸਿੱਖ ਪੰਥ ਨੂੰ ਹਰਿਮੰਦਰ ਸਾਹਿਬ ’ਚ ਹੋਏ ਇਨ੍ਹਾਂ ਐਲਾਨਾਂ ਨੂੰ ਅਣਗੌਲੇ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਕ ਗਰੁੱਪ ਵਲੋਂ ਕੀਤੀ ਗਈ ਇਹ ਮੀਟਿੰਗ ਸਿੱਖ ਪਰੰਪਰਾਵਾਂ ਅਤੇ ਇਤਿਹਾਸ ਦੇ ਖਿਲਾਫ ਹੈ।

ਹਰਿਮੰਦਰ ਸਾਹਿਬ ’ਚ ਹੋਈ ਪਹਿਲੀ ਨਵੰਬਰ ਦੀ ਇਸ ਮੀਟਿੰਗ ’ਚ ਦਰਬਾਰ ਸਾਹਿਬ ’ਚ ਪੁਲੀਸ ਭੇਜਣ ਦੇ ਦੋਸ਼ ’ਚ ਪੰਜਾਬ ਦੇ ਕੁਝ ਲੀਡਰਾਂ ਨੂੰ ਸਿੱਖ ਪੰਥ ’ਚੋਂ ਛੇਕਣ ਦਾ ਫੈਸਲਾ ਵੀ ਕੀਤਾ ਗਿਆ ਸੀ।

ਅਗਲੇ ਸਾਲ ਵੱਧ ਇਮੀਗਰੈਂਟ ਕੈਨੇਡਾ ਆਉਣਗੇ

ਅਟਵਾ — ਕੈਨੇਡਾ ਸਰਕਾਰ ਅਗਲੇ ਸਾਲ ਇਸ ਸਾਲ ਨਾਲੋਂ ਵੱਧ ਆਵਾਸੀਆਂ ਨੂੰ ਕੈਨੇਡਾ ਆਉਣ ਦੀ ਖੁਲ੍ਹ ਦੇਣ ਦਾ ਇਰਾਦਾ ਰੱਖਦੀ ਹੈ। ਆਵਾਸੀ ਵਿਭਾਗ ਦੇ ਯੂਨੀਅਰ ਮਨਿਸਟਰ ਗੈਰੀ ਵੀਨਰ ਅਨੁਸਾਰ ਸਾਲ 1987 ਦੌਰਾਨ ਕੋਈ 115,000 ਤੋਂ ਲੈ ਕੇ 125,000 ਤੱਕ ਇਮੀਗਰੈਂਟ ਕੈਨੇਡਾ ’ਚ ਆ ਸਕਣਗੇ। ਸਰਕਾਰ ਨੇ ਸਾਲ 1986 ਦੌਰਾਨ ਇਹ ਟੀਚਾ 105,000 ਤੋਂ 115,000 ਤੱਕ ਮਿਥਿਆ ਸੀ। ਇਸ ਤਰ੍ਹਾਂ ਅਗਲੇ ਸਾਲ ਕੋਈ 10,000 ਵੱਧ ਆਵਾਸੀ ਆਉਣਗੇ।

ਵੀਨਰ ਅਨੁਸਾਰ ਸਮਾਜਿਕ ਅਤੇ ਆਰਥਿਕ ਤਰੱਕੀ ਲਈ ਆਵਾਸੀ ਟੀਚਿਆਂ ’ਚ ਨਵਾਂ ਅਤੇ ਕੰਟਰੋਲ ਸ਼ੁਦਾ ਵਾਧਾ ਜ਼ਰੂਰੀ ਹੈ।

ਪਰ ਵਿਰੋਧੀ ਪਾਰਟੀਆਂ ਦੇ ਆਲੋਚਕਾਂ ਨੇ ਇਸ ਯੋਜਨਾ ਨੂੰ ਅਰਥ ਵਿਹੂਣੀ ਦੱਸਿਆ ਹੈ।

ਆਵਾਸੀ ਕਾਨੂੰਨਾਂ ਦੇ ਆਲੋਚਕ ਲਿਬਰਲ ਪਾਰਟੀ ਦੇ ਸਰਗਈ ਮਾਰਚੀ ਅਨੁਸਾਰ ਸਰਕਾਰ ਤਾਂ ਇਸ ਸਾਲ ਦਾ ਟੀਚਾ ਵੀ ਨਹੀਂ ਪੂਰਾ ਕਰ ਸਕੇਗੀ। ਸਰਕਾਰ ਨੇ ਇਸ ਟੀਚੇ ਨੂੰ ਪੂਰਾ ਕਰਨ ਲਈ ਪੂਰਾ ਸਟਾਫ ਅਤੇ ਹੋਰ ਸਹੂਲਤਾਂ ਮੁਹੱਈਆ ਨਹੀਂ ਕੀਤੀਆਂ।

ਮਾਰਚੀ ਅਨੁਸਾਰ ਨਾ ਪੂਰੇ ਹੋਣ ਯੋਗ ਟੀਚੇ ਮਿਥਣਾ ਫਜ਼ੂਲ ਹੈ। ਸਰਕਾਰ ਨੂੰ ਬਾਹਰਲੇ ਦੇਸ਼ਾਂ ’ਚ ਸਥਿਤ ਕੌਂਸਲੇਟਾਂ ਦੇ ਦਫਤਰਾਂ ’ਚ ਕੰਮ ਕਰਦੇ ਸਟਾਫ ਨੂੰ ਧਿਆਨ ’ਚ ਰੱਖਣਾ ਚਾਹੀਦਾ ਹੈ ਜੋ ਕੈਨੇਡਾ ਆਉਣ ਦੇ ਚਾਹਵਾਨਾਂ ਦੀਆਂ ਦਰਖਾਸਤਾਂ ਨੂੰ ਨਿਪਟਾਉਂਦੇ ਹਨ। ਸਟਾਫ ਦੀ ਘਾਟ ਟੀਚੇ ਪੂਰੇ ਕਰਨ ਦੇ ਰਾਹ ’ਚ ਰੋੜਾ ਅਟਕਾਉਂਦੀ ਹੈ।

ਮਿਸਟਰ ਮਾਰਚੀ ਨੇ ਹੋਰ ਕਿਹਾ ਕਿ ਸਰਕਾਰ ਅਤੇ ਮੰਤਰੀ ਇਹ ਕਹਿ ਕੇ ਗਲੱਤ ਬਿਆਨੀ ਕਰ ਰਹੇ ਹਨ ਕਿ ਐਤਕੀਂ 115.000 ਆਵਾਸੀ ਕੈਨੇਡਾ ਆਉਣਗੇ। ਅਸਲੀਅਤ ਇਹ ਹੈ ਕਿ ਇਹ ਗਿਣਤੀ 85,000 ਤੋਂ ਉਪਰ ਨਹੀਂ ਟੱਪਣ ਲੱਗੀ।

ਐਨ. ਡੀ. ਪੀ. ਦਾ ਬੁਲਾਰਾ ਡਾਨ ਹੀਪ ਵੀ ਇਸ ਗੱਲ ਨਾਲ ਸਹਿਮਤ ਹੈ ਕਿ ਟੀਚੇ ਪੂਰੇ ਨਹੀਂ ਹੋਣਗੇ। ਟੀਚੇ ਮਿਥਣ ਨਾਲ ਹੀ ਜ਼ਿਆਦਾ ਲੋਕ ਨਹੀਂ ਆ ਸਕਦੇ।

ਆਵਾਸੀ ਮੰਤਰੀ ਵੀਨਰ ਅਨੁਸਾਰ ਇਹ ਵਾਧਾ ਕੈਨੇਡਾ ਦੀ ਆਬਾਦੀ ਦਾ ਸੰਤੁਲਨ ਬਣਾਈ ਰੱਖੇਗਾ। ਇਹ ਪ੍ਰਸਤਾਵਤ ਵਾਧਾ ਇਸ ਗੱਲ ਦੀ ਵੀ ਪ੍ਰੋੜ੍ਹਤਾ ਕਰਦਾ ਹੈ ਕਿ ਕੈਨੇਡਾ ਸਮਾਜਿਕ ਨਿਆਂ, ਬਰਾਬਰੀ ਅਤੇ ਸਾਡੀ ਕੌਮ ਦੇ ਬਹੁ ਰੰਗੇ ਸਭਿਆਚਾਰ ਦਾ ਹਾਮੀ ਹੈ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ ਸਾਰਿਆਂ ਨੂੰ ਵਧਾਈ ਹੋਵੇ





ਵੈਨਕੂਵਰ ਦੇ ਸਾਰੇ ਨਿਵਾਸੀਆਂ ਨੂੰ ਸਹੀ ਬਰਾਬਰੀ ਲਈ ਵਚਨਬੱਧ ਹੈ

ਲੋਕਤੰਤਰੀ ਅਦਰਸ਼ਾਂ ਨੂੰ ਅਸਲੀ ਰੂਪ ਦੇਣ ਲਈ ਕਰੜੀ ਮਿਹਨਤ ਕਰਨੀ ਪੈਂਦੀ ਹੈ। ਸਕੂਲ ਬੋਰਡ, ਪਾਰਕ ਬੋਰਡ ਅਤੇ ਸਿਟੀ ਕੌਂਸਲ ਦੇ ਮਸਲਿਆਂ 'ਚ ਕੋਪ ਉਨ੍ਹਾਂ ਨੀਤੀਆਂ ਲਈ ਲੜੀ ਹੈ ਜੋ ਸਾਡੇ ਸ਼ਹਿਰੀਆਂ ਦੇ ਬਰਾਬਰ ਵਿਦਿਆ ਅਤੇ ਬਰਾਬਰ ਰੁਜ਼ਗਾਰ ਦੇ ਮੌਕੇ ਵਰਗੇ ਹੱਕਾਂ ਦੀ ਪ੍ਰੋੜ੍ਹਤਾ ਕਰਦੀਆਂ ਹਨ।

ਮਨੁੱਖੀ ਅਧਿਕਾਰ

ਮਿਊਂਸਪਲ ਪ੍ਰਬੰਧ ਦੇ ਹਰ ਪੱਧਰ 'ਤੇ ਕੋਪ ਨੇ ਵਿਤਕਰੇ ਦੀ ਹਰ ਨੀਤੀ ਦਾ ਵਿਰੋਧ ਕੀਤਾ ਹੈ। ਕੋਪ ਐਲਡਰਮੈਨਾਂ ਨੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨ ਦੇ ਘੇਰੇ ਨੂੰ ਘੱਟ ਕਰਨ ਦੀ ਵਿਰੋਧਤਾ ਕੀਤੀ ਅਤੇ ਸਿਟੀ ਹਾਲ 'ਚ ਮਨੁੱਖੀ ਅਧਿਕਾਰਾਂ ਦੇ ਅਧਿਕਾਰੀ ਲਈ ਕੰਮ ਕੀਤਾ ਤਾਂ ਜੋ ਸਾਰਿਆਂ ਲਈ ਬਰਾਬਰ ਮੌਕੇ ਮੁਹਈਆ ਹੋ ਸਕਣ।

ਨਸਲੀ ਸਬੰਧ

ਸਿਟੀ ਕੌਂਸਲ ਅਤੇ ਸਕੂਲ ਬੋਰਡ 'ਚ ਕੋਪ ਐਲਡਰਮੈਨਾਂ ਅਤੇ ਟਰੱਸਟੀਆਂ ਨੇ ਨਸਲੀ ਵਿਤਕਰੇ ਨੂੰ ਗੁੱਠੇ ਲਾਉਣਾ ਅਤੇ ਰੁਜ਼ਗਾਰ ਦੇ ਬਰਾਬਰ ਹੱਕ ਮੁਹਈਆ ਕਰਨ ਲਈ ਅਗਵਾਈ ਕੀਤੀ। ਵਿਦਿਆ ਦੇ ਖੇਤਰ 'ਚ ਇਮੀਗਰਾਂਟ ਵਿਦਿਆਰਥੀ ਬਿਨ੍ਹਾਂ ਕਿਸੇ ਨਸਲੀ ਵਿਤਕਰੇ ਦੇ ਇੱਜ਼ਤ ਮਾਣ ਅਤੇ ਸ਼ਾਨ ਨਾਲ ਪੁਲਾਂਘਾਂ ਪੁੱਟ ਸਕਣ, ਵਰਗੇ ਕਾਰਜ ਲਈ ਵੀ ਕੋਪ ਨੇ ਨਵੇਂ ਪ੍ਰੋਗਰਾਮ ਆਰੰਭੇ ਹਨ।

ਅੰਗਰੇਜ਼ੀ ਦੂਜੀ ਭਾਸ਼ਾ ਦੇ ਤੌਰ 'ਤੇ

ਵੈਨਕੂਵਰ ਦੇ ਲਗਭਗ ਅੱਧੇ ਵਿਦਿਆਰਥੀ ਉਨ੍ਹਾਂ ਦੇਸ਼ਾਂ 'ਚੋਂ ਆਏ ਹਨ, ਜਿਨ੍ਹਾਂ ਦੀ ਅੰਗਰੇਜ਼ੀ ਦੂਜੀ ਭਾਸ਼ਾ ਹੈ। ਕੋਪ ਇਨ੍ਹਾਂ ਵਿਦਿਆਰਥੀਆਂ ਲਈ ਵਿਦਿਆ ਦੇ ਉਹ ਪੂਰੇ ਲਾਭ ਪਹੁੰਚਾਉਣ ਲਈ ਪ੍ਰਤੀਬਧ ਹੈ ਜੋ ਲਾਭ ਪ੍ਰੋਵਿੰਸ਼ਲ ਸਰਕਾਰ ਨੇ ਘਟਾ ਦਿਤੇ ਹਨ।

ਵੈਨਕੂਵਰ 'ਚ 15 ਨਵੰਬਰ, ਦਿਨ ਸ਼ਨਿਚਰਵਾਰ ਵੋਟਾਂ ਦਾ ਦਿਨ ਹੈ

ਮਿਊਂਸਪਲ ਸਰਕਾਰ 'ਚ ਤੁਹਾਡੀ ਵੋਟ ਦਾ ਸਹੀ ਮੁੱਲ ਪਵੇ ਅਤੇ ਅਸਲੀ ਬਰਾਬਰੀ ਯਕੀਨੀ ਬਣਾਉਣ ਲਈ ਮੇਅਰ ਲਈ ਹੈਰੀ ਰਿੰਕਨ ਅਤੇ ਸਕੂਲ ਬੋਰਡ, ਪਾਰਕ ਬੋਰਡ ਅਤੇ ਸਿਟੀ ਕੌਂਸਲ ਲਈ ਕੋਪ ਦੇ ਉਮੀਦਵਾਰਾਂ ਨੂੰ ਵੋਟ ਪਾਓ।

COPE
working for
Vancouver

Harry Rankin for Mayor

'ਬੱਬਰ ਖਾਲਸਾ' ਨਾਲ ਸਬੰਧਤ ਕਥਿਤ ਦੋਸ਼ੀਆਂ ਦੇ ਕੇਸ ਦੀ ਕੋਰਟ ਵਿਚ ਪੇਸ਼ੀ

ਹੈਮਿਲਟਨ — ਭਾਰਤ ਦੀ ਪਾਰਲੀਮੈਂਟ ਨੂੰ ਉਡਾਉਣ ਅਤੇ ਪਾਰਲੀਮੈਂਟ ਦੇ ਕਿਸੇ ਮੈਂਬਰ ਦੇ ਬੱਚਿਆਂ ਨੂੰ ਇਸ ਮੰਤਵ ਲਈ ਅਗਵਾ ਕਰਨ ਦੀ ਸਾਜ਼ਸ਼ ਰਚਣ ਦੇ ਦੋਸ਼ 'ਚ ਗ੍ਰਿਫਤਾਰ ਕੀਤੇ ਸੱਤ ਵਿਅਕਤੀਆਂ ਦੇ ਕੇਸ ਦੀ ਸੁਣਵਾਈ ਇਥੇ ਸ਼ੁਰੂ ਹੋਈ।

ਮੁਢਲੀ ਸੁਣਵਾਈ ਦਰਮਿਆਨ ਦੋ ਵਿਅਕਤੀਆਂ ਤੇ ਇਹ ਦੋਸ਼ ਲਾਇਆ ਗਿਆ ਕਿ ਇਹ ਅਪਰਾਧ ਕਰਨ ਲਈ ਭਾਰਤ ਜਾਣ ਲਈ ਉਨ੍ਹਾਂ ਨੇ ਨਵੇਂ ਕੈਨੇਡੀਅਨ ਪਾਸਪੋਰਟ ਪ੍ਰਾਪਤ ਕੀਤੇ।

ਇਸ ਗਰੁੱਪ ਦੇ ਮੈਂਬਰ ਤਜਿੰਦਰ ਸਿੰਘ ਕਲੋਅ ਨੇ ਲੰਡਨ ਅਤੇ ਪਾਕਿਸਤਾਨ ਰਾਹੀਂ ਭਾਰਤ ਜਾਣ ਤੋਂ ਤਿੰਨ ਦਿਨ ਪਹਿਲਾਂ 10 ਜੂਨ ਨੂੰ ਕੈਨੇਡੀਅਨ ਅਧਿਕਾਰੀਆਂ ਨੂੰ ਕਿਹਾ ਕਿ ਉਹਦਾ ਪਾਸਪੋਰਟ ਧੋਤੇ ਜਾਣ ਕਾਰਨ ਨਸ਼ਟ ਹੋ ਗਿਆ ਹੈ। ਫਿਰ ਉਸ ਨੇ ਇਹ ਵੀ ਕਿਹਾ ਕਿ ਉਹਦਾ ਕੈਨੇਡੀਅਨ ਸਿਟੀਜਨਸ਼ਿਪ ਕਾਰਡ ਵੀ ਗੁੰਮ ਹੋ ਗਿਆ ਹੈ। ਸਥਾਨਕ ਸਿਟੀਜਨਸ਼ਿਪ ਅਫਸਰ ਸਰਾਹ ਗਰੀਫਿਨ ਨੇ ਕਲੋਅ ਨੂੰ ਪਾਸਪੋਰਟ ਦਫਤਰ ਲਈ ਚਿੱਠੀ ਦਿਤੀ। ਕਲੋਅ ਨੇ ਇਸ ਦੇ ਆਧਾਰ 'ਤੇ 13 ਜੂਨ ਨੂੰ ਨਵਾਂ ਪਾਸਪੋਰਟ ਲੈ ਲਿਆ। ਇਸ ਦਿਨ ਹੀ ਕਲੋਅ ਦੀ ਲੰਡਨ ਲਈ ਰਵਾਨਗੀ ਸੀ। ਸਥਾਨਕ ਪਾਸਪੋਰਟ ਕਲਰਕ ਨੇ ਇਹਦੀ ਪੁਸ਼ਟੀ ਕੀਤੀ ਹੈ। ਜਦ ਕਲਰਕ ਨੇ ਕਲੋਅ ਨੂੰ ਪੁਛਿਆ ਕਿ ਉਹ ਇੰਨੀ ਛੇਤੀ ਪਾਸਪੋਰਟ ਕਿਉਂ ਚਾਹੁੰਦਾ ਹੈ ਤਾਂ ਦੂਸਰੇ ਵਿਅਕਤੀ ਦਲਜੀਤ ਸਿੰਘ ਦਿਉਲ ਨੇ ਕਿਹਾ ਕਿ ਉਹ ਲੰਡਨ 'ਚ ਇਕ ਵਿਆਹ ਦੀ ਰਸਮ 'ਚ ਸ਼ਾਮਲ ਹੋਣਾ ਚਾਹੁੰਦੇ ਹਨ।

ਇਸੇ ਗਰੁੱਪ ਦੇ ਤੀਸਰੇ ਮੈਂਬਰ ਸਰਮੁਖ ਸਿੰਘ ਨੇ 9 ਜੂਨ ਨੂੰ ਪਾਸਪੋਰਟ ਲਈ ਅਪਲਾਈ ਕੀਤਾ ਅਤੇ 12 ਜੂਨ ਨੂੰ ਉਹਨੂੰ ਪਾਸਪੋਰਟ ਮਿਲ ਗਿਆ।

ਇਸਤਗਾਸੇ ਨੇ ਗਵਾਹੀ ਵਜੋਂ ਜੀਵਨ ਸੁਰੱਖਿਆ ਬੀਮੇ ਦੇ ਇਕ ਏਜੰਟ ਨੂੰ ਪੇਸ਼ ਕੀਤਾ ਜਿਸ ਨੇ ਇਹ ਪੁਸ਼ਟੀ ਕੀਤੀ ਕਿ ਮਿਸਟਰ ਦਿਉਲ ਨੇ ਰਵਾਨਗੀ ਵਾਲੇ ਦਿਨ $200,000 ਦੀ ਪਾਲਸੀ ਖਰੀਦੀ। ਇਹ ਪਾਲਸੀ ਆਤਮ ਹੱਤਿਆ ਰਾਹੀਂ ਮੌਤ ਜਾਂ ਕਿਸੇ ਅਤਿਵਾਦੀ ਕਾਰਵਾਈ ਦੌਰਾਨ ਹੋਈ ਮੌਤ ਨੂੰ ਆਪਣੇ ਘੇਰੇ 'ਚ ਨਹੀਂ ਲਿਆਉਂਦੀ ਸੀ।

ਇਕ ਹੋਰ ਗਵਾਹੀ 'ਚ ਆਰ. ਸੀ. ਐਮ. ਪੀ. ਦੇ ਕਾਰਪੋਰੋਲ ਕੀਨਥ ਗਰਮੇਨ ਨੇ ਦੱਸਿਆ ਕਿ ਕਿਵੇਂ ਉਸਨੇ ਚਾਰ ਮੈਂਬਰੀ ਟੀਮ ਨਾਲ ਮਿਸਟਰ ਕਲੋਅ, ਸਰਮੁਖ ਸਿੰਘ ਅਤੇ ਪਰਮਾਰ ਨੂੰ ਰੇਲ ਯਾਰਡ ਦਾ ਅਧਿਐਨ ਕਰਦੇ ਦੇਖਿਆ।

ਸਾਜ਼ਸ਼ ਵਿਚ ਭਾਂਰਤ 'ਚ ਰੇਲਾਂ ਨੂੰ ਉਡਾ ਕੇ ਹਜ਼ਾਰਾਂ ਲੋਕਾਂ ਨੂੰ ਮਾਰਨ ਦੀ ਸਕੀਮ ਵੀ ਸੀ। ਫੜੇ ਗਏ ਵਿਅਕਤੀਆਂ 'ਤੇ ਰੇਲਾਂ ਉਡਾਉਣ ਦੀ ਸਾਜ਼ਸ਼ ਰਚਣ ਦੇ ਦੋਸ਼ ਵੀ ਲਾਏ ਗਏ ਹਨ।

ਮੁਢਲੀ ਸੁਣਵਾਈ ਅਗਲੇ ਹਫਤੇ ਦੇ ਅਖੀਰ ਤੱਕ ਪੂਰੀ ਹੋ ਜਾਵੇਗੀ। ਇਸਤਗਾਸੇ ਅਤੇ ਸਫਾਈ ਦੇ ਵਕੀਲ ਜ਼ਿਆਦਾ ਸਮਾਂ ਦਲੀਲਾਂ ਦੇਣ 'ਚ ਹੀ ਲਾਉਣਗੇ ਕਿਉਂਕਿ ਲਗਭਗ ਸਾਰੇ ਸਬੂਤ ਟੈਲੀਫੋਨ ਰਿਕਾਰਡ ਕਰਕੇ ਜਾਂ ਘਰਾਂ 'ਚੋਂ ਇਨ੍ਹਾਂ ਦੀ ਆਪਸੀ ਗਲਬਾਤ ਨੂੰ ਰਿਕਾਰਡ ਕਰਕੇ ਪੇਸ਼ ਕੀਤੇ ਗਏ ਹਨ।

ਕਰਾਊਨ ਅਟਾਰਨੀ ਡੀਨ ਪੈਕੁਅਟ ਨੇ ਕਿਹਾ ਕਿ ਸਬੂਤਾਂ ਵਜੋਂ 98 ਗੱਲਾਂਬਾਤਾਂ ਨੂੰ ਪੇਸ਼ ਕੀਤਾ ਗਿਆ ਹੈ ਅਤੇ ਲਿਖਤੀ ਤੌਰ ਤੇ ਇਹ ਸਬੂਤ 350 ਸਫ਼ਿਆਂ 'ਚ ਸਮਾਉਂਦੇ ਹਨ।

ਇਸਤਗਾਸੇ ਨੇ ਦੋਸ਼ ਲਾਇਆ ਹੈ ਕਿ ਇਸ ਕੇਸ 'ਚ ਫੜੇ ਗਏ ਸੱਤੇ ਵਿਅਕਤੀ ਕੱਟੜਵਾਦੀ ਸਿਖ ਜਥੇਬੰਦੀ ਬੱਬਰ ਖਾਲਸਾ ਦੇ ਮੈਂਬਰ ਹਨ। ਇਹ ਜਥੇਬੰਦੀ ਭਾਰਤੀ ਹਿੱਸੇ 'ਚ ਵੱਖਰਾ ਸਿਖ ਹੋਮਲੈਂਡ ਬਣਾਉਣਾ ਚਾਹੁੰਦੀ ਹੈ। ਕੈਨੇਡਾ 'ਚ ਬੱਬਰ ਖਾਲਸਾ ਦਾ ਲੀਡਰ ਤਲਵਿੰਦਰ ਸਿੰਘ ਪਰਮਾਰ ਇਸ ਸਾਜ਼ਸ਼ ਦਾ ਸਰਗਣਾ ਹੈ।

ਚਾਰਜ ਕੀਤੇ ਗਏ ਹੋਰ ਵਿਅਕਤੀਆਂ 'ਚ ਸਾਧੂ ਸਿੰਘ ਥਿਆੜਾ, ਰਾਮਪਾਲ ਸਿੰਘ ਢਿੱਲੋਂ ਅਤੇ ਅਜੈਬ ਸਿੰਘ ਬਾਗੜੀ ਸ਼ਾਮਲ ਹਨ।

ਜਿਥੇ ਸੱਪਾਂ ਦਾ ਹੁਕਮ ਚਲਦਾ ਹੈ

ਨਵੀਂ ਦਿੱਲੀ — ਗੋਆ ਦੇ ਨੇੜੇ ਇਕ ਇੰਜਨੀਅਰਿੰਗ ਫੈਕਟਰੀ ਦੋ ਮਹੀਨੇ ਤੋਂ ਇਸ ਕਰਕੇ ਬੰਦ ਪਈ ਹੈ ਕਿਉਂਕਿ ਮੈਨੇਜਰ ਦੇ ਕਮਰੇ 'ਚ ਸੱਪ ਦੇਵਤਾ ਨੇ ਡੇਰੇ ਲਾਏ ਹੋਏ ਹਨ।

ਜਿਸ ਦਿਨ ਸੱਪ ਬਾਸ ਦੇ ਕਮਰੇ 'ਚ ਵੜਿਆ ਤਾਂ ਹਿੰਦੂ ਧਰਮ ਦੇ ਉਪਾਸ਼ਕ ਬਾਸ ਅਤੇ ਦੂਜੇ ਕਾਮੇ ਮੰਦਰ ਵੱਲ ਪੁਜਾਰੀ ਦੀ ਸਲਾਹ ਲੈਣ ਲਈ ਦੌੜੇ। ਉਹਨਾਂ ਨੂੰ ਦੱਸਿਆ ਗਿਆ ਕਿ 'ਸੱਪ ਦੇਵਤਾ' ਨੂੰ ਪਰੇਸ਼ਾਨ ਨਾ ਕੀਤਾ ਜਾਏ।

'ਸੱਪ ਦੇਵਤਾ' ਨੂੰ ਮਨਾਉਣ ਲਈ ਮੰਨਤਾਂ ਮੰਨੀਆਂ ਗਈਆਂ, ਅਰਦਾਸਾਂ ਕੀਤੀਆਂ ਗਈਆਂ ਪਰ 'ਦੇਵਤਾ ਜੀ' 'ਤੇ ਕੋਈ ਅਸਰ ਨਹੀਂ ਪਿਆ। ਫੈਕਟਰੀ ਦੇ ਹਿੱਸੇਦਾਰਾਂ ਦੀਆਂ ਸ਼ਿਕਾਇਤਾਂ ਵੀ ਸਥਿਤੀ 'ਚ ਸੁਧਾਰ ਨਾ ਕਰ ਸਕੀਆਂ। 'ਸੱਪ ਦੇਵਤਾ' ਨੇ ਬਾਸ ਦਾ ਕਮਰਾ ਖਾਲੀ ਕਰਨ ਤੋਂ ਇਨਕਾਰ ਕਰ ਦਿਤਾ ਅਤੇ ਨਤੀਜੇ ਵਜੋਂ ਫੈਕਟਰੀ ਬੰਦ ਪਈ ਹੈ।

ਪਾਕਿਸਤਾਨ 'ਚ ਫਿਰਕੂ ਦੰਗੇ ਜਾਰੀ

60 ਤੋਂ ਵੱਧ ਹਲਾਕ

ਕਰਾਚੀ — ਪਾਕਿਸਤਾਨ 'ਚ ਫਿਰਕੂ ਦੰਗੇ ਜਾਰੀ ਹਨ ਅਤੇ ਪੰਜ ਦਿਨਾਂ 'ਚ ਮਰਨ ਵਾਲਿਆਂ ਦੀ ਗਿਣਤੀ 60 ਤੋਂ ਟੱਪ ਗਈ ਹੈ।

ਇਹ ਹਿੰਸਕ ਝੜਪਾਂ ਮੁਹਾਜਰੀਨ ਅਤੇ ਪਠਾਣ ਫਿਰਕਿਆਂ ਦਰਮਿਆਨ ਹੋ ਰਹੀਆਂ ਹਨ।

ਪ੍ਰਧਾਨ ਮੰਤਰੀ ਜੁਨੇਜੋ ਨੇ ਕਿਹਾ ਹੈ ਕਿ ਫੌਜ ਨੇ ਹਾਲਾਤ 'ਤੇ ਕਾਬੂ ਪਾ ਲਿਆ ਹੈ। ਫੌਜ ਉਸ ਪਹਾੜੀ 'ਤੇ ਵੀ ਕਬਜ਼ਾ ਕਰਨ 'ਚ ਕਾਮਯਾਬ ਹੋ ਗਈ ਹੈ, ਜਿਥੇ ਦੰਗਾਕਾਰੀ ਗੋਲੀਆਂ ਚਲਾਉਂਦੇ ਸਨ।

ਜੁਨੇਜੋ ਨੇ ਹੋਰ ਕਿਹਾ ਕਿ ਇਸ ਫਸਾਦਾਂ ਦੀਆਂ ਘਟਨਾਵਾਂ 'ਚ ਕਿਸੇ ਹੋਰ ਮੁਲਕ ਦਾ ਹੱਥ ਵੀ ਹੋ ਸਕਦਾ ਹੈ ਪਰ ਉਹਨੇ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ।

ਕੇਂਦਰੀ ਸਰਕਾਰ ਗੋਰਖਾਲੈਂਡ ਦੀ ਮੰਗ ਨੂੰ ਸ਼ਹਿ ਦੇ ਰਹੀ ਹੈ : ਜੋਤੀ ਬਾਸੂ

ਨਵੀਂ ਦਿੱਲੀ — ਪੱਛਮੀ ਬੰਗਾਲ ਦੇ ਮੁਖ ਮੰਤਰੀ ਜੋਤੀ ਬਾਸੂ ਨੇ ਦੋਸ਼ ਲਾਇਆ ਹੈ ਕਿ ਕੇਂਦਰੀ ਸਰਕਾਰ ਗੋਰਖਾਲੈਂਡ ਦੀ ਮੰਗ ਨੂੰ ਸ਼ਹਿ ਦੇ ਰਹੀ ਹੈ। ਮੁਖ ਮੰਤਰੀ ਨੇ ਕਿਹਾ ਕਿ ਇਹ ਬੰਗਾਲ ਨੂੰ ਵੰਡਣ ਦੀ ਇਕ ਸਾਜ਼ਸ਼ ਹੈ।

ਉਧਰ ਪਾਰਲੀਮੈਂਟ ਦੇ ਸੈਸ਼ਨ ਦੇ ਪਹਿਲੇ ਦਿਨ ਵਿਰੋਧੀ ਪਾਰਟੀਆਂ ਨੇ ਵਾਕ ਆਊਟ ਕੀਤਾ। ਵਿਰੋਧੀ ਮੈਂਬਰ ਪ੍ਰਧਾਨ ਮੰਤਰੀ ਦੇ ਇਸ ਬਿਆਨ 'ਤੇ ਬਹਿਸ ਕਰਨ ਦੀ ਮੰਗ ਕਰ ਰਹੇ ਸਨ ਕਿ ਪੱਛਮੀ ਬੰਗਾਲ 'ਚ ਵੱਖਵਾਦੀ ਤਾਕਤਾਂ ਨੂੰ ਕੁਚਲਣ ਦੀ ਜ਼ਿੰਮੇਂਵਾਰੀ ਰਾਜ ਸਰਕਾਰ ਦੀ ਹੈ। ਸਪੀਕਰ ਵਲੋਂ ਬਹਿਸ ਦੀ ਇਜਾਜ਼ਤ ਨਾ ਮਿਲਣ ਤੇ ਵਿਰੋਧੀ ਧਿਰ ਵਾਕ ਆਊਟ ਕਰ ਗਈ।

ਪੱਛਮੀ ਬੰਗਾਲ ਨੂੰ ਪਹਾੜੀ ਇਲਾਕੇ 'ਚ ਅੰਦੋਲਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਥੇ ਨੇਪਾਲੀਆਂ ਦੀ ਗਿਣਤੀ ਜ਼ਿਆਦਾ ਹੈ।

ਗੋਰਖਾਲੈਂਡ ਲਈ ਜਦੋਜਹਿਦ ਕਰ ਰਹੇ ਲੀਡਰਾਂ ਨੇ ਕਿਹਾ ਹੈ ਕਿ ਇਹ ਗਲਤ ਹੈ ਕਿ ਅਸੀਂ ਵੱਖ ਦੇਸ਼ ਦੀ ਮੰਗ ਕਰ ਰਹੇ ਹਾਂ। ਜੇ ਸਾਡੀਆਂ ਮੰਗਾਂ ਨਰਮੀ ਨਾਲ ਨਾ ਮੰਨੀਆਂ ਗਈਆਂ ਤਾਂ ਅਸੀਂ ਹਥਿਆਰ ਉਠਾਉਣ ਲਈ ਮਜਬੂਰ ਹੋਵਾਂਗੇ।

ਰੀਗਨ ਨੂੰ ਸੈਨੇਟ ਚੋਣਾਂ 'ਚ ਹਾਰ

ਵਾਸ਼ਿੰਗਟਨ — ਅਮਰੀਕਨ ਪ੍ਰਧਾਨ ਰੋਨਲਡ ਰੀਗਨ ਨੂੰ ਸੈਨੇਟ ਦੀਆਂ ਚੋਣਾਂ 'ਚ ਵੱਡੀ ਹਾਰ ਹੋਈ ਅਤੇ ਵਿਰੋਧੀ ਡੈਮੋਕਰੈਟਿਕ ਪਾਰਟੀ ਬਹੁਸੰਮਤੀ ਲੈ ਗਈ ਹੈ।

ਰੀਗਨ ਦੇ ਰਾਜ ਭਾਗ ਦੇ ਅਖੀਰਲੇ ਦੋ ਸਾਲ ਹੁਣ ਸੈਨੇਟ ਨਾਲ ਕਸ਼ਮਕਸ਼ 'ਚ ਹੀ ਨਿਕਲਣਗੇ। ਅਮਰੀਕਾ ਦੇ ਵੋਟਰਾਂ ਨੇ ਸੈਨੇਟ ਦੀਆਂ ਚੋਣਾਂ 'ਚ ਵਿਰੋਧੀ ਧਿਰ ਨੂੰ ਵੋਟਾਂ ਪਾ ਕੇ ਇਹ ਦਿਖਾ ਦਿਤਾ ਹੈ ਕਿ ਰੀਗਨ ਦੀ ਲੋਕ ਪ੍ਰਿਯਤਾ ਕਿੰਨੀ ਕੁ ਹੈ?

ਰਿਟਾਇਰ ਹੋ ਰਹੇ ਹਾਊਸ ਦੇ ਸਪੀਕਰ ਟਿਪ ਨੀਲ ਅਨੁਸਾਰ 'ਜੇ ਕਿਸੇ ਰੀਗਨ ਦੀ ਬੱਲੇ ਬੱਲੇ ਸੀ ਤਾਂ ਹੁਣ ਉਹ ਖਤਮ ਹੋ ਗਈ ਹੈ।'*

ਡੈਮੋਕਰੈਟਿਕ ਪਾਰਟੀ ਨੇ 100 'ਚੋਂ 52 ਸੀਟਾਂ ਜਿੱਤੀਆਂ ਹਨ। ਲੋਕਾਂ ਨੇ ਰੀਗਨ ਦੇ ਪ੍ਰਮਾਣੂ ਪਰੋਗਰਾਮ ਦੇ ਖਿਲਾਫ ਫਤਵਾ ਦਿੱਤਾ ਹੈ।

THE CANADA DARPAN

(Punjabi Weekly Newspaper)

P.O.BOX 265

Surrey, B.C. V3T 4W8

Chief Editor: (Hon.) DARSHAN GILL

Art: N. DHALIWAL

All office holders of CANADA DARPAN are honorary associates.

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

Ph. 581-4473

ਡਾ: ਫਾਰੂਕ ਅਬਦੁੱਲਾ ਮੁੜ ਮੁਖ ਮੰਤਰੀ

ਭਾਰਤੀ ਸਿਆਸਤਦਾਨਾਂ ਦੀ ਸਿਆਸਤ ਦਾ ਤਮਾਸ਼ਾ ਵੀ ਅਜੀਬ ਹੈ। ਸ਼ੇਖ ਅਬਦੁੱਲਾ ਜਿਨ੍ਹਾਂ ਨੂੰ ਸ਼ੇਰੇ-ਕਸ਼ਮੀਰ ਕਰਕੇ ਜਾਣਿਆ ਜਾਂਦਾ ਸੀ ਪੰਡਤ ਨਹਿਰੂ ਸਮੇਂ ਕਦੇ ਜੇਲ੍ਹੋਂ ਅੰਦਰ ਅਤੇ ਕਦੇ ਜੇਲ੍ਹੋਂ ਬਾਹਰ ਅਕਸਰ ਹੀ ਰਹਿੰਦੇ ਸਨ। ਇਕੋ ਸਮੇਂ ਦੇਸ਼-ਭਗਤ ਅਤੇ ਗ਼ਦਾਰੀ ਦੇ ਫਤਵੇ ਅਕਸਰ ਉਨ੍ਹਾਂ ਉਤੇ ਸਾਦਰ ਕੀਤੇ ਜਾਂਦੇ ਰਹੇ। ਉਨ੍ਹਾਂ ਤੋਂ ਪਿਛੋਂ ਉਨ੍ਹਾਂ ਦੇ ਸਪੁੱਤਰ ਡਾ: ਫਾਰੂਕ ਅਬਦੁੱਲਾ ਕਸ਼ਮੀਰ ਦੀ ਸਿਆਸਤ ਵਿਚ ਉਘੇ ਆਗੂ ਵਜੋਂ ਉਭਰੇ। ਫਾਰੂਕ ਨੂੰ ਵੀ ਉਸਦੇ ਪਿਤਾ ਵਾਂਗ ਉਸੇ ਵਿਵਹਾਰ ਦਾ ਸਦਾ ਸਾਹਮਣਾ ਰਿਹਾ ਹੈ। ਉਹ ਮੁਖ ਮੰਤਰੀ ਵੀ ਬਣੇ ਅਤੇ ਫਿਰ ਗੱਦੀਓਂ ਵੀ ਲਾਹੇ ਗਏ। ਨੈਸ਼ਨਲ ਕਾਨਫਰੰਸ ਵੀ ਬਾਕੀ ਦੀਆਂ ਭਾਰਤੀ ਰਾਜਸੀ ਪਾਰਟੀਆਂ ਵਾਂਗ ਦੋ ਹਿੱਸਿਆਂ ਵਿਚ ਵੰਡ ਗਈ।

ਕੇਂਦਰੀ ਸਿਆਸਤਦਾਨਾਂ ਨੇ ਜੀ. ਐਮ. ਸ਼ਾਹ ਨੂੰ ਅੱਗੇ ਲਿਆ ਕੇ ਫਾਰੂਕ ਨੂੰ ਚਲਦਾ ਕਰ ਦਿਤਾ। ਪਰ ਫਾਰੂਕ ਅਬਦੁੱਲਾ ਦੀਆਂ ਜੜ੍ਹਾਂ ਕਸ਼ਮੀਰ ਵਾਦੀ ਵਿਚ ਪੱਕੀਆਂ ਹਨ। ਜੀ. ਐਮ. ਸ਼ਾਹ ਬਹੁਤੀ ਦੇਰ ਰਾਜ ਨਾ ਚਲਾ ਸਕਿਆ ਤਾਂ ਕੇਂਦਰ ਨੇ ਹਕੂਮਤ ਦੀ ਵਾਗਡੋਰ ਗਵਰਨਰ ਜਗਮੋਹਨ ਦੇ ਹੱਥ ਦੇ ਦਿੱਤੀ। ਜਗਮੋਹਨ ਵੀ ਵਿਵਾਦ-ਗ੍ਰਸਤ ਵਿਅਕਤੀ ਹੈ ਅਤੇ ਉਸਦੀ ਵਿਰੋਧਤਾ ਹੋਣੀ ਲਾਜ਼ਮੀ ਸੀ। ਉਸ ਵਿਰੋਧਤਾ ਦਾ ਸਿੱਟਾ ਹੈ ਕਿ ਜਿਸ ਫਾਰੂਕ ਅਬਦੁੱਲਾ ਉਤੇ ਕਾਂਗਰਸੀ ਆਗੂ ਤਰ੍ਹਾਂ ਤਰ੍ਹਾਂ ਦੀ ਇਲਜ਼ਾਮ-ਤਰਾਸ਼ੀ ਕਰਦੇ ਰਹੇ ਹਨ ਅੱਜ ਉਸੇ ਫਾਰੂਕ ਅਬਦੁੱਲਾ ਨੂੰ ਮੁੜ ਮੁਖ-ਮੰਤਰੀ ਬਨਾਉਣ ਲਈ ਮਜ਼ਬੂਰ ਹੋਣਾ ਪਿਆ ਹੈ। ਏਨਾ ਹੀ ਨਹੀਂ ਕਿ ਉਹ ਅੱਜ ਮੁੱਖ ਮੰਤਰੀ ਦੀ ਸੌਂਹ ਚੁੱਕ ਰਹੇ ਹਨ ਸਗੋਂ ਭਾਰਤ ਦਾ ਪ੍ਰਧਾਨ ਮੰਤਰੀ ਵੀ ਫਾਰੂਕ ਅਬਦੁੱਲਾ ਦੀ ਸਰਕਾਰ ਨੂੰ ਅਸ਼ੀਰਵਾਦ ਦੇਣ ਲਈ ਸ੍ਰੀ ਨਗਰ ਪਹੁੰਚਿਆ ਹੋਇਆ ਹੈ।

ਅਬਦੁੱਲਾ ਦਾ ਮੁਖ ਮੰਤਰੀ ਬਣਨਾ ਇਨੀ ਮਹੱਤਤਾ ਵਾਲੀ ਗੱਲ ਸ਼ਾਇਦ ਨਾ ਹੋਵੇ ਪਰ ਮਹੱਤਤਾ ਇਸ ਗੱਲ ਦੀ ਹੈ ਕਿ ਲੋਕਾਂ ਦੀਆਂ ਇਛਾਵਾਂ ਨੂੰ ਬਹੁਤੀ ਦੇਰ ਦਬਾ ਕੇ ਨਹੀਂ ਰੱਖਿਆ ਜਾ ਸਕਦਾ। ਲੋਕਾਂ ਦੇ ਚੁਣੇ ਨੁਮਾਇੰਦਿਆਂ ਨੂੰ ਠੀਕ ਢੰਗ ਨਾਲ ਕੰਮ ਨਾ ਕਰਨ ਦੇਣਾ ਕੁਝ ਕੇਂਦਰੀ ਆਗੂਆਂ ਦਾ ਸੁਭਾਅ ਬਣ ਚੁਕਿਆ ਹੈ। ਕਈ ਵਾਰ ਕੇਂਦਰੀ ਆਗੂ ਬਿਨਾਂ ਵਜ੍ਹਾ ਜਮਹੂਰੀ ਢੰਗ ਨਾਲ ਚੁਣੀਆਂ ਸਰਕਾਰਾਂ ਵਿਚ ਦਖਲ ਅੰਦਾਜ਼ੀ ਕਰਦੇ ਹਨ ਜਿਸਦਾ ਸਿੱਟਾ ਤਸ਼ੱਦਦ ਵਿਚ ਨਿਕਲਦਾ ਹੈ।

ਜੰਮੂ ਕਸ਼ਮੀਰ ਦਾ ਸੂਬਾ ਪੰਜਾਬ ਵਾਂਗ ਸਰਹੱਦੀ ਸੂਬਾ ਹੈ ਅਤੇ ਅਤਿਵਾਦੀ ਸਰਗਰਮੀਆਂ ਦਾ ਮੁੱਖ ਕੇਂਦਰ ਹੈ। ਫਾਰੂਕ ਅਬਦੁੱਲਾ ਹੀ ਜੰਮੂ ਕਸ਼ਮੀਰ ਵਿਚ ਅਜਿਹੀ ਹਸਤੀ ਹਨ ਜਿਨ੍ਹਾਂ ਉਤੇ ਰਾਜ ਦੇ ਆਮ ਲੋਕ ਵਿਸ਼ਵਾਸ਼ ਕਰਦੇ ਹਨ। ਕੇਂਦਰ ਨੇ ਆਪਣੀ ਭੁੱਲ ਦਾ ਅਹਿਸਾਸ ਕਰ ਲਿਆ ਜਾਪਦਾ ਹੈ ਕਿ ਜੀ. ਐਮ. ਸ਼ਾਹ ਵਰਗੇ ਜਮੂਰੇ ਪੈਦਾ ਕਰਕੇ ਲੋਕਾਂ ਨੂੰ ਗੁੰਮਰਾਹ ਨਹੀਂ ਕੀਤਾ ਜਾ ਸਕਦਾ।

ਮਾਂ-ਬੋਲੀ ਦੀ ਮਹੱਤਤਾ

ਰਾਮ ਕ੍ਰਿਸ਼ਨ ਗੁਰਾਇਆ

ਦੁਨੀਆਂ ਵਿਚ ਕੋਈ ਦੇਸ਼ ਸ਼ਾਇਦ ਹੀ ਹੋਵੇਗਾ ਜਿਥੋਂ ਦੇ ਵਾਸੀ ਆਪਣੀ ਮਾਂ-ਬੋਲੀ ਨੂੰ ਪਿਆਰ ਨਾ ਕਰਦੇ ਹੋਣ। ਅਸੀਂ ਮਾਂ-ਬੋਲੀ ਮਾਂ ਦੇ ਦੁੱਧ ਤੋਂ ਸਿਖਦੇ ਹਾਂ ਅਤੇ ਮੌਤ ਦੇ ਕੀਰਨਿਆਂ ਤੱਕ ਸਿਖਦੇ ਰਹਿੰਦੇ ਹਾਂ। ਛੋਟੇ-ਬੱਚੇ ਨੂੰ ਲੋਰੀਆਂ ਮਾਂ-ਬੋਲੀ ਵਿਚ ਹੀ ਦਿੱਤੀਆਂ ਜਾਂਦੀਆਂ ਹਨ। ਮਾਂ-ਬੋਲੀ ਵਿਚ ਅਸੀਂ ਆਪਣੇ ਮਨ ਦੇ ਭਾਵ ਪ੍ਰਗਟ ਕਰ ਸਕਦੇ ਹਾਂ। ਆਪਣੇ ਦਿਲ ਦੀ ਗੱਲ ਖੁਲ੍ਹ ਕੇ ਕਰ ਸਕਦੇ ਹਾਂ। ਓਪਰੀ ਬੋਲੀ ਵਿਚ ਭਾਵ ਪ੍ਰਗਟ ਕਰਨ ਲਈ ਸਾਨੂੰ ਉਚੇਚ ਕਰਨਾ ਪੈਂਦਾ ਹੈ। ਅੰਤ ਵਿਚ ਕਈ ਵਾਰ ਇੰਝ ਲਗਦਾ ਹੈ ਕਿ ਜਿਵੇਂ ਅਸੀਂ ਝੂਠ ਬੋਲ ਰਹੇ ਹਾਂ। ਤਾਂ ਹੀ ਪਾਕਿਸਤਾਨ ਦੇ ਪ੍ਰਸਿੱਧ ਪ੍ਰੋਫੈਸਰ ਅਲਾਉਦੀਨ ਖਾਨ ਨੇ ਲਿਖਿਆ ਹੈ, "ਅੱਜ ਮੈਂ ਪਹਿਲੀ ਵਾਰ ਕਿਸੇ ਜਲਸੇ ਵਿਚ ਆਪਣੀ ਮਾਂ-ਬੋਲੀ ਪੰਜਾਬੀ ਬੋਲ ਰਿਹਾ ਹਾਂ ਅਤੇ ਮਹਿਸੂਸ ਕਰ ਰਿਹਾ ਹਾਂ ਕਿ ਮੈਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਸੱਚ ਬੋਲ ਰਿਹਾ ਹਾਂ।"

ਅਚਾਨਕ ਦੁੱਖ ਤਕਲੀਫ ਵੇਲੇ ਆਪਣੀ ਮਾਂ ਨੂੰ ਯਾਦ ਕੀਤਾ ਜਾਂਦਾ ਹੈ ਕਿਉਂਕਿ ਮਾਂ ਹੀ ਸਾਡੇ ਦੁਖ ਸੁਖ ਵਿਚ ਹਰ ਦਮ ਸਾਡਾ ਸਾਥ ਦਿੰਦੀ ਹੈ। ਮਾਂ ਨਾਲ ਸਾਡਾ ਅਟੁੱਟ ਅਤੇ ਪਵਿੱਤਰ ਰਿਸ਼ਤਾ ਹੈ। ਇਸੇ ਤਰ੍ਹਾਂ ਮਾਂ-ਬੋਲੀ ਨਾਲ ਵੀ ਸਾਡਾ ਸਹਿਜ ਸੁਭਾਵਿਕਤਾ ਵਾਲਾ ਰਿਸ਼ਤਾ ਹੈ। ਮਾਂ-ਬੋਲੀ ਵਿਸ਼ੇਸ਼ ਗੁਣਾਂ ਨਾਲ ਲੱਦੀ ਹੁੰਦੀ ਹੈ। ਇਨ੍ਹਾਂ ਗੁਣਾਂ ਕਰਕੇ ਹੀ ਨਾਨਾ ਫਰਨਵੀਸ ਨੇ ਇਕ ਵਿਦਵਾਨ ਦੀ ਮਾਂ-ਬੋਲੀ ਪਛਾਣ ਲਈ ਸੀ। ਉਹ ਵਿਦਵਾਨ ਕਈ ਬੋਲੀਆਂ ਬੋਲਣ ਦੀ ਸਮਰਥਾ ਰਖਦਾ ਸੀ ਇਸ ਕਰਕੇ। ਉਸ ਦੀ ਮਾਂ-ਬੋਲੀ ਦੀ ਪਰਖ ਕਰਨੀ ਮੁਸ਼ਕਲ ਸੀ। ਨਾਨਾ ਸਾਹਿਬ ਨੇ ਵਿਦਵਾਨ ਨੂੰ ਆਪਣੇ ਪਾਸ ਠਹਿਰਾ ਲਿਆ। ਇਕ ਦਿਨ ਜਦੋਂ ਉਹ ਵਿਦਵਾਨ ਸੁੱਤਾ ਹੋਇਆ ਸੀ ਤਾਂ ਨਾਨਾ ਸਾਹਿਬ ਨੇ ਪਾਣੀ ਦੀ ਇਕ ਭਰੀ ਹੋਈ ਬਾਲਟੀ ਉਸ ਉਪਰ ਡੋਲ੍ਹ ਦਿਤੀ। ਵਿਦਵਾਨ ਉਠਦਿਆਂ ਹੀ ਚੀਕਿਆ, "ਹਾਇ ਮਾਂ, ਮਰੀ ਗਇਉ।" ਨਾਨਾ ਸਾਹਿਬ ਕਹਿਣ ਲੱਗੇ: "ਤੇਰੀ ਮਾਂ-ਬੋਲੀ ਗੁਜਰਾਤੀ ਹੈ।" ਭਾਵੇਂ ਕੋਈ ਮਾਂ ਬੋਲੀ ਤੋਂ ਵੱਖ ਹੋਣ ਦਾ ਲੱਖ ਯਤਨ ਕਰੇ ਪਰ ਉਹ ਆਪਣੀ ਮਾਂ-ਬੋਲੀ ਤੋਂ ਵੱਖ ਨਹੀਂ ਹੋ ਸਕਦਾ ਜਿਵੇਂ ਮਾਂ ਦੀ ਥਾਂ ਮਾਸੀ ਨਹੀਂ ਲੈ ਸਕਦੀ।

ਕਈ ਲੋਕ ਮਾਂ-ਬੋਲੀ ਨੂੰ ਛੱਡ ਕੇ ਅੰਗਰੇਜ਼ੀ ਨੂੰ ਮੂੰਹ ਮਾਰਨ ਲੱਗ ਪੈਂਦੇ ਹਨ ਉਨ੍ਹਾਂ ਨੂੰ ਅੰਗਰੇਜ਼ੀ ਵਾਲਾ ਮੂੰਹ ਵੀ ਨਹੀਂ ਬਣਾਉਣਾ ਆਉਂਦਾ ਅਤੇ ਪੰਜਾਬੀ ਵਲੋਂ ਭਾਵ ਮਾਂ-ਬੋਲੀ ਵਲੋਂ ਵੀ ਕੋਰੇ ਰਹਿ ਜਾਂਦੇ ਹਨ। ਗੁਰੂ ਅਮਰਦਾਸ ਜੀ ਕਿੰਨਾ ਸੁਹਣਾ ਇਸ਼ਾਰਾ "ਵਡਹੰਸ ਦੀ ਵਾਰ' ਵਿਚ ਕਰਦੇ ਹਨ :—

ਹੰਸਾ ਦੇਖ ਤਰੰਦਿਆ ਬਗਾਂ ਭੀ ਆਇਆ ਚਾਉ।
ਡੁਬਿ ਮੁਏ ਬਗ ਬਪੁੜੇ ਸਿਰ ਤਲਿ ਉਪਰਿ ਪਾਉ।

ਭਾਵ ਹੰਸਾ ਨੂੰ ਤੁਰਦਿਆਂ ਵੇਖ ਕੇ ਬਗਲਿਆਂ ਨੂੰ ਵੀ ਚਾਅ ਆਇਆ। ਜਿਉਂ ਹੀ ਵਿਚਾਰੇ ਪਾਣੀ ਵਿਚ ਤਰਨ ਲਈ ਗਏ ਤਾਂ ਪਾਣੀ ਵਿਚ ਡੁੱਬ ਕੇ ਮਰ ਗਏ। ਉਨ੍ਹਾਂ ਦਾ ਸਿਰ ਹੇਠਾਂ ਨੂੰ ਅਤੇ ਪੈਰ ਉਪਰ ਨੂੰ ਹੋ ਗਏ।

ਅਸੀਂ ਆਪਣੀ ਮਾਂ-ਬੋਲੀ ਨੂੰ ਕਿਉਂ ਭੁੱਲਦੇ ਹਾਂ? ਇਸ ਨਾਲ ਕਿਉਂ ਨਹੀਂ ਪਿਆਰ ਪਾਉਂਦੇ? ਸਾਡੇ ਵਿਚ ਕੁਝ ਕਮੀਆਂ ਹਨ। ਬਾਬੂ ਫਿਰੋਜ਼ ਦੀਨ ਸ਼ਰਫ ਨੇ ਮਾਂ-ਬੋਲੀ ਨੂੰ ਚਾਰ ਚੰਨ ਲਾਣ ਲਈ ਇਕ ਹੋਕਾ ਦਿਤਾ ਹੈ :—

ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ
ਆਸ਼ਕ ਮੁੱਢੋਂ ਮੈਂ ਇਸ ਉਮੰਗ ਦਾ ਹਾਂ।
ਵਾਰਸ ਸ਼ਾਹ ਤੇ ਬੁੱਲ੍ਹੇ ਦੇ ਰੰਗ ਅੰਦਰ
ਡੋਬ ਡੋਬ ਕੇ ਜ਼ਿੰਦਗੀ ਰੰਗਦਾ ਹਾਂ।
ਰਵਾਂ ਏਥੇ ਤੇ ਯੂ. ਪੀ. 'ਚੋਂ ਕਰਾਂ ਗੱਲਾਂ
ਐਸੀ ਅਕਲ ਛਿੱਕੇ ਉਤੇ ਟੰਗਦਾ ਹਾਂ।
ਮੈਂ ਪੰਜਾਬੀ, ਪੰਜਾਬੀ ਦਾ 'ਸ਼ਰਫ' ਸੇਵਕ
ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ।

ਪ੍ਰੋ: ਪੂਰਨ ਸਿੰਘ ਹੁਰਾਂ ਵੀ ਪੰਜਾਬ ਵਿਚ ਜਨਮ ਲੈਣ ਨੂੰ ਅਤੇ ਮਾਂ-ਬੋਲੀ ਨਾਲ ਪਿਆਰ ਕਰਨ ਨੂੰ ਅਮੁੱਲ ਚੀਜ਼ ਦੱਸਿਆ ਹੈ।

ਜਦੋਂ ਅਸੀਂ ਕੋਈ ਸੰਗੀਤ ਦੀ ਧੁਨ ਸੁਣਦੇ ਹਾਂ ਤੇ ਉਹ ਸਾਡੇ ਮਨ ਨੂੰ ਖਿਚ ਪਾਉਂਦੀ ਹੈ ਤਾਂ ਆਪਣੀ ਮਾਂ-ਬੋਲੀ ਵਿਚ ਕਿਸੇ ਗੀਤ ਨਾਲ ਸੰਗੀਤ ਦੀ ਧੁਨ ਖਿਚ ਕਿਉਂ ਨਹੀਂ ਪਾਵੇਗੀ? ਸਾਡਾ ਪੈਰ ਮੱਲੋ-ਮੱਲੀ ਉਠਣ ਲਗ ਪੈਂਦਾ ਹੈ।

ਸਾਉਣ ਦੇ ਮਹੀਨੇ ਜੋਬਨ-ਮੱਤੀਆਂ ਮੁਟਿਆਰਾਂ ਪੂਰੇ ਦੀ ਵਾਅ ਨਾਲ ਮਦ[...] ਜਦੋਂ ਗਿੱਧੇ ਵਿਚ ਗੇੜਾ ਦਿੰਦੀਆਂ ਹਨ ਤਾਂ ਧਰਤੀ ਨੂੰ ਕੰਬਣ ਲਾ ਦਿੰਦੀਆਂ [...] ਟਿਕੀ ਰਾਤ ਕਿਧਰੇ ਪਿੰਡ ਦੇ ਵਿਆਹ ਵਿਚ ਮੇਲਣਾਂ ਜਦੋਂ 'ਜਾਗੋ' ਲੈ [...] ਤੁਰਦੀਆਂ ਹਨ ਤਾਂ ਲੋਕ ਰਜ਼ਾਈਆਂ 'ਚੋਂ ਉਠ ਉਠ ਕੇ ਉਨ੍ਹਾਂ ਨੂੰ ਦੇਖਣ ਸੁ[...] ਲਈ ਆ ਜਾਂਦੇ ਹਨ। ਕਿਧਰੇ ਹਾਲੀ ਹਲ ਵਾਹੁੰਦਾ ਹੀਰ ਦੇ ਟੱਪੇ ਅਤੇ ਪਾ[...] ਮਿਰਜ਼ੇ ਦੀ ਸੱਦ ਲਾ ਰਿਹਾ ਹੈ। ਤਾਂ ਸਰੂਰ ਦੀਆਂ ਤਾਰਾਂ ਸਾਡੇ ਰੋਮ ਰੋਮ ਨੂੰ ਝੂਣ[...] ਰੱਖ ਦਿੰਦੀਆਂ ਹਨ। ਕਵਿਤਾ, ਗੀਤ ਜਾਂ ਕਹਾਣੀ ਪੜ੍ਹਨ ਵਿਚ ਕਿਹੜਾ ਘ[...] ਮਜ਼ਾ ਆਉਂਦਾ ਹੈ। ਉਸ ਦਾ ਆਪਣਾ ਹੀ ਆਨੰਦ ਹੈ। ਤਾਂ ਹੀ ਪੰਡਿਤ ਨਹਿਰੂ [...] ਇਕ ਥਾਂ ਲਿਖਦੇ ਹਨ ਕਿ "ਇਕ ਜਿਊਂਦੀ ਬੋਲੀ ਫੁਲਦੀ ਫਲਦੀ ਹੈ ਕੋਈ ਕੌ[...] ਆਪਣੀ ਮਾਂ-ਬੋਲੀ ਰਾਹੀਂ ਹੀ ਸਭਿਅਤਾ ਅਤੇ ਵਿਦਿਆ ਵਿਚ ਉਚਤਾ ਪ੍ਰਾਪ[...] ਕਰ ਸਕਦੀ ਹੈ।" ਇਹੀ ਕਾਰਨ ਹੈ ਕਿ ਅਸੀਂ ਮਾਂ-ਬੋਲੀ ਜਾਂ ਪ੍ਰਾਂਤਕ ਬੋਲੀ ਉਪ[...] ਜ਼ੋਰ ਦਿੰਦੇ ਹਾਂ।

ਸਵਰਗਵਾਸੀ ਬਲਰਾਜ ਸਾਹਨੀ ਆਪਣੀ ਪੁਸਤਕ 'ਯਾਦਾਂ ਦੇ ਝਰੋਖੇ 'ਚੋਂ ਵਿਚ ਲਿਖਦੇ ਹਨ ਕਿ "ਜਦ ਮੈਂ ਰਬਿੰਦਰ ਨਾਥ ਟੈਗੋਰ ਨੂੰ ਦੱਸਿਆ ਕਿ ਮੈਂ ਪੰਜਾਬੀ ਨਹੀਂ ਸਗੋਂ ਹਿੰਦੀ ਵਿਚ ਲਿਖਦਾ ਹਾਂ ਤਾਂ ਉਨ੍ਹਾਂ ਪੁੱਛਿਆ, ਪੰਜਾਬੀ 'ਚ ਕਿਉਂ ਨਹੀਂ ਲਿਖਦਾ? ਤਾਂ ਮੈਂ ਜੁਆਬ ਦਿਤਾ ਕਿ ਪੰਜਾਬੀ ਤੇ ਖਰਵ੍ਹੀ ਅਤੇ ਪੱਛੜੀ ਜ਼ਬਾਨ ਐ, ਇਸ ਨੂੰ ਕਿਤੇ ਕਿੰਨੇ ਕੁ ਲੋਕ ਪੜ੍ਹਦੇ ਨੇ? ਤਾਂ ਟੈਗੋਰ ਸਾਹਿਬ ਨੇ ਕਿਹਾ, ਜਿਸ ਜ਼ਬਾਨ 'ਚ ਗੁਰੂ ਨਾਨਕ ਵਰਗਿਆਂ ਲਿਖਿਆ ਹੋਵੇ ਉਹ ਜਬਾਨ ਪਛੜੀ ਖਰਵੀ ਕਿਵੇਂ ਹੋ ਸਕਦੀ ਹੈ? ਮੈਂ ਖੁਦ ਬੰਗਾਲੀ ਵਿਚ ਲਿਖਦਾਂ ਮੈਨੂੰ ਸਾਰਾ ਸੰਸਾਰ ਪੜ੍ਹਦੈ।" ਗੱਲ ਸਿਰਫ ਪਛੜੀ ਜ਼ਬਾਨ ਦੀ ਨਹੀਂ ਹੈ, ਆਪਣੇ ਵਿਚਾਰਾਂ ਦੀ ਹੈ ਕਿ ਅਸੀਂ ਕੀ ਲਿਖਦੇ ਹਾਂ? ਰੂਸ ਦੇ ਪ੍ਰਸਿੱਧ ਲਿਖਾਰੀ ਰਸੂਲ ਹਮਜ਼ਾਤੋਵ ਨੇ ਆਪਣੀ ਪੁਸਤਕ 'ਮੇਰਾ ਦਾਗਿਸਤਾਨ' ਆਪਣੀ ਮਾਂ-ਬੋਲੀ 'ਅਵਾਰ' ਵਿਚ ਲਿਖੀ ਹੈ ਅਤੇ ਦੁਨੀਆਂ ਦੀ ਹਰ ਜ਼ਬਾਨ ਵਿਚ ਇਸ ਪੁਸਤਕ ਦਾ ਅਨੁਵਾਦ ਹੋ ਚੁਕਾ ਹੈ।

ਕਈ ਸੱਜਣਾਂ ਨੂੰ ਕਹਿੰਦੇ ਸੁਣਿਆ ਹੈ ਕਿ ਪੰਜਾਬੀ ਗਵਾਰਾਂ ਜਾਂ ਨਿਰੀ ਸਿੱਖਾਂ ਦੀ ਹੀ ਬੋਲੀ ਹੈ। ਇਹ ਉਨ੍ਹਾਂ ਲੋਕਾਂ ਦੀ ਸ਼ਿਕਾਇਤ ਹੈ ਜੋ ਮਾਂ-ਬੋਲੀ ਦੀ ਊੜਾ-ਐੜਾ ਵੀ ਨਹੀਂ ਜਾਣਦੇ। ਉਹ ਐਵੇਂ ਹੀ ਨੱਕ ਚਾੜ੍ਹੀ ਜਾਣਗੇ। ਉਨ੍ਹਾਂ ਭਲੇਮਾਣਸਾਂ ਨੂੰ ਕੋਈ ਪੁੱਛੇ ਜੇ ਇਕ ਕਿਤਾਬ ਸਾਡੇ ਸਾਹਮਣੇ ਪਈ ਹੈ ਜਿੰਨਾ ਚਿਰ ਅਸੀਂ ਉਸ ਕਿਤਾਬ ਨੂੰ ਨਹੀਂ ਪੜ੍ਹਾਂਗੇ, ਸਾਨੂੰ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਇਸ ਕਿਤਾਬ ਦੀ ਵਿਚਾਰਧਾਰਾ ਕੀ ਹੈ? ਕੀ ਸਿਖਿਆ ਮਿਲਦੀ ਹੈ? ਮਾਂ-ਬੋਲੀ ਪੰਜਾਬੀ ਨੂੰ ਹੀ ਪੜ੍ਹ ਕੇ ਪੰਜਾਬੀ ਦੁਨੀਆਂ ਦੇ ਕੋਨੇ ਕੋਨੇ ਉਚ ਪਦਵੀਆਂ 'ਤੇ ਬਿਰਾਜਮਾਨ ਹਨ। ਉਹ ਆਪਣੀ ਮਾਂ-ਬੋਲੀ ਵਿਚ ਵੀ ਵਿਦਿਆ ਗ੍ਰਹਿਣ ਕਰ ਕੇ ਇੰਗਲੈਂਡ, ਕੈਨੇਡਾ, ਅਮਰੀਕਾ, ਜਰਮਨੀ ਅਤੇ ਸਿੰਘਾਪੁਰ ਪਹੁੰਚੇ ਹਨ। ਜੇ ਇਹ ਗਵਾਰਾਂ ਦੀ ਬੋਲੀ ਹੁੰਦੀ ਤਾਂ ਇਹ ਸਭ ਕੁਝ ਅਸੰਭਵ ਸੀ। ਇਹ ਸਿਰਫ ਸਿੱਖਾਂ ਦੀ ਵੀ ਬੋਲੀ ਨਹੀਂ ਹੈ। ਬੋਲੀ ਕਿਸੇ ਖਾਸ ਧਰਮ ਅਤੇ ਮਜ਼੍ਹਬ ਨਾਲ ਬੱਝੀ ਨਹੀਂ ਹੁੰਦੀ, ਸਗੋਂ ਇਲਾਕੇ ਦੇ ਰਹਿਣ ਵਾਲੇ ਸਾਰੇ ਲੋਕਾਂ ਦੀ ਹੁੰਦੀ ਹੈ। ਜੇ ਇਹ ਸਿਰਫ ਸਿੱਖਾਂ ਦੀ ਬੋਲੀ ਹੁੰਦੀ ਤਾਂ ਗੈਰ-ਸਿਖ ਇਸ ਬੋਲੀ ਵਿਚ ਉਚਾ ਸਾਹਿਤ ਕਿਉਂ ਰਚਦੇ। ਲਾਲਾ ਧਨੀ ਰਾਮ ਚਾਤ੍ਰਿਕ ਮਾਣ ਨਾਲ ਆਪਣੀਆਂ ਤ੍ਰੈ-ਮਾਵਾਂ ਵਾਲੀ ਕਵਿਤਾ ਕਿਉਂ ਲਿਖਦੇ? ਉਨ੍ਹਾਂ ਦਾ ਪੰਜਾਬੀ ਨਾਲ ਅਥਾਹ ਪਿਆਰ ਸੀ। ਇਥੋਂ ਤਕ ਕਿ ਬਾਬਾ ਫਰੀਦ ਜੀ ਨੇ ਬਾਰ੍ਹਵੀਂ ਸਦੀ ਵਿਚ ਪੰਜਾਬੀ ਬੋਲੀ ਵਿਚ ਬਾਣੀ ਉਚਾਰੀ ਅਤੇ ਪੰਜਾਬੀ ਬੋਲੀ ਦਾ ਢੁੱਕ ਬੰਨ੍ਹਿਆ, ਮੂੰਹ ਮੱਥਾ ਸੁਆਰਿਆ। ਬਾਅਦ ਵਿਚ ਸ਼ਾਹ ਹੁਸੈਨ, ਹਾਸ਼ਮ, ਵਾਰਸ, ਕਾਦਰ ਯਾਰ, ਬਾਵਾ ਬਲਵੰਤ, ਨੂਰਪੁਰੀ, ਬਟਾਲਵੀ, ਤਿਵਾੜੀ, ਗਾਰਗੀ, ਅਹੂਜਾ ਅਤੇ ਸਹਿਰਾਈ ਵਰਗਿਆਂ ਪੰਜਾਬੀ ਮਾਂ-ਬੋਲੀ ਨੂੰ ਉਚਿਆਂ ਚੁਕਿਆ।

ਅਸਲ ਗੱਲ ਇਹ ਹੈ ਕਿ ਇਹ ਦੋਸ਼ ਲਾਉਣ ਵਾਲੇ ਲੋਕ ਦਿਲੋਂ ਮਾਂ-ਬੋਲੀ ਨੂੰ ਨਹੀਂ ਸਵੀਕਾਰਦੇ ਅਤੇ ਸੰਘ ਪਾੜ ਪਾੜ ਕੇ ਹਿੰਦੀ ਦਾ ਹੋਕਾ ਦੇਣ ਲੱਗ ਪੈਂਦੇ ਹਨ ਇਹੋ ਜਿਹੇ ਹਿੰਦੀ ਦੇ ਅਖੌਤੀ ਝੰਡਾ-ਬਰਦਾਰਾਂ ਨੂੰ ਆਪਣੀ ਮਾਂ-ਬੋਲੀ ਨਾਲ ਮੋਹ ਨਹੀਂ ਹੈ। ਭਾਵੇਂ ਉਨ੍ਹਾਂ ਦੇ ਘਰ ਦੀ ਬੋਲੀ ਅਤੇ ਆਮ ਜੀਵਨ ਦੀ ਬੋਲੀ ਪੰਜਾਬੀ ਹੀ ਹੈ। ਜਦੋਂ ਉਨ੍ਹਾਂ ਨੂੰ ਸੁਆਲ ਕੀਤਾ ਜਾਵੇ ਕਿ ਤੁਹਾਡੀ ਮਾਂ-ਬੋਲੀ ਕਿਹੜੀ ਹੈ, ਤਾਂ ਕਹਿਣਗੇ "ਹਿੰਦੀ"। ਨਾਲ ਹੀ ਇਹ ਵੀ ਜਵਾਬ ਮਿਲਦਾ ਹੈ ਕਿ ਬੋਲ-ਚਾਲ ਦੀ ਪੰਜਾਬੀ ਬੋਲੀ ਹੈ ਪਰ ਲਿਖਵਾਉਣ ਵਾਲੀ ਹਿੰਦੀ। ਕਿੰਨੇ ਦੁੱਖ ਦੀ ਗੱਲ ਹੈ ਕਿ ਮਾਂ ਦੇ ਢਿੱਡੋਂ ਕੱਢੇ ਹੋਏ ਧੀਆਂ-ਪੁੱਤਰ ਇਸ ਨੂੰ ਆਪਣੀ ਮਾਂ ਨਹੀਂ ਮੰਨਦੇ। ਇਹ ਪੰਜਾਬੀ ਜ਼ਬਾਨ ਲਈ ਬਦਕਿਸਮਤੀ ਵਾਲੀ ਗੱਲ ਹੈ। ਇਸ ਤੋਂ ਵੱਧ ਹੋਰ ਅਨਿਆਂ ਕੀ ਹੋ ਸਕਦਾ ਹੈ?

ਦਰਸ਼ਨ ਸਿੰਘ ਕਨੇਡੀਅਨ ਕੁਝ ਯਾਦਗਾਰੀ ਗੱਲਾਂ

(ਗੁਰਸ਼ਰਨ ਸਿੰਘ)

ਕਾਮਰੇਡ ਕੈਨੇਡੀਅਨ ਇਕ ਖਾਸ ਮਿੱਟੀ ਦੇ ਬਣੇ ਹੋਏ ਸਨ। ਉਨ੍ਹਾਂ ਦੀਆਂ ਕੁਝ ਅਦਭੁਤ ਗੱਲਾਂ ਪੇਸ਼ ਹਨ :

- ਜਦ ਉਹ ਵਧਾਇਕ ਸਨ ਤਾਂ ਚੰਡੀਗੜ੍ਹ ਜਾਣਾ ਸੀ। ਬਸ ਵਿਚ ਸਵਾਰੀਆਂ ਬਹੁਤ ਹੋਣ ਕਰਕੇ ਛੱਤ ਉਪਰ ਚੜ੍ਹਕੇ ਬੈਠ ਗਏ। ਕੰਡਕਟਰ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਥੱਲੇ ਲਿਆਂਦਾ।
- ਇਨਕਾਰ ਕਰਨ ਦੇ ਬਾਵਜੂਦ 1985 ਦੀਆਂ ਚੋਣਾਂ ਵਿਚ ਪਾਰਟੀ ਨੇ ਉਨ੍ਹਾਂ ਨੂੰ ਖੜਾ ਕਰ ਦਿਤਾ ਤੇ ਆਖਣ ਲੱਗੇ : ਮੈਨੂੰ ਪਾਰਟੀ ਨੇ ਫੇਰ ਜੋੜ ਲਿਆ ਹੈ ਪਾਰਟੀ ਕਹਿੰਦੀ ਹੈ ਕਿ ਇਹ ਪੰਜਾਲੀ ਤੇਰੀ ਧੌਣ ਹੀ ਫਿਟ ਆਉਂਦੀ ਹੈ। ਮੈਂ ਤਾਂ ਕਹਿੰਦਾ ਸੀ ਕੋਈ ਨਵਾਂ ਵਹਿੜਕਾ ਜੋੜ ਲਓ।" ਤੇ ਫਿਰਕੂ ਝੱਖੜ ਦੇ ਬਾਵਜੂਦ 17 ਹਜ਼ਾਰ ਤੋਂ ਉਪਰ ਵੋਟ ਲੈ ਗਏ।
- ਉਹ ਦਹਿਸ਼ਤਗਰਦੀ ਨਾਲ ਬਹੁਤੇ ਪ੍ਰਭਾਵਤ ਇਲਾਕਿਆਂ ਵਿਚ ਜਾਣ ਲਗੇ ਤਾਂ ਕੁਝ ਦੋਸਤਾਂ ਨੇ ਆਖਿਆ ਤੁਸੀਂ ਜ਼ਰਾ ਖਿਆਲ ਨਾਲ ਚਲੋ ਤਾਂ ਉਤਰ ਦਿਤਾ, "ਲੋਕਾਂ ਨੂੰ ਲੋੜ ਤਾਂ ਸਾਡੀ ਹੁਣ ਹੈ, ਫੇਰ ਸਾਨੂੰ ਫੋੜੇ ਉਤੇ ਰਗੜ ਕੇ ਲਾਉਣਾ ਹੈ।"
- 24 ਸਤੰਬਰ ਜਲੰਧਰ ਤੋਂ ਰਈਆ ਜਾਣ ਲਗਿਆਂ ਉਹਨਾਂ ਇਕ ਸਾਥੀ ਨੂੰ ਆਖਿਆ ਕਿ "ਮੈਨੂੰ ਖੁਸ਼ੀ ਹੈ ਕਿ ਨਵੀਂ ਪਨੀਰੀ ਹੁੰਗਾਰਾ ਭਰ ਰਹੀ ਹੈ। ਸਾਡੇ ਸਾਹ ਤਾਂ ਉਧਾਰੇ ਹੀ ਹਨ।"

ਇਸ ਤੋਂ ਬਾਅਦ ਉਨ੍ਹਾਂ ਕੇਵਲ 24 ਘੰਟੇ ਹੀ ਸਾਹ ਲਿਆ।

ਐਨ. ਡੀ. ਪੀ. ਦੋ ਸੀਟਾਂ ਹੋਰ ਜਿੱਤ ਗਈ

ਜੋਨ ਸਮਾਲਵੁਡ ਤੇ ਡਾਰਲੀਨ ਮਰਜਾਰੀ ਨੇ ਸੀਟਾਂ ਜਿੱਤੀਆਂ ।


JOAN SMALLWOOD


DARLENE MARZARI

ਸ਼ੈਕਸ਼ਨ 80 ਦੀਆਂ ਵੋਟਾਂ ਦੀ ਗਿਣਤੀ ਨੇ ਐਨ. ਡੀ. ਪੀ. ਨੂੰ ਦੋ ਸੀਟਾਂ ਹੋਰ ਦੇ ਕੇ ਕੁਲ ਗਿਣਤੀ 22 ਕਰ ਦਿੱਤੀ ਹੈ ।

ਸਰੀ-ਗਿਲਫਰਡ ਵੈਲੀ ਚੋਣ ਹਲਕੇ ਤੋਂ ਜਿਥੇ ਕਿ ਐਨ. ਡੀ. ਪੀ. ਦੀ ਉਮੀਦਵਾਰ ਜੋਨ ਸਮਾਲਵੁਡ ਪਹਿਲਾਂ 34 ਵੋਟਾਂ ਨਾਲ ਪਿਛੇ ਸੀ, ਸ਼ੈਕਸ਼ਨ 80 ਦੀਆਂ ਵੋਟਾਂ ਦੀ ਗਿਣਤੀ ਤੋਂ ਬਾਅਦ 158 ਨਾਲ ਜੇਤੂ ਕਰਾਰ ਦਿਤੀ ਗਈ ਹੈ ਐਨ. ਡੀ. ਪੀ. ਨੂੰ ਦੂਜੀ ਜਿੱਤ ਵੈਨਕੂਵਰ ਪੋਇੰਟ ਗਰੇਅ ਹਲਕੇ ਤੋਂ ਮਿਲੀ । ਇਥੇ ਇਹ ਸੀਟ ਪਾਰਟੀ ਦੀ ਉਮੀਦਵਾਰ ਡਾਰਲੀਨ ਮਾਰਜਰੀ ਨੇ ਸਾਇੰਸ ਅਤੇ ਅੰਤਰਰਾਸ਼ਟਰੀ ਵਪਾਰ ਮੰਤਰੀ ਮੈਕਗੀਰ ਨੂੰ ਹਰਾ ਕੇ ਜਿੱਤੀ ।

ਐਨੰ. ਡੀ. ਪੀ. ਨੇ ਕੈਮਲੂਪਸ 'ਚ ਵੀ ਦੁਆਰਾ ਗਿਣਤੀ ਕਰਾਏ ਜਾਣ ਦੀ ਮੰਗ ਕੀਤੀ ਹੈ ।

ਦੋ ਸੀਟਾਂ ਹੱਥੋਂ ਗੁਆਉਣ ਨਾਲ ਸੋਕਰਡ ਪਾਰਟੀ ਦੇ ਮੈਂਬਰਾਂ ਦੀ ਗਿਣਤੀ ਘੱਟ ਕੇ 47 ਰਹਿ ਗਈ ਹੈ ।

ਅਬ ਕੋਈ ਗੁਲਸ਼ਨ ਨਾ ਉਜੜੇ
ਅਬ ਵਤਨ ਆਜ਼ਾਦ ਹੈ ।
ਰੂਹ ਗੰਗਾ ਕੀ ਹਿਮਾਲਯ
ਕਾ ਬਦਨ ਆਜ਼ਾਦ ਹੈ ।

ਪਾਕਿਸਤਾਨ ਪ੍ਰਮਾਣੂ ਬੰਬ ਬਣਾਉਣ ਦੇ ਨੇੜੇ

ਵਾਸ਼ਿੰਗਟਨ — 'ਵਾਸ਼ਿੰਗਟਨ ਪੋਸਟ' ਦੀ ਇਤਲਾਹ ਅਨੁਸਾਰ ਪਾਕਿਸਤਾਨ ਨੇ ਪ੍ਰਮਾਣੂ ਬੰਬ ਬਣਾਉਣ ਲਈ ਯੂਰੇਨੀਅਮ ਤਿਆਰ ਕਰ ਲਿਆ ਹੈ ਅਤੇ ਪਾਕਿਸਤਾਨ ਨੇ ਪਿਛਲੇ ਮਹੀਨੇ ਇਸ ਦੀ ਪਰਖ ਵੀ ਕੀਤੀ ਹੈ ।

ਅਖਬਾਰ ਨੇ ਅਮਰੀਕੀ ਸੁਰੱਖਿਆ ਇੰਨਟੈਲੀਜੈਂਸ ਏਜੰਸੀ ਦੀ ਇਕ ਰਿਪੋਰਟ ਦਾ ਹਵਾਲਾ ਦਿਤਾ ਹੈ । ਰਿਪੋਰਟ ਅਨੁਸਾਰ ਇਸ ਧਮਾਕੇ ਤੋਂ ਲਗਦਾ ਹੈ ਕਿ ਪਾਕਿਸਤਾਨ ਪ੍ਰਮਾਣੂ ਬੰਬ ਬਣਾਉਣ ਦੇ ਬਹੁਤ ਨੇੜੇ ਆ ਪਹੁੰਚਿਆ ਹੈ ।

ਉਧਰ ਭਾਰਤੀ ਅਧਿਕਾਰੀਆਂ ਨੇ ਇਸ ਖਬਰ ਨੂੰ ਅਮਰੀਕਾ ਦੀ ਗਲਤ ਫਹਿਮੀ ਦੱਸਿਆ ਹੈ । ਭਾਰਤ ਪਾਕਿਸਤਾਨ ਦੇ ਪ੍ਰਮਾਣੂ ਪ੍ਰੋਗਰਾਮਾਂ ਉਪਰ ਕੜੀ ਨਜ਼ਰ ਰੱਖ ਰਿਹਾ ਹੈ । ਅਧਿਕਾਰੀਆਂ ਅਨੁਸਾਰ ਅਮਰੀਕਾ ਨੇ ਇਕ ਭੂਚਾਲ ਨੂੰ ਪ੍ਰਮਾਣੂ ਤਜਰਬਾ ਸਮਝ ਲਿਆ ।

ਇਸੇ ਸਮੇਂ ਅਮਰੀਕਾ ਨੇ ਪਾਕਿਸਤਾਨ ਨੂੰ ਚਿਤਾਵਨੀ ਦਿਤੀ ਹੈ ਕਿ ਜੇ ਉਹਨੇ ਪ੍ਰਮਾਣੂ ਬੰਬ ਬਣਾਇਆ ਤਾਂ ਇਸਦੇ ਗੰਭੀਰ ਸਿੱਟੇ ਨਿਕਲਣਗੇ । ਪਾਕਿਸਤਾਨ ਨੂੰ ਦਿੱਤੀ ਜਾਂਦੀ ਅਮਰੀਕਨ ਸਹਾਇਤਾ ਵੀ ਬੰਦ ਕੀਤੀ ਜਾ ਸਕਦੀ ਹੈ ।

ਹੁਣੇ ਹੁਣੇ ਪੁੱਜੀ ਖਬਰ ਅਨੁਸਾਰ ਪਾਕਿਸਤਾਨ ਨੇ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ ਕਿ ਪਾਕਿਸਤਾਨ ਪ੍ਰਮਾਣੂ ਬੰਬ ਬਣਾ ਰਿਹਾ ਹੈ ।

ਹਵਾਈ ਹਾਦਸੇ 'ਚ 103 ਈਰਾਨੀ ਫੌਜੀ ਮਰੇ

ਤਹਿਰਾਨ — ਇਰਾਨ ਦੇ ਇਕ ਮਿਲਟਰੀ ਹਵਾਈ ਜਹਾਜ਼ ਨੂੰ ਹਾਦਸਾ ਪੇਸ਼ ਆਉਣ ਨਾਲ 103 ਫੌਜੀਆਂ ਦੇ ਮਰ ਜਾਣ ਦੀ ਖਬਰ ਹੈ । ਇਰਾਨੀ ਅਧਿਕਾਰੀਆਂ ਅਨੁਸਾਰ ਇਹ ਦੁਰਘਟਨਾ ਅਫਗਾਨ ਬਾਰਡਰ ਨੇੜੇ ਵਾਪਰੀ ।

ਇਹ ਦੁਰਘਟਨਾ ਗ੍ਰਸਤ ਹਵਾਈ ਜਹਾਜ਼ ਫੌਜੀਆਂ ਨੂੰ ਲੈ ਕੇ ਜਾ ਰਿਹਾ ਸੀ । ਘਟਨਾ ਦਾ ਕਾਰਨ ਉਚਾਈ ਮਾਪਕ ਯੰਤਰ ਦਾ ਟੁੱਟ ਜਾਣਾ ਦੱਸਿਆ ਗਿਆ ਹੈ ।

ਟੈਲੀਫੋਨ ਨਿਊਜ਼ ਸਰਵਿਸ

ਇੰਡੀਅਨ ਕੌਂਸਲਰ ਦੀ ਇਕ ਪ੍ਰੈਸ ਰਿਲੀਜ਼ ਅਨੁਸਾਰ ਭਾਰਤ ਦੀਆਂ ਤਾਜ਼ੀਆਂ ਖਬਰਾਂ ਦੇਣ ਲਈ ਟੈਲੀਫੋਨ ਨਿਊਜ਼ ਸਰਵਿਸ ਸ਼ੁਰੂ ਕੀਤੀ ਗਈ ਹੈ ।

ਇਹ ਖਬਰਾਂ ਤੁਸੀਂ (604) 681-2635 ਨੰਬਰ 'ਤੇ ਡਾਇਲ ਕਰਕੇ ਰੋਜ਼ਾਨਾ 11 ਵਜੇ ਤੋਂ ਸੁਣ ਸਕਦੇ ਹੋ । ਸ਼ਨਿਚਰਵਾਰ, ਐਤਵਾਰ ਅਤੇ ਹੋਰ ਛੁਟੀਆਂ ਵਾਲੇ ਦਿਨ ਇਹ ਸੇਵਾ ਉਪਲੱਬਧ ਨਹੀਂ ਹੋਵੇਗੀ ।

ਬੁੱਢਾ ਹੋਇਆ ਖੁਮੀਨੀ .....

ਬੈਰੂਤ — ਈਰਾਨੀ ਲੀਡਰ ਆਇਤਉਲਾ ਖੁਮੀਨੀ ਹੁਣ ਇਨਾ ਬੁੱਢਾ ਹੋ ਗਿਆ ਹੈ ਕਿ ਪਾਰਟੀ 'ਚ ਚਲ ਰਹੀ ਕਸ਼ਮਕਸ਼ ਨੂੰ ਕਾਬੂ ਕਰਨ ਦੇ ਯੋਗ ਨਹੀਂ ਰਿਹਾ ।

ਇਕ ਲਿਬਨਾਨੀ ਅਖਬਾਰ ਅਨੁਸਾਰ 86 ਸਾਲਾ ਖੁਮੀਨੀ ਥੋੜਾ ਚਿਰ ਪਹਿਲਾਂ ਪਏ ਇਕ ਵੱਡੇ ਦਿਲ ਦੇ ਦੌਰੇ ਤੋਂ ਬਾਅਦ ਅਜੇ ਵੀ ਬਿਸਤਰੇ 'ਚ ਹੈ । ਉਧਰ ਸੱਤਾ ਹਥਿਆਉਣ ਲਈ ਗਰਮਦਲੀਆਂ ਅਤੇ ਨਰਮਦਲੀਆਂ 'ਚ ਜ਼ੋਰ ਲੱਗ ਰਿਹਾ ਹੈ । ਇਹ ਖਬਰਾਂ ਵੀ ਆ ਰਹੀਆਂ ਹਨ ਕਿ ਸਰਕਾਰ ਵਿਚਲੇ ਕੁਝ ਲੋਕ ਅਮਰੀਕਾ ਨਾਲ ਗੁਪਤ ਸੰਬੰਧ ਰੱਖ ਰਹੇ ਹਨ । ਖੁਮੀਨੀ ਦੀ ਬਿਮਾਰੀ ਨੇ ਉਸਨੂੰ ਪਾਰਟੀ ਨੂੰ ਕੰਟਰੋਲ 'ਚ ਰੱਖਣ ਲਈ ਬੇਵਸ ਕਰ ਦਿੱਤਾ ਹੈ ।

ਫਿਲਪਾਈਨ 'ਚ ਗੋਲੀਬੰਦੀ ਦਾ ਸਵਾਗਤ

ਮਨੀਲਾ — ਫਿਲਪਾਈਨ ਦੀ ਪ੍ਰਧਾਨ ਕੋਰਾਜੋਨ ਅਕੀਨੋ ਨੇ ਕਮਿਊਨਿਸਟ ਗੁਰੀਲਿਆਂ ਵਲੋਂ 100 ਦਿਨਾਂ ਗੋਲੀਬੰਦੀ ਦਾ ਸਵਾਗਤ ਕੀਤਾ ਹੈ ।

ਸੁਲਹ ਸਫਾਈ ਦਾ ਯਤਨ ਕਰ ਰਹੇ ਸਰਕਾਰੀ ਸੂਤਰਾਂ ਨੇ ਕਿਹਾ ਹੈ ਕਿ ਉਹ ਆਸਵੰਦ ਹਨ ਕਿ ਕੋਈ ਸਮਝੌਤਾ ਹੋ ਜਾਵੇਗਾ ।

ਅਕੀਨੋ ਦੀ ਕੈਬਨਿਟ ਦੇ ਸੂਤਰਾਂ ਨੇ ਇਹ ਹਵਾਲਾ ਦਿਤਾ ਹੈ ਕਿ ਸੁਰਖਿਆ ਮੰਤਰੀ ਵੀ ਗੋਲੀਬੰਦੀ ਨਾਲ ਸਹਿਮਤ ਹੋ ਗਏ ਹਨ ।

ਕਰਨਲ ਗਦਾਫ਼ੀ ਦੀ ਧੀ ਜਿੰਦਾ

ਨਿਊਯਾਰਕ — ਨਿਊਜ਼ ਵੀਕ ਅਖਬਾਰ ਨੇ ਇੰਕਸ਼ਾਫ ਕੀਤਾ ਹੈ ਕਿ ਲਿਬੀਅਨ ਲੀਡਰ ਮੁਹੰਮਦ ਗਦਾਫੀ ਦੀ ਲੜਕੀ ਜਿੰਦਾ ਹੈ ।

ਕਰਨਲ ਗਦਾਫੀ ਨੇ ਦੋਸ਼ ਲਾਇਆ ਸੀ ਕਿ ਪਿਛਲੇ ਅਪਰੈਲ ਲਿਬੀਆ 'ਤੇ ਅਮਰੀਕਨ ਬੰਬਾਰੀ ਦੌਰਾਨ ਉਸ ਦੀ ਧੀ ਮਾਰੀ ਗਈ ਸੀ ਅਤੇ ਦੋ ਪੁੱਤਰ ਗੰਭੀਰ ਜ਼ਖਮੀ ਹੋ ਗਏ ਸਨ ।

ਨਿਊਜ਼ਵੀਕ ਅਨੁਸਾਰ ਲੜਕੀ ਮਰੀ ਨਹੀਂ ਸੀ ਅਤੇ ਗਦਾਫੀ ਦੇ ਲੜਕੇ ਵੀ ਮਾਮੂਲੀ ਜ਼ਖਮੀ ਹੋਏ ਸਨ ।

ਪੰਜਾਬ ਸਰਕਾਰ ਦੇ ਖੀਸੇ ਖਾਲੀ

ਚੰਡੀਗੜ੍ਹ — ਸਿਖ ਪਰਿਵਾਰਾਂ ਦੀ ਸਹਾਇਤਾ ਅਤੇ ਕਾਨੂੰਨ ਵਿਵਸਥਾ ਦੇ ਨਾਮ ਉਤੇ ਹੋਏ ਕਰੋੜਾਂ ਰੁਪਏ ਦੇ ਖਰਚ ਨੇ ਪੰਜਾਬ ਦੀ ਕਮਰ ਤੋੜ ਕੇ ਰੱਖ ਦਿਤੀ ਹੈ। ਆਰਥਿਕ ਸਥਿਤੀ ਇਕਦਮ ਜਰਜ਼ਰ ਹੋ ਚੁਕੀ ਹੈ, ਜਿਸ ਨੂੰ ਸੁਧਾਰਨ ਦੀ ਕੋਸ਼ਿਸ਼ ਫਿਲਹਾਲ ਨਜ਼ਰ ਨਹੀਂ ਆ ਰਹੀ। ਚਾਲੂ ਵਿਤ ਸਾਲ ਦੇ ਲਈ ਬਜਟ ਵਿਚ ਸਰਕਾਰੀ ਖਰਚ ਰਾਸ਼ੀ ਦੀ ਹੱਦ ਪੰਜ ਹਜ਼ਾਰ ਛੇ ਸੌ ਕਰੋੜ ਨਿਰਧਾਰਿਤ ਸੀ ਜਿਸ ਵਿਚੋਂ ਬਹੁਤ ਰਾਸ਼ੀ ਅਗਸਤ ਦੇ ਮਹੀਨੇ ਵਿਚ ਹੀ ਖਤਮ ਹੋ ਚੁਕੀ ਹੈ। ਰਾਜ ਸਰਕਾਰ ਦੇ ਸਾਹਮਣੇ ਜਬਰਦਸਤ ਆਰਥਿਕ ਸੰਕਟ ਆ ਕੇ ਖੜਾ ਹੋ ਗਿਆ ਹੈ ਜਿਸ ਨੂੰ ਦੇਖ ਕੇ ਮੁਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਨੇ ਵਿਤ ਮੰਤਰੀ ਸ੍ਰੀ ਬਲਵੰਤ ਸਿੰਘ ਨੂੰ ਦਿੱਲੀ ਸਰਕਾਰ ਦੇ ਕੋਲ ਭੇਜਿਆ, ਵਿਤ ਮੰਤਰੀ ਖਾਲੀ ਹੱਥ ਵਾਪਸ ਆ ਗਏ।

ਸ੍ਰੀ ਬਲਵੰਤ ਸਿੰਘ ਨੇ ਕਿਹਾ : ਚਾਲੂ ਵਿਤ ਸਾਲ ਦੇ ਲਈ ਸਰਕਾਰੀ ਖਰਚ ਦੀ ਜੋ ਵੀ ਰਾਸ਼ੀ ਨਿਰਧਾਰਤ ਕੀਤੀ ਗਈ ਸੀ ਉਹ ਸਾਰੀ ਦੀ ਸਾਰੀ ਸਾਲ ਦੇ ਪਹਿਲੇ ਛੇ ਮਹੀਨਿਆਂ ਵਿਚ ਸਮਾਪਤ ਹੋ ਚੁਕੀ ਹੈ। ਹੁਣ ਕੇਂਦਰੀ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਵਿਸ਼ੇਸ਼ ਆਰਥਿਕ ਸਹਾਇਤਾ ਦੇਣ ਜਿਸ ਨਾਲ ਰਾਜ ਭਾਗ ਚਲਾਇਆ ਜਾ ਸਕੇ। ਸ੍ਰੀ ਬਲਵੰਤ ਸਿੰਘ ਨੇ ਦੱਸਿਆ ਕਿ ਇਸ ਆਰਥਿਕ ਖਰਚ ਦਾ ਮੁਖ ਕਾਰਨ ਪੰਜਾਬ ਦੀ ਗੜਬੜੀ ਵਾਲੀ ਕਾਨੂੰਨ ਵਿਵਸਥਾ ਹੈ ਜਿਸ ਉਤੇ ਸਭ ਤੋਂ ਜ਼ਿਆਦਾ ਖਰਚ ਕੀਤਾ ਜਾ ਰਿਹਾ ਹੈ। ਇਕ ਉਦਾਹਰਣ ਦਿੰਦੇ ਹੋਏ ਉਹਨਾਂ ਨੇ ਕਿਹਾ ਕਿ ਜਦੋਂ 'ਜਨਤਾ ਅਕਾਲੀ ਸਰਕਾਰ ਵਿਚ ਉਹ ਵਿਤ ਮੰਤਰੀ ਸਨ ਉਹਨਾਂ ਦਿਨਾ ਵਿਚ ਪੁਲਸ ਵਿਭਾਗ ਉਤੇ ਕੁਲ ਮਿਲਾ ਕੇ 18 ਕਰੋੜ ਦਾ ਖਰਚ ਬਜਟ ਵਿਚ ਰਖਿਆ ਗਿਆ ਸੀ ਪ੍ਰੰਤੂ ਸਾਲ 1985-86 ਦੇ ਬਜਟ ਵਿਚ 9 ਕਰੋੜ ਦੀ ਰਾਸ਼ੀ ਰਾਖਵੀਂ ਪਈ ਜਦੋਂ ਕਿ ਕੁਲ ਖਰਚ ਇਸ ਤੋਂ ਕਿਤੇ ਜ਼ਿਆਦਾ ਹੋਵੇਗਾ।

ਵਿੱਤ ਮੰਤਰੀ ਨੇ ਕਿਹਾ ਕਿ ਸ਼ੁਰੂ ਵਿਚ ਹੋਮ ਗਾਰਡ ਦੇ ਜਵਾਨਾਂ ਨੂੰ ਦਿਹਾੜੀ ਉਤੇ ਨਿਯੁਕਤ ਕੀਤਾ ਜਾਂਦਾ ਸੀ ਪ੍ਰੰਤੂ ਹੁਣ ਉਹਨਾਂ ਨੂੰ ਮਾਸਿਕ ਤਨਖਾਹ ਉਤੇ ਰਖਿਆ ਜਾਂਦਾ ਹੈ। ਜਿਸ ਉਤੇ ਚਾਲੂ ਮਾਲੀ ਸਾਲ ਵਿਚ ਦੋ ਕਰੋੜ ਰੁਪਏ ਦਾ ਖਰਚ ਹੋ ਚੁਕਾ ਹੈ ਅਤੇ ਅਜੇ ਹੋਰ ਖਰਚ ਹੋਵੇਗਾ।

ਵਿੱਤ ਮੰਤਰੀ ਦਾ ਕਹਿਣਾ ਹੈ ਕਿ ਸਭ ਤੋਂ ਜ਼ਿਆਦਾ ਖਰਚ ਪੁਲਸ ਅਤੇ ਸੁਰੱਖਿਆ ਦਸਤਿਆਂ ਦੇ ਜਵਾਨਾਂ ਉਤੇ ਕੀਤਾ ਜਾ ਰਿਹਾ ਹੈ ਜੋ ਕੌਮੀ ਏਕਤਾ ਅਤੇ ਅਖੰਡਤਾ ਲਈ ਬੇਹੱਦ ਜ਼ਰੂਰੀ ਹੈ। ਸ੍ਰੀ ਬਲਵੰਤ ਸਿੰਘ ਨੇ ਕਿਹਾ : ਸੁਰਖਿਆ ਦਲ ਦੀ ਕੇਵਲ ਇਕ ਬਟਾਲੀਅਨ ਉਤੇ ਸਾਲ ਵਿਚ ਸੱਠ ਲੱਖ ਰੁਪਏ ਖਰਚ ਹੁੰਦੇ ਹਨ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਭਲੇ ਹੀ ਫਿਲਹਾਲ ਕੇਂਦਰੀ ਵਿੱਤ ਮੰਤਰਾਲੇ ਨੂੰ ਪੰਜਾਬ ਸਰਕਾਰ ਮਦਦ ਦੇ ਮਾਮਲੇ ਵਿਚ 'ਅੰਗੂਠਾ' ਦਿਖਾ ਦਿਤਾ ਹੈ ਪ੍ਰੰਤੂ ਰਾਜਨੀਤਕ ਮਜ਼ਬੂਰੀਆਂ ਦੇ ਕਾਰਨ ਹਰ ਹਾਲ ਵਿਚ ਕੇਂਦਰੀ ਸਰਕਾਰ ਪੰਜਾਬ ਦੀ ਅਕਾਲੀ ਸਰਕਾਰ ਨੂੰ ਹਰ ਸੰਭਵ ਮਦਦ ਦੇਵੇਗੀ। ਰਾਜ ਵਿਚ ਵਪਾਰ ਠੱਪ ਹੋਣ ਦੇ ਕਾਰਨ ਅਤੇ ਉਦਯੋਗਿਕ ਖੇਤਰ ਵਿਚ ਆਈ ਗਿਰਾਵਟ ਨਾਲ, ਵਿਕਰੀ ਕਰ ਦੇ ਨਾਲ ਨਾਲ ਹੋਰ ਕਰਾਂ ਵਿਚ ਜੋ ਭਾਰੀ ਘਾਟ ਆਈ ਹੈ, ਉਸ ਨੇ ਰਾਜ ਸਰਕਾਰ ਦੀ ਆਰਥਿਕ ਦਸ਼ਾ ਨੂੰ ਬੁਰੀ ਤਰ੍ਹਾਂ ਨਾਲ ਕਮਜ਼ੋਰ ਕਰ ਦਿਤਾ ਹੈ।

ਚੀਸਾਨੋ ਮੌਜ਼ੰਬੀਕ ਦੇ ਪ੍ਰਧਾਨ ਬਣੇ

ਮਾਪੂਤੋ — ਜੋਕੀਮ ਚੀਸਾਨੋ ਮੌਂਜਬੀਕ ਦਾ ਪ੍ਰਧਾਨ ਚੁਣਿਆ ਗਿਆ ਹੈ। ਸਾਬਕਾ ਪ੍ਰਧਾਨ ਸਾਮੋਰਾ ਮਾਸ਼ੇਲ ਦੀ ਮੌਤ ਤੋਂ ਬਾਅਦ ਮੌਂਜਬੀਕ ਨੂੰ ਪ੍ਰਧਾਨ ਚੁਣਨ ਲਈ ਕਈ ਦਿਨ ਲੱਗੇ।


47 ਸਾਲਾ ਅਗਾਂਹਵਧੂ ਮਾਰਕਸਵਾਦੀ ਚੀਸਾਨੋ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ 'ਚ ਮੁਖ ਹਿਸਾ ਪਾਇਆ। ਆਜ਼ਾਦੀ ਤੋਂ ਬਾਅਦ ਤੋਂ ਹੀ ਉਹ ਸ਼ੋਸਲਿਸਟ ਸਰਕਾਰ ਦਾ ਬਿਦੇਸ਼ ਮੰਤਰੀ ਬਣਿਆ ਆ ਰਿਹਾ ਹੈ।

ਸਾਬਕਾ ਪ੍ਰਧਾਨ ਮਾਸ਼ੇਲ ਦੀ ਮੌਤ ਤੋਂ ਦੋ ਹਫਤੇ ਬਾਅਦ 120 ਮੈਂਬਰੀ ਸੈਂਟਰਲ ਕਮੇਟੀ ਨੇ ਉਹਨੂੰ ਪਾਰਟੀ ਲੀਡਰ ਚੁਣ ਲਿਆ। ਪ੍ਰਧਾਨਗੀ ਦੇ ਇਸ ਅਹੁਦੇ ਲਈ ਚੀਸਾਨੋ ਨੇ ਡਿਪਟੀ ਪ੍ਰਧਾਨ ਡੋਸ ਸਨਟੋਜ ਨੂੰ ਹਰਾਇਆ।

ਆਪਣੇ ਪਹਿਲੇ ਭਾਸ਼ਨ 'ਚ ਨਵੇਂ ਪ੍ਰਧਾਨ ਨੇ ਕਿਹਾ ਕਿ ਸਰਕਾਰ ਦੀ ਪਹਿਲੀ ਕੋਸ਼ਿਸ਼ ਸੱਜੇ ਪੱਖੀ ਵਿਰੋਧੀਆਂ ਨੂੰ ਕਾਬੂ ਕਰਨ ਦੀ ਹੋਵੇਗੀ। ਜਿਸ ਨੇ ਦੇਸ਼ ਦੀ ਆਰਥਿਕਤਾ ਨੂੰ ਤਬਾਹ ਕੀਤਾ ਹੋਇਆ ਹੈ।

ਇਸ ਸਮੇਂ ਵਿਦਰੋਹੀਆਂ ਨੇ ਕਿਹਾ ਹੈ ਕਿ ਚੀਸਾਨੋ ਦੀ ਚੋਣ ਨਾਲ ਰਾਜਨੀਤਕ ਸਥਿਤੀ 'ਚ ਕੋਈ ਫਰਕ ਨਹੀਂ ਪਏਗਾ ਅਤੇ ਅਸੀਂ ਸਰਕਾਰ ਦਾ ਤਖਤਾ ਉਲਟਾਉਣ ਲਈ ਕੋਸ਼ਿਸ਼ਾਂ ਜਾਰੀ ਰੱਖਾਂਗੇ।

ਚੀਸਾਨੋ ਨੇ ਕਿਹਾ ਕਿ ਉਹ ਪ੍ਰਧਾਨ ਮਾਸ਼ੇਲ ਦੀਆਂ ਪਾਲਸੀਆਂ ਨੂੰ ਅਗਾਂਹ ਤੋਰੇਗਾ।



JOAQUIM CHISSANO
a moderate Marxist

ਮੌਂਜਬੀਕ 'ਚ ਸਥਿਤ ਪੱਛਮੀ ਰਾਜਨੀਤਕਾਂ ਦਾ ਕਹਿਣਾ ਹੈ ਕਿ ਚੀਸਾਨੋ ਸਿਆਣਾ ਅਤੇ ਹੁਸ਼ਿਆਰ ਵਿਅਕਤੀ ਹੈ ਪਰ ਮਾਸ਼ੇਲ ਦੇ ਵਿਅਕਤੀਤਵ ਤੋਂ ਊਣਾ ਹੈ।

ਸਾਥੀ ਦਰਸ਼ਨ ਸਿੰਘ ਕੈਨੇਡੀਅਨ ਨੂੰ ਸ਼ਰਧਾਂਜਲੀ

ਦੋ ਨਵੰਬਰ ਦਿਨ ਐਤਵਾਰ ਨੂੰ ਗਿਆਰਾਂ ਵਜੇ ਸਵੇਰੇ ਪੰਜਾਬੀ ਪੀਪਲਜ਼ ਕਲਚਰਲ ਐਸੋਸੀਏਸ਼ਨ ਕੈਲੇਫੋਰਨੀਆ (ਬੇ ਏਰੀਆ) ਦੀ ਮੀਟਿੰਗ ਗ਼ਦਰ ਮੈਮੋਰੀਅਲ ਹਾਲ ਸਾਨਫਰਾਂਸਿਸਕੋ ਵਿਖੇ ਹੋਈ ਜਿਸ ਵਿਚ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਨੂੰ ਸ਼ਰਧਾਂਜਲੀ ਅਰਪਤ ਕੀਤੀ ਗਈ। ਐਸੋਸੀਏਸ਼ਨ ਨੇ ਬਹੁ-ਸੰਮਤੀ ਨਾਲ ਮਤਾ ਪਾਸ ਕਰਕੇ ਉਨ੍ਹਾਂ ਸਾਰੇ ਦਹਿਸ਼ਤਪਸੰਦ ਅਨਸਰਾਂ ਨੂੰ ਸਖਤ ਸ਼ਬਦਾਂ ਨਾਲ ਵਰਜਿਆ ਜਿਨ੍ਹਾਂ ਨੇ ਦਰਸ਼ਨ ਸਿੰਘ ਕੈਨੇਡੀਅਨ ਵਰਗੇ ਮਹਾਨ ਦੇਸ਼ ਭਗਤ — ਲੋਕ ਨੇਤਾ ਨੂੰ ਕਤਲ ਕੀਤਾ।

ਪੰਜਾਬੀ ਪੀਪਲਜ਼ ਐਸੋਸੀਏਸ਼ਨ ਨੇ ਅਜਿਹੇ ਅਨਸਰਾਂ ਦਾ ਮੁਕਾਬਲਾ ਕਰਨ ਲਈ ਲੋਕਾਂ ਨੂੰ ਲਾਮਬੰਦ ਹੋਣ ਦਾ ਸੱਦਾ ਦਿੱਤਾ। ਅਸੀਂ ਵਿਦੇਸ਼ਾਂ ਵਿਚ ਵਸਦੇ ਭਾਰਤੀ ਸਾਰੇ ਭਾਰਤੀਆਂ ਨੂੰ ਅਪੀਲ ਕਰਦੇ ਹਾਂ ਕਿ ਵੱਖਵਾਦੀ ਅਤੇ ਖਾਲਿਸਤਾਨੀ ਗੁੰਡਾਗਰਦਾਂ ਦਾ ਮੂੰਹ-ਤੋੜ ਜੁਆਬ ਦੇਣ ਤਾਂਕਿ ਇਨ੍ਹਾਂ ਦੇ ਕਾਰਿਆਂ ਨੂੰ ਰੋਕਿਆ ਜਾ ਸਕੇ। ਤੇ ਅਸੀਂ ਸਾਰੇ ਲੋਕ ਭਰਾਤਰੀ ਭਾਵਨਾ ਨਾਲ ਰਹਿ ਸਕੀਏ।

ਮਹਾਨ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਜਿੰਦਾਬਾਦ !
ਲੋਕ-ਏਕਤਾ ਜਿੰਦਾਬਾਦ !
ਵੱਖਵਾਦੀ ਤੇ ਲੋਟੂ ਜਮਾਤਾਂ ਮੁਰਦਾਬਾਦ !

ਵਲੋਂ : ਪੰਜਾਬੀ ਪੀਪਲਜ਼ ਕਲਚਰਲ ਐਸੋ:
ਕੈਲੇਫੋਰਨੀਆ(ਬੇ ਏਰੀਆ)

ਪੰਜਾਬ ਦੇ ਨਾਰਾਜ਼ ਸਿਖ ਨੌਜਵਾਨਾਂ ਨੂੰ ਸੱਤਾ 'ਚੋਂ ਹਿੱਸਾ ਦੇਣ ਦੀ ਪੇਸ਼ਕਸ਼

ਅੰਮ੍ਰਿਤਸਰ — "ਨਾਰਾਜ਼ ਸਿਖ ਨੌਜਵਾਨ" ਜੇਕਰ ਹਿੰਸਾ ਤਿਆਗ ਦੇਣ ਤਾਂ ਸੱਤਾਧਾਰੀ ਅਕਾਲੀ ਦਲ ਪੰਜਾਬ ਦੇ ਵਿਕਾਸ ਤੇ ਬਿਹਤਰੀ ਲਈ ਅਜਿਹੇ ਨੌਜਵਾਨਾਂ ਨਾਲ ਸੱਤਾ ਵੰਡਣ ਨੂੰ ਤਿਆਰ ਹੈ। ਉਕਤ ਗੱਲ ਪੰਜਾਬ ਦੇ ਵਿੱਤ ਮੰਤਰੀ ਬਲਵੰਤ ਸਿੰਘ ਨੇ ਇਥੇ ਸਰਕਾਰੀ ਕਾਲਜ ਵਿਚ ਇਕ ਵਿਸ਼ਾਲ ਕਰਜ਼ਾ ਵੰਡ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਆਖੀ। ਮੰਤਰੀ ਨੇ ਕਿਹਾ ਕਿ ਜੇਕਰ ਹਥਿਆਰ ਚੁੱਕੀ ਫਿਰਦੇ ਨੌਜਵਾਨ ਹੱਥਾਂ 'ਚੋਂ ਹਥਿਆਰ ਸੁੱਟ ਦੇਣ ਤਾਂ ਉਨ੍ਹਾਂ ਹੀ ਹੱਥਾਂ ਵਿਚ ਕੁਝ ਹੋਰ ਦਿਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਮਝੌਤਾ ਲਾਗੂ ਨਾ ਹੋ ਸਕਣ ਕਾਰਨ ਇਥੇ ਤਣਾਓ ਹੈ ਤੇ ਪੰਜਾਬ ਸਮੱਸਿਆ ਦਾ ਇਹ ਇਕ ਮੁਖ ਕਾਰਨ ਹੈ।

ਵਿੱਤ ਮੰਤਰੀ ਨੇ ਦੋਸ਼ ਲਗਾਇਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਵਿਚ ਕੁਝ ਕੁ ਲੋਕਾਂ ਨੇ ਨਿਜੀ ਸੌੜੇ ਹਿਤਾਂ ਕਾਰਨ ਪੰਜਾਬ ਸਮਝੌਤੇ ਨੂੰ ਪੇਚੀਦਾ ਬਣਾਇਆ। ਉਨ੍ਹਾਂ ਕਿਹਾ ਕਿ ਹਰਿਆਣਾ ਤੇ ਰਾਜਸਥਾਨ ਵਿਚ ਸੱਤਾਧਾਰੀ ਕਾਂਗਰਸ (ਆਈ) ਦੇ ਹਿਤ ਸਮੇਂ ਸਿਰ ਭਾਰੂ ਹੁੰਦੇ ਰਹੇ ਤੇ ਕਾਂਗਰਸ (ਆਈ) ਇਹ ਸਮਝਦੀ ਰਹੀ ਕਿ ਸਮਝੌਤਾ ਲਾਗੂ ਹੋਵੇਗਾ ਤਾਂ ਪੰਜਾਬ ਨੂੰ ਫਾਇਦਾ ਪੁਜੇਗਾ। ਸ: ਬਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਸਮੱਸਿਆ ਦੇ ਤਿੰਨ ਪਹਿਲੂ ਹਨ : ਰਾਜਨੀਤਕ, ਆਰਥਿਕ ਤੇ ਵਿਦੇਸ਼ੀ ਰਾਜਸੀ ਦਖਲ। ਉਨ੍ਹਾਂ ਕਿਹਾ ਕਿ ਵਿਦੇਸ਼ੀ ਦਖਲ ਦਾ ਮਾਮਲਾ ਕੇਂਦਰ ਨੂੰ ਇੰਟਰਨੈਸ਼ਨਲ ਫੋਰਮ ਰਾਹੀਂ ਪਾਕਿਸਤਾਨ ਨਾਲ ਉਠਾਉਣਾ ਚਾਹੀਦਾ ਹੈ ਜਦ ਕਿ ਰਾਜਨੀਤਕ ਤੇ ਆਰਥਿਕ ਮਾਮਲਾ ਕੇਂਦਰ ਰਾਜ ਆਪਸੀ ਸਬੰਧਾਂ ਬਾਰੇ ਸੋਚ ਵਿਚਾਰ ਕਰਕੇ ਨਜਿਠਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ 'ਚ ਵਿਚਰਦੇ ਸਿੱਖ ਨੌਜਵਾਨਾਂ ਨੂੰ ਵਾਪਸ ਲਿਆਉਣ ਦਾ ਮਾਮਲਾ ਕੇਂਦਰ ਨੂੰ ਪਾਕਿਸਤਾਨ ਕੋਲ ਉਠਾਉਣਾ ਚਾਹੀਦਾ ਹੈ ਤਾਂ ਇਕ "ਕਾਰੀਡੋਰ" ਕਾਇਕ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਅਪਰੇਸ਼ਨ ਬਲਿਊ ਸਟਾਰ ਅਤੇ ਫੇਰ ਨਵੰਬਰ 1984 ਦੇ ਦੰਗਿਆਂ ਨਾਲ ਸਿੱਖਾਂ ਦੇ ਮਨਾਂ ਨੂੰ ਸੱਟ ਲੱਗੀ ਸੀ ਪਰ ਕੇਂਦਰ ਨੇ "ਜ਼ਖਮਾਂ 'ਤੇ ਮੱਲ੍ਹਮ" ਲਗਾਉਣ ਦੀ ਗੱਲ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਤੇ ਸਿਰਫ ਅਕਾਲੀ ਸਰਕਾਰ ਨੇ ਆਪਣੇ ਸੀਮਤ ਸਾਧਨਾਂ ਨਾਲ ਇਸ ਪਾਸੇ ਥੋੜ੍ਹਾ ਬਹੁਤ ਕੰਮ ਕੀਤਾ। ਉਨ੍ਹਾਂ ਕਿਹਾ ਕਿ ਜੋਧਪੁਰ ਦੇ ਨਜ਼ਰਬੰਦਾਂ ਨੂੰ ਰਿਹਾਅ ਕਰ ਕੇ, ਬੈਰਕਾਂ ਛੱਡਣ ਵਾਲੇ ਫੌਜੀਆਂ ਨੂੰ ਬਹਾਲ ਕਰ ਕੇ ਅਤੇ ਨਵੰਬਰ '84 ਦੇ ਦੰਗਿਆਂ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾ ਦੇ ਕੇ ਕੇਂਦਰ ਬਹੁਤ ਕੁਝ ਕਰ ਸਕਦਾ ਹੈ। ਵਿੱਤ ਮੰਤਰੀ ਨੇ ਕਿਹਾ ਕਿ ਇਹ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਸਰਕਾਰ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਨਾ ਕਰ ਸਕੇ ਤੇ ਲੋਕਾਂ ਨੂੰ ਇਕ ਸੂਬੇ 'ਚੋਂ ਉਠ ਕੇ ਦੂਜੇ ਸੂਬੇ ਵਿਚ ਜਾਣਾ ਪਵੇ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਦੇ ਕਾਰਨਾਮਿਆਂ ਤੇ ਬਹਾਦਰੀ ਦਾ ਜ਼ਿਕਰ ਕੀਤਾ।

ਖਾਲਸਾ ਸਕੂਲ ਵੈਨਕੂਵਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਆਗਮਨ ਗੁਰਪੁਰਬ

ਖਾਲਸਾ ਸਕੂਲ ਵੈਨਕੂਵਰ ਵਿਚ 13 ਨਵੰਬਰ ਦਿਨ ਵੀਰਵਾਰ ਸਵੇਰੇ ਅੱਠ ਵਜੇ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ ਜਿਸਦਾ ਭੋਗ 15 ਨਵੰਬਰ ਦਿਨ ਸ਼ਨਿਚਰਵਾਰ ਸਵੇਰੇ ਅੱਠ ਵਜੇ ਪਵੇਗਾ।

ਉਪਰੰਤ ਗੁਰਬਾਣੀ ਕੀਰਤਨ ਅਤੇ ਗੁਰੂ ਜੀ ਦੀ ਜੀਵਨੀ ਉਪਰ ਵਿਖਿਆਨ ਹੋਣਗੇ।

ਗੁਰੂ ਕਾ ਲੰਗਰ ਅਟੁੱਟ ਵਰਤੇਗਾ। ਸਭ ਸੰਗਤਾਂ ਨੂੰ ਬੇਨਤੀ ਹੈ ਕਿ ਹੁੰਮ ਹੁਮਾ ਕੇ ਦਰਸ਼ਨ ਦੇਵੋ।

ਖਾਲਸਾ ਸਕੂਲ ਦਾ ਪਤਾ :
6010 ਫਰੇਜ਼ਰ ਸਟਰੀਟ ਵੈਨਕੂਵਰ (44 ਐਵੇਨਿਊ)

ਕੈਨੇਡਾ ਦਰਪਣ ਦੇ ਪਾਠਕਾਂ ਅਤੇ ਵਪਾਰੀ ਵੀਰਾਂ ਲਈ

'ਕੈਨੇਡਾ ਦਰਪਣ' ਦੇ ਦਫ਼ਤਰ ਦਾ ਸਮਾਂ :
ਸੋਮਵਾਰ ਤੋਂ ਸ਼ੁਕਰਵਾਰ — 10 ਵਜੇ ਤੋਂ 5 ਵਜੇ ਸ਼ਾਮ

ਫੋਨ : 581-4473

ਅਤਿਵਾਦੀ ਵਰਿਆਮ ਸਿੰਘ ਹਲਾਕ
ਸੁੱਖਾ ਸਿੰਘ ਫੜਿਆ ਗਿਆ

ਚੰਡੀਗੜ੍ਹ — ਮੁਕਤਸਰ ਬੱਸ ਕਤਲ ਕਾਂਡ ਦਾ ਮੁੱਖ ਦੋਸ਼ੀ ਵਰਿਆਮ ਸਿੰਘ 3 ਦਸੰਬਰ ਨੂੰ ਹੋਏ ਪੁਲੀਸ ਮੁਕਾਬਲੇ ’ਚ ਮਾਰਿਆ ਗਿਆ। ਬਦਨਾਮ ਅਤਿਵਾਦੀ ਵਰਿਆਮ ਸਿੰਘ ਖੱਪਿਆਂ ਵਾਲੀ ਪੁਲੀਸ ਨੂੰ ਬਹੁਤ ਸਾਰੇ ਕੇਸਾਂ ਵਿਚ ਲੋੜੀਂਦਾ ਸੀ।

ਇਕ ਹੋਰ ਮਸ਼ਹੂਰ ਅਤਿਵਾਦੀ ਸੁਖਾ ਸਿੰਘ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਹੈ। ਸੁਖਾ ਸਿੰਘ ਨੂੰ ਗੁਰਦਾਸਪੁਰ ਜ਼ਿਲ੍ਹੇ ’ਚ ਧਾਰੀਵਾਲ ਨੇੜੇ ਉਹਦੇ ਪਿੰਡ ’ਚੋਂ ਫੜਿਆ ਗਿਆ ਹੈ।

ਅੰਮ੍ਰਿਤਸਰ ਦੇ ਕਾਲਜ ਅਣਮਿਥੇ ਸਮੇਂ ਲਈ ਬੰਦ

ਅੰਮ੍ਰਿਤਸਰ — ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰਾਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਹਿੰਸਾ ’ਤੇ ਉਤਾਰੂ ਫੈਡਰੇਸ਼ਨ ਦੇ ਮੈਂਬਰਾਂ ਦੀ ਰੈਲੀ ਨੂੰ ਖਿੰਡਾਉਣ ਲਈ ਪੁਲੀਸ ਨੂੰ ਗੋਲੀ ਚਲਾਉਣੀ ਪਈ।

ਅੰਮ੍ਰਿਤਸਰ ਦੇ ਸਾਰੇ ਕਾਲਜ ਅਣਮਿਥੇ ਸਮੇਂ ਲਈ ਬੰਦ ਕਰ ਦਿੱਤੇ ਗਏ ਹਨ।

ਦੋ ਸੰਸਦ ਮੈਂਬਰ ਅਕਾਲੀ ਦਲ ’ਚੋਂ ਖਾਰਜ

ਅੰਮ੍ਰਿਤਸਰ — ਸ਼੍ਰੋਮਣੀ ਅਕਾਲੀ ਦਲ ਨੇ ਸੰਸਦ ਮੈਂਬਰਾਂ ਮੇਵਾ ਸਿੰਘ ਗਿੱਲ ਅਤੇ ਭਾਈ ਸ਼ਮਿੰਦਰ ਸਿੰਘ ਨੂੰ ਦਲ ’ਚੋਂ ਕੱਢ ਦਿਤਾ ਹੈ।

ਉਨ੍ਹਾਂ ’ਤੇ ਪਾਰਟੀ ਵਿਰੋਧੀ ਕਾਰਵਾਈਆਂ ਕਰਨ ਅਤੇ ਅਤਿਵਾਦੀਆਂ ਨੂੰ ਸ਼ਹਿ ਦੇਣ ਦੇ ਦੋਸ਼ ਲਾਏ ਗਏ ਹਨ। ਅਕਾਲੀ ਦਲ ਨੇ ਸਪੀਕਰ ਜਾਖੜ ਨੂੰ ਇਸ ਫੈਸਲੇ ਦੀ ਸੂਚਨਾ ਦੇ ਦਿੱਤੀ ਹੈ।

ਇਥੇ ਵਰਨਣਯੋਗ ਹੈ ਕਿ ਇਹ ਦੋਵੇਂ ਮੈਂਬਰ ਪਹਿਲਾਂ ਹੀ ਅਕਾਲੀ ਦਲ ਨਾਲੋਂ ਵੱਖ ਹੋਏ ਬਾਦਲ ਗਰੁੱਪ ਨਾਲ ਸਬੰਧ ਰੱਖਦੇ ਹਨ।

ਈ. ਐਸ. ਐਲ. ਇੰਗਲਿਸ਼ ਕਲਾਸਾਂ ਲਈ ਤੁਹਾਡਾ ਸੁਆਗਤ ਹੈ

ਇਹ ਕਲਾਸਾਂ 5 ਨਵੰਬਰ ਤੋਂ ਸ਼ੁਰੂ ਹੋ ਕੇ 5 ਦਸੰਬਰ 1986 ਤੱਕ ਚੱਲਣਗੀਆਂ
ਸਥਾਨ — ਲਿਟਲ ਮਾਊਂਨਟੇਨ ਨੇਬਰਹੁੱਡ ਹਾਊਸ — 3981, ਮੇਨ ਸਟਰੀਟ, ਵੈਨਕੂਵਰ।
ਫੀਸ — 20 ਡਾਲਰ (ਇਹਦੇ ’ਚ ਸਹਾਇਕ ਸਮੱਗਰੀ ਦੀ ਕੀਮਤ ਵੀ ਸ਼ਾਮਲ ਹੈ)
ਦਾਖਲੇ ਲਈ ਹੇਠ ਲਿਖੇ ਨੰਬਰਾਂ ’ਤੇ ਫੋਨ ਕੀਤਾ ਜਾ ਸਕਦਾ ਹੈ :

875-6111 — ਲੋਕਲ 559
ਵੀ. ਸੀ. ਸੀ. ਕਿੰਗ ਐਡਵਰਡ ਕੈਂਪਸ
879-7104 (ਲਿਟਲ ਮਾਊਂਨਟੇਨ ਨੇਬਰਹੁੱਡ ਹਾਊਸ)

5 ਨਵੰਬਰ ਦਿਨ ਬੁੱਧਵਾਰ ਨੂੰ ਟੀਚਰ ਕੋਲ ਜਾ ਕੇ ਵੀ ਨਾਂ ਦਰਜ ਕਰਵਾਇਆ ਜਾ ਸਕਦਾ ਹੈ।

ਸੰਖੇਪ ਪਰ ਵਿਸ਼ੇਸ਼

- ਅਤਿਵਾਦੀਆਂ ਹੱਥੋਂ ਇਕ ਪੁਲੀਸ ਵਾਲਾ ਹਲਾਕ
- ਸਿਨਮੇ ’ਚ ਬੰਬ ਫਟਿਆ, ਕਿਸੇ ਦੀ ਜ਼ਖਮੀ ਹੋਣ ਦੀ ਖਬਰ ਨਹੀਂ।
- 30 ਅਕਤੂਬਰ ਨੂੰ ਜਲੰਧਰ ’ਚ ਅਤਿਵਾਦੀਆਂ ਹੱਥੋਂ ਦੋ ਵਿਅਕਤੀ ਮਾਰੇ ਗਏ ਅਤੇ ਦੋ ਜ਼ਖਮੀ।
- ਸਿਕਉਰਿਟੀ ਊਣਤਾਈਆਂ ਨੂੰ ਲੈ ਕੇ ਪਾਰਲੀਮੈਂਟ ’ਚੋਂ ਵਿਰੋਧੀ ਧਿਰ ਦਾ ਵਾਕ ਆਊਟ।
- ਪ੍ਰਨਾਬ ਨੇ ਨਵੀਂ ਪਾਰਟੀ ਬਣਾਈ।
- ਪੰਜਾਬ ’ਚ 13 ਅਤਿਵਾਦੀ ਗ੍ਰਿਫਤਾਰ।
- ਬ੍ਰਿਟੇਨ ਦੇ ਇਕ ਸਿੱਖ ਨੂੰ ਨਸ਼ੀਲੀਆਂ ਦਵਾਈਆਂ ਦੀ ਸਮਗਲਿੰਗ ਕਰਨ ਦੇ ਦੋਸ਼ ’ਚ ਸਜ਼ਾ।

ਭਿੰਡਰਾਂਵਾਲਾ ਦੇ ਭਤੀਜੇ ਨੂੰ ਜੇਲ੍ਹ ’ਚੋਂ ਭਜਾਉਣ ਦੀ ਸਾਜ਼ਸ਼?

ਲੰਡਨ — ਬਰਤਾਨੀਆ ਵਿਚਲੀ ਇਕ ਸਿੱਖ ਅਤਿਵਾਦੀ ਜਥੇਬੰਦੀ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਭਤੀਜੇ ਜਸਵੀਰ ਸਿੰਘ ਨੂੰ ਰਿਹਾਅ ਕਰਵਾਉਣ ਲਈ ਕਾਰਵਾਈ ਦੀ ਪਲਾਨਿੰਗ ਕਰ ਰਹੀ ਹੈ। ਜਸਵੀਰ ਸਿੰਘ ਇਸ ਵੇਲੇ ਭਾਰਤ ਦੀ ਕਿਸੇ ਜੇਲ੍ਹ ਵਿਚ ਬੰਦ ਹੈ। ਅੰਗਰੇਜ਼ੀ ਅਤੇ ਗੁਰਮੁਖੀ ਵਿਚ ਛਪੇ ਇਕ ਦੋਵਰਕੇ ਵਿਚ ‘ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ’ ਨਾਂ ਦੀ ਜਥੇਬੰਦੀ ਨੇ ਬਰਤਾਨੀਆਂ ਸਰਕਾਰ ਦੀ ਇਸ ਗੱਲ ਲਈ ਨਿੰਦਾ ਕੀਤੀ ਹੈ ਕਿ ਇਸ ਨੇ ਨਵੰਬਰ 1984 ਵਿਚ ਜਸਵੀਰ ਦੇ ਇੰਗਲੈਂਡ ਦਾਖਲੇ ਦੀ ਇਜਾਜ਼ਤ ਨਹੀਂ ਦਿਤੀ ਸੀ। ਇਸ ਵਿਚ ਧਮਕੀ ਦਿਤੀ ਗਈ ਹੈ: “ਵਾਹਿਗੁਰੂ ਦਾ ਅਦਿੱਖ ਹੱਥ ਹੁਣ ਕਾਰਵਾਈ ਕਰੇਗਾ।”

ਦੋਵਰਕੇ ਵਿਚ ਕਿਹਾ ਗਿਆ ਹੈ ਕਿ ਜਸਵੀਰ ਸਿੰਘ ਦਾ ਇੰਗਲੈਂਡ ਤੋਂ ਨਿਕਾਲ ਬਰਤਾਨਵੀ ਅਤੇ ਭਾਰਤੀ ਸਰਕਾਰੀ ਦੀ ਮਿਲੀ ਭੁਗਤ ਦਾ ਸਿੱਟਾ ਸੀ। ਬਰਤਾਨੀਆ ਵਿਚ ਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਆਰ. ਸੀ. ਚੋਪੜਾ ਅਰੋੜਾ ਦੀ ਜਸਵੀਰ ਸਿੰਘ ਦੇ ਨਿਕਾਲੇ ਲਈ ਖਾਸ ਤੌਰ ’ਤੇ ਨਿੰਦਾ ਕੀਤੀ ਗਈ ਹੈ। ਯਾਦ ਰਹੇ ਕਿ 14 ਦਸੰਬਰ 1984 ਹੈ ਹੀਥੋਰ ਏਅਰ ਪੋਰਟ ’ਤੇ ਪਹੁੰਚਣ ਸਮੇਂ ਜਸਵੀਰ ਸਿੰਘ ਨੂੰ ਕਿਹਾ ਗਿਆ ਸੀ ਕਿ ਉਸ ਨੂੰ ਬਰਤਾਨੀਆ ਵਿਚ ਦਾਖਲ ਨਹੀਂ ਹੋਣ ਦਿਤਾ ਜਾਵੇਗਾ ਕਿਉਂਕਿ ਉਸ ਦੀ ਮੌਜੂਦਗੀ ਨਾਲ ਦੇਸ਼ ਅੰਦਰ ਗੜਬੜ ਹੋਣ ਦਾ ਅਤੇ ਹਿੰਦ-ਬਰਤਾਨੀਆ ਸਬੰਧ ਖਰਾਬ ਹੋਣ ਦਾ ਖਤਰਾ ਹੈ।

ਇਸ ਤੋਂ ਮਗਰੋਂ ਜਸਵੀਰ ਡੁਬਈ ਰਵਾਨਾ ਹੋ ਗਿਆ ਪਰ ਉਥੇ ਵੀ ਅਧਿਕਾਰੀਆਂ ਉਸ ਨੂੰ ਰੁਕਣ ਨਾ ਦਿੱਤਾ। ਫੇਰ ਉਹ ਬੈਂਕਾਕ ਹੁੰਦਾ ਹੋਇਆ ਮਨੀਲਾ ਪਹੁੰਚਿਆ ਜਿਥੇ ਉਸ ਨੂੰ ਭਾਰਤੀ ਅਧਿਕਾਰੀਆਂ ਦੇ ਹਵਾਲੇ ਕਰ ਦਿਤਾ ਗਿਆ। ਉਸ ਨੂੰ 20 ਦਸੰਬਰ 1984 ਨੂੰ ਭਾਰਤ ਲਿਆਂਦਾ ਗਿਆ।

‘ਕੈਨੇਡਾ ਦਰਪਣ’ ਪੰਜਵੀਂ ਵਰ੍ਹੇ ਗੰਢ ਉ

ਇਸ ਅੰਕ ਨਾਲ ‘ਕੈਨੇਡਾ ਦਰਪਣ’ ਨੇ ਆਪਣੇ ਚਾਰ ਵਰ੍ਹੇ ਪੂਰੇ ਕਰ ਲਏ ਹਨ ਅਤੇ ਪੰਜਵੇਂ ਵਰ੍ਹੇ ਵਿਚ ਦਾਖਲ ਹੋ ਗਿਆ ਹੈ। ਪਿਛਲੇ ਚਾਰ ਵਰ੍ਹੇ ਪੰਜਾਬੀਆਂ ਦੇ ਜੀਵਨ ਵਿਚ ਅਤੇ ਖਾਸਕਰ ਪੰਜਾਬ ਦੇ ਲੋਕਾਂ ਦੇ ਜੀਵਨ ਵਿਚ ਬੜੇ ਸੰਕਟ ਦੇ ਵਰ੍ਹੇ ਸਨ। ਇਸ ਸੰਕਟ ਵਿਚ ਤਰਕ ਨੂੰ ਤਿਲਾਂਜਲੀ ਦੇ ਕੇ ਕੁਝ ਲੋਕ ਪੰਜਾਬ ਦੀਆਂ ਇਤਿਹਾਸਕ, ਸਮਾਜਕ, ਧਾਰਮਿਕ ਅਤੇ ਸਭਿਆਚਾਰਕ ਪ੍ਰਾਪਤੀਆਂ ਨੂੰ ਅੱਖੋਂ ਪਰੋਖੇ ਕਰਕੇ ਫਿਰਕੂ ਜਨੂੰਨ ਵਰਗੇ ਕੋਹੜ ਦਾ ਸ਼ਿਕਾਰ ਵੀ ਹੋਏ ਜਿਸਦਾ ਸਿੱਟਾ ਬੇਪਨਾਹ ਮਾਸੂਮ ਲੋਕਾਂ ਨੂੰ ਭੁਗਤਣਾ ਪਿਆ ਹੈ ਅਤੇ ਅਜੇ ਵੀ ਭੁਗਤ ਰਹੇ ਹਨ। ਇਸ ਸਾਰੇ ਸਮੇਂ ਵਿਚ ‘ਕੈਨੇਡਾ ਦਰਪਣ’ ਦੇ ਪ੍ਰਬੰਧਕਾਂ ਦੀ ਇਹੀ ਕੋਸ਼ਿਸ਼ ਰਹੀ ਹੈ ਕਿ ਤਰਕ ਦਾ ਪੱਲਾ ਮਜ਼ਬੂਤੀ ਨਾਲ ਫੜਕੇ ਪੰਜਾਬੀ ਕਦਰਾਂ-ਕੀਮਤਾਂ ਨਾਲ ਜੁੜੇ ਰਹਿਕੇ ਸਮੁੱਚੀ ਪੰਜਾਬੀ ਕੌਮ ਲਈ ਆਵਾਜ਼ ਬੁਲੰਦ ਰੱਖੀ ਜਾਵੇ

ਪੰਜਾਬੀਆਂ ਦਾ ਵਿਰਸਾ ਗੁਰੂ ਨਾਨਕ, ਬਾਬਾ ਫਰੀਦ, ਕਬੀਰ, ਨਾਮਦੇਵ, ਰਵੀਦਾਸ ਦਾ ਵਿਰਸਾ ਹੈ ਅਤੇ ਕੁਝ ਲੋਕ ਆਪਣੇ ਵਿਰਸੇ ਤੋਂ ਹੀ ਮੁਨਕਰ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਪੰਜਾਬ ਨੇ ਪਹਿਲਾਂ ਹੀ 1947 ਵਿਚ ਬਥੇਰਾ ਸੰਤਾਪ ਝੱਲਿਆ ਹੈ ਅਤੇ ਪੰਜਾਬ ਦੀ ਹਿੱਕ ਤਾਂ 1947 ਵਿਚ ਹੀ ਚੀਰ ਦਿਤੀ ਗਈ ਸੀ। ਪੰਜਾਬ ਦੇ ਲੋਕ ਅੱਜ ਵੀ ਉਸ ਚੀਰੇ ਦਾ ਦਰਦ ਹੰਢਾ ਰਹੇ ਹਨ। ਇਸ ਲਈ ਅਸੀਂ ਉਹ ਹੀ ਫਰਜ਼ ਪੂਰਾ ਕਰਦੇ ਆ ਰਹੇ ਹਾਂ ਜੋ ਹਰ ਪੰਜਾਬੀਅਤ ਦੇ ਸ਼ੈਦਾਈ ਨੂੰ ਪੂਰਾ ਕਰਨਾ ਚਾਹੀਦਾ ਹੈ।

ਵਿਦੇਸ਼ਾਂ ਵਿਚ ਪੰਜਾਬੀ ਲੋਕਾਂ ਨੂੰ ਇਕੋ ਲੜੀ ਵਿਚ ਪਰੋ ਕੇ ਰੱਖਣਾ ਸਾਡਾ ਲਖਸ਼ ਰਿਹਾ ਹੈ ਅਤੇ ਇਸ ਲਖਸ਼ ਦੀ ਪ੍ਰਾਪਤੀ ਵੱਲ ਹੀ ਸਾਡੇ ਕਦਮ ਜਾ ਰਹੇ ਹਨ।

‘ਕੈਨੇਡਾ ਦਰਪਣ’ ਦੀ ਪੰਜਵੀਂ ਵਰ੍ਹੇ-ਗੰਢ ਉਤੇ ਅਸੀਂ ਇਹੀ ਪ੍ਰਣ ਮੁੜ ਲੈਣਾ ਚਾਹੁੰਦੇ ਹਾਂ ਕਿ ਸਾਡੇ ਲੋਕਾਂ ਦੀ ਏਕਤਾ ਤਾਂ ਹੀ ਕਾਇਮ ਰਹਿ ਸਕਦੀ ਹੈ ਜੇ ਅਸੀਂ ਪੰਜਾਬੀ ਕਦਰਾਂ ਕੀਮਤਾਂ ਨੂੰ ਸਮਝਦੇ ਹੋਏ ਇਸ ਵਿਸ਼ਾਲ ਜਗਤ ਵਿਚ ਆਪਣੇ ਵਿਰਸੇ ਦੀ ਪਹਿਚਾਣ ਸਭ ਤੱਕ ਪੁਚਾ ਸਕੀਏ।

ਹਬੀਬ ਜਾਲਬ

ਜ਼ਿੰਦਾਨਾਂ ਦੇ ਦਰ ਨਈਂ ਖੁਲ੍ਹਦੇ ਹੰਝੂਆਂ ਹਾਵਾਂ ਨਾਲ
ਸੱਜਣਾਂ ਇਹ ਤਾਂ ਖੁਲ੍ਹਣਗੇ, ਲੋਹੇ ਦੀਆਂ ਬਾਹਵਾਂ ਨਾਲ

ਵੇਖ ਜ਼ਮਾਨਾ ਗੱਲ ਕਰਦਾ ਏ, ਅੱਜ ਹਵਾਵਾਂ ਨਾਲ
ਮੰਜ਼ਿਲ ਤੇਰੇ ਹੱਥ ਨਈਂ ਆਉਣੀ ਸਿਰਫ਼ ਦੁਆਵਾਂ ਨਾਲ

ਨ ਭੁਲ ਸਕਿਆ ਨਾ ਭੁਲ ਸਕਦਾਂ ਬਿਆਸ ਦੇ ਕੰਢਿਆਂ ਨੂੰ
ਸਦਾ ਰਵ੍ਹੇਗੀ ਯਾਦ ਇਨ੍ਹਾਂ ਦੀ ਮੇਰਿਆਂ ਸਾਹਵਾਂ ਨਾਲ

ਇਕੋ ਰੁੱਖ ਅੱਖਾਂ ਵਿਚ ਵੱਸਿਆ, ਕੋਈ ਨਾ ਦਿਸਿਆ ਫੇਰ
ਸਾਡਾ ਰਾਹ ਬਦਲ ਸਕਦਾ ਏ ਕੌਣ ਅਦਾਵਾਂ ਨਾਲ


ਖ਼ੌਫ਼ ਦਾ ਸਾਇਆ ਜ਼ਿਹਨ ਆਪਣੇ ਦੇ ਆਉਣ ਨ ਦਿੱਤਾ ਕੋਲ
ਧੰਨ ਜਿਗਰਾ ਸਾਡਾ ਵੀ ‘ਜਾਲਬ’ ਰਹੇ ਬਲਾਵਾਂ ਨਾਲ।
[ਮੀਆਂਵਾਲੀ ਜੇਲ]

ਕੇਂਦਰ ਸੰਤ ਲੌਂਗੋਵਾਲ ਨਾਲ ਕੀਤੇ ਵਾਅਦੇ ਪੂਰੇ ਕਰੇ — ਬਲਵੰਤ ਸਿੰਘ

ਚੰਡੀਗੜ੍ਹ — ਵਿੱਤ ਮੰਤਰੀ ਸ: ਬਲਵੰਤ ਸਿੰਘ ਨੇ ਮੰਗ ਕੀਤੀ ਕਿ ਪਾਕਿਸਤਾਨ ਗਏ ਗੁਮਰਾਹ ਨੌਜਵਾਨਾਂ ਦੇ ਵਾਪਸ ਪੰਜਾਬ ਆਉਣ ਲਈ ਪੰਜਾਬ-ਪਾਕਿਸਤਾਨ ਸਰਹੱਦ ਤੇ ਇਕ ਵਿਸ਼ੇਸ਼ ਥਾਂ ਜਾਂ ਲਾਂਘਾ ਨਿਸਚਿਤ ਕੀਤਾ ਜਾਵੇ। ਅਜਿਹਾ ਕਰਨ ਨਾਲ ਅਜਿਹੇ ਨੌਜਵਾਨਾਂ ਨੂੰ ਦੇਸ਼ ਦੀ ਮੁਖ ਧਾਰਾ ਨਾਲ ਜੋੜਿਆ ਜਾ ਸਕਦਾ ਹੈ। ਸ: ਬਲਵੰਤ ਸਿੰਘ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸੀਮਾ 'ਤੇ ਅਜਿਹਾ ਲਾਂਘਾ ਦੇਣ ਨਾਲ ਪਾਕਿਸਤਾਨ ਤੋਂ ਗੈਰ ਕਾਨੂੰਨੀ ਤੌਰ ਤੇ ਆਉਣ ਵਾਲੇ ਬੰਦਿਆਂ ਤੇ ਰੋਕ ਲਗ ਸਕੇਗੀ ਤੇ ਉਨ੍ਹਾਂ ਦੀ ਚੰਗੀ ਤਰ੍ਹਾਂ ਚੈਕਿੰਗ ਹੋ ਸਕੇਗੀ। ਉਨ੍ਹਾਂ ਇਸ ਗੱਲ ਨੂੰ ਵੀ ਦੁਹਰਾਇਆ ਕਿ ਸਰਹੱਦ ਤੇ ਲੋਕਾਂ ਦੇ ਮਾਰੇ ਜਾਣ ਨਾਲ ਤਨਾਓ ਅਤੇ ਸਿੱਖਾਂ ਵਿਚ ਗੁੱਸਾ ਵਧਦਾ ਹੈ। ਬਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਦਾ ਮਸਲਾ ਸਥਾਨਕ ਮਸਲਾ ਨਹੀਂ ਇਸ ਲਈ ਕੇਂਦਰ ਨੂੰ ਚਾਹੀਦਾ ਹੈ ਕਿ ਇਸ ਦੇ ਹੱਲ ਲਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਤੌਰ ਤੇ ਵੱਡੀ ਪਹਿਲ ਕਰੇ। ਬਹੁਤ ਸਾਰੇ ਦੇਸ਼ ਭਾਰਤ ਦੀ ਪਾਇਦਾਰੀ ਖਤਮ ਕਰਨਾ ਚਾਹੁੰਦੇ ਹਨ ਇਕੱਲੀ ਬਰਨਾਲਾ ਸਰਕਾਰ ਕੁਝ ਨਹੀਂ ਕਰ ਸਕਦੀ। ਵਿੱਤ ਮੰਤਰੀ ਨੇ ਕਿਹਾ ਕਿ ਕੇਂਦਰ ਨੂੰ ਚਾਹੀਦਾ ਹੈ ਕਿ ਜੋਧਪੁਰ ਵਿਚ ਕੈਦ ਬੇਗੁਨਾਹ ਸਿੱਖਾਂ ਨੂੰ ਰਿਹਾਅ ਕਰੇ ਅਤੇ ਸਵਰਗੀ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਕੀਤੇ ਵਾਅਦੇ ਪੂਰੇ ਕਰੇ।

ਟੌਹੜਾ ਵਲੋਂ ਚੋਣ ਲੜਨ ਦੇ ਵਿਰੁਧ ਨਹੀਂ — ਕੈਪਟਨ

ਚੰਡੀਗੜ੍ਹ — ਵਿਧਾਨ ਸਭਾ ਵਿਚ ਬਾਦਲ ਧੜੇ ਦੀ ਵਿਧਾਇਕ ਪਾਰਟੀ ਦੇ ਲੀਡਰ ਕੈਪਟਨ ਅਮਰਿੰਦਰ ਸਿੰਘ ਨੇ ਪ੍ਰੈਸ ਵਿਚ ਛਪੀਆਂ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਣ ਵਾਲੀ ਚੋਣ ਵਿਚ ਸ: ਗੁਰਚਰਨ ਸਿੰਘ ਟੌਹੜਾ ਦੀ ਨਾਮਜ਼ਦਗੀ ਦੇ ਵਿਰੁੱਧ ਹਨ। ਇਥੇ ਇਕ ਪੱਤਰਕਾਰ ਸੰਮੇਲਨ ਵਿਚ ਤਕਰੀਰ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਜੋ ਵੀ ਫੈਸਲਾ ਕਰੇਗੀ, ਉਸ ਦੇ ਉਹ ਪਾਬੰਦ ਹੋਣਗੇ। ਜੇ ਸ: ਟੌਹੜਾ ਨੂੰ ਨਾਮਜ਼ਦ ਕੀਤਾ ਗਿਆ ਤਾਂ ਉਹ ਪੂਰੀ ਤਰ੍ਹਾਂ ਹਿਮਾਇਤ ਕਰਨਗੇ। ਕੈਪਟਨ ਅਮਰਿੰਦਰ ਸਿੰਘ ਨੇ ਅਬੋਹਰ ਨੇੜੇ ਖੁਬਨ ਵਿਖੇ ਹੋਏ ਕਤਲਾਂ ਦੀ ਨਿੰਦਾ ਕਰਦਿਆਂ ਕਿਹਾ ਕਿ ਬੇਗੁਨਾਹ ਲੋਕਾਂ ਨੂੰ ਮਾਰਨਾ ਹਰਗਿਜ਼ ਉਚਿਤ ਨਹੀਂ। ਉਨ੍ਹਾਂ ਨੇ ਸਰਕਾਰੀ ਦਹਿਸ਼ਤਵਾਦ ਅਤੇ ਝੂਠੇ ਪੁਲਸ ਮੁਕਾਬਲਿਆਂ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਪੰਜਾਬ ਵਿਚ ਆਮ ਵਰਗੀ ਸਥਿਤੀ ਪੈਦਾ ਕਰਨ ਲਈ ਸਰਕਾਰੀ ਦਹਿਸ਼ਤਵਾਦ ਅਵਸ਼ ਖਤਮ ਕੀਤਾ ਜਾਣਾ ਚਾਹੀਦਾ ਹੈ, ਨਹੀਂ ਤੇ ਪੰਜਾਬ ਸਮੱਸਿਆ ਹੋਰ ਖਰਾਬ ਹੋ ਜਾਏਗੀ। ਉਨ੍ਹਾਂ ਕਿਹਾ ਕਿ ਅਜਿਹੇ ਘੁਸਪੈਂਠੀਏ ਫੜ ਕੇ ਉਨ੍ਹਾਂ ਵਿਰੁੱਧ ਕਾਨੂੰਨ ਅਨੁਸਾਰ ਮੁਕੱਦਮਾ ਚਲਾਇਆ ਜਾਏ। ਇਕ ਪਾਸੇ ਮੁਖ ਮੰਤਰੀ ਸ: ਬਰਨਾਲਾ ਸਿਖ ਨੌਜਵਾਨਾਂ ਨੂੰ ਭਾਰਤ ਵਾਪਸ ਆਉਣ ਲਈ ਪਰੇਰ ਰਹੇ ਹਨ ਜਦੋਂ ਕਿ ਦੂਸਰੇ ਪਾਸੇ ਵਾਪਸ ਆਉਣ ਵਾਲੇ ਨੌਜਵਾਨਾਂ ਨੂੰ ਸੁਰੱਖਿਆ ਬਲ ਮੌਤ ਦੇ ਘਾਟ ਉਤਾਰ ਰਹੇ ਹਨ। ਸਰਕਾਰ ਦਹਿਸ਼ਤਵਾਦ ਦੇ ਦਮਨ ਚਕਰ ਅਜ਼ਮਾ ਚੁਕੀ ਹੈ ਜਿਸ ਦਾ ਕੋਈ ਲਾਭ ਨਹੀਂ ਹੋਇਆ। ਹੁਣ ਪਿਆਰ ਅਤੇ ਮੁਆਫ ਕਰੋ ਦਾ ਸਾਡਾ ਢੰਗ ਅਜ਼ਮਾ ਕੇ ਵੇਖਿਆ ਜਾਏ। ਅਕਾਲੀ ਲੀਡਰ ਨੇ ਮੰਗ ਕੀਤੀ ਕਿ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ, ਦਮਦਮੀ ਟਕਸਾਲ, ਬਾਬਾ ਦਲ ਤੇ ਜੋਧਪੁਰ ਦੇ ਨਜ਼ਰਬੰਦਾਂ ਸਮੇਤ ਸਾਰੀਆਂ ਸਬੰਧਤ ਧਿਰਾਂ ਨੂੰ ਇਕ ਮੇਜ ਤੇ ਲਿਆ ਕੇ ਗੱਲਬਾਤ ਰਾਹੀਂ ਇਹ ਮਸਲਾ ਹੱਲ ਕੀਤਾ ਜਾਣਾ ਚਾਹੀਦਾ ਹੈ।



ਚੰਡੀਗੜ੍ਹ ਵਿਚ ਸ਼ੁਕਰਵਾਰ ਨੂੰ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵਲੋਂ ਫੀਸਾਂ ਅਤੇ ਬੱਸਾਂ ਦੇ ਕਿਰਾਏ ਵਿਚ ਕੀਤੇ ਗਏ ਵਾਧੇ ਅਤੇ ਨੌਕਰੀਆਂ ਤੇ ਲਗੀਆਂ ਪਾਬੰਦੀਆਂ ਵਿਰੁਧ ਰੋਸ ਪ੍ਰਗਟ ਕਰਨ ਲਈ ਸੈਕਟਰ 17 ਸਥਿਤ ਜਨਰਲ ਬਸ ਸਟੈਂਡ ਤੇ ਵਿਖਾਵਾ ਅਤੇ ਘੇਰਾਓ ਕੀਤਾ ਗਿਆ।
ਅਜੀਤ ਫੋਟੋ : ਟੀ. ਐੱਸ. ਬੇਦੀ

ਪੇਂਡੂ ਖੇਤਰਾਂ 'ਚ ਬਾਲ ਮੌਤ ਦਰ ਦੂਗਣੀ

ਨਵੀਂ ਦਿੱਲੀ — ਭਾਰਤ ਵਿਚ ਇਕ ਹਜ਼ਾਰ ਵਿਚੋਂ ਵੀਹ ਬੱਚੇ ਜਨਮ ਲੈਣ ਵਾਲੇ ਦਿਨ ਹੀ ਮਰ ਜਾਂਦੇ ਹਨ, ਇਕ ਹਫਤੇ ਦੇ ਅੰਦਰ 32 ਅਤੇ ਇਕ ਮਹੀਨੇ ਵਿਚ 60 ਬੱਚੇ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ।

ਏਥੇ ਦੱਖਣੀ ਏਸ਼ੀਆਈ ਬੱਚਿਆਂ ਦੀ ਸਥਿਤੀ ਉਤੇ ਤਿੰਨ ਰੋਜ਼ਾ ਸੰਮੇਲਨ ਹੋ ਰਿਹਾ ਹੈ ਜਿਸਦਾ ਆਯੋਜਨ ਦੱਖਣੀ ਏਸ਼ੀਆ ਖੇਤਰੀ ਸਹਿਯੋਗ ਪਰੀਸ਼ਦ (ਸਾਰਕ) ਕਰਨ ਜਾ ਰਹੀ ਹੈ। ਇਸ ਮੌਕੇ ਤੇ ਸੰਯੁਕਤ ਰਾਸ਼ਟਰ ਬਾਲ ਕੋਸ਼ (ਯੂਨੀਸੈਫ) ਨੇ ਭਾਰਤ ਸਮੇਤ ਸੱਤ ਦੱਖਣੀ ਏਸ਼ੀਆਈ ਦੇਸ਼ਾਂ ਦੇ ਬੱਚਿਆਂ ਦੀ ਸਥਿਤੀ ਉਤੇ ਰਿਪੋਰਟ ਜਾਰੀ ਕੀਤੀ ਹੈ। ਜਿਸ ਵਿਚ ਇਹ ਤੱਥ ਦਿਤੇ ਗਏ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਇਕ ਹਜ਼ਾਰ ਵਿਚੋਂ 105 ਬੱਚੇ ਪੰਜ ਸਾਲ ਦੇ ਹੁੰਦੇ ਹੁੰਦੇ ਮਰ ਜਾਂਦੇ ਹਨ। ਬਾਲ ਮੌਤ ਦੀ ਇਹ ਦਰ ਵਿਕਾਸਸ਼ੀਲ ਦੇਸ਼ਾਂ ਦੇ ਹਿਸਾਬ ਨਾਲ ਵੀ ਕਾਫੀ ਉਚੀ ਹੈ। ਯੂਨੀਸੈਫ ਦੇ ਅਨੁਸਾਰ ਉਤਰ ਪ੍ਰਦੇਸ਼ ਵਿਚ ਚਾਰ ਸਾਲ ਤਕ ਦੀ ਉਮਰ ਦੇ ਇਕ ਹਜ਼ਾਰ ਵਿਚੋਂ ਲਗਭਗ 65 ਬੱਚੇ ਮਰ ਜਾਂਦੇ ਹਨ। ਉਤਰ ਪ੍ਰਦੇਸ਼, ਰਾਜਿਸਥਾਨ, ਮੱਧ ਪ੍ਰਦੇਸ਼ ਉੜੀਸਾ ਅਤੇ ਆਸਾਮ ਨੂੰ ਬਾਲ ਮੌਤ ਦਰ ਵਿਚ ਸਭ ਤੋਂ ਅਗੇ ਦਸਿਆ ਗਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਬਾਲ ਮੌਤ ਦਸਤਾਂ,ਟਿਟਨੈਸ, ਜਨਮ ਦੇ ਸਮੇਂ ਔਸਤ ਨਾਲੋਂ ਘੱਟ ਭਾਰ, ਸਮੇਂ ਤੋਂ ਪਹਿਲਾਂ ਬੱਚੇ ਦੇ ਜਨਮ ਅਤੇ ਸਾਹ ਸਬੰਧੀ ਰੋਗਾਂ ਦੇ ਕਾਰਨ ਹੁੰਦੀ ਹੈ। ਦੱਸਿਆ ਗਿਆ ਹੈ ਕਿ ਸ਼ਹਿਰਾਂ ਦੇ ਮੁਕਾਬਲੇ ਪੇਂਡੂ ਖੇਤਰਾਂ ਵਿਚ ਦੂਗਣੇ ਬਚੇ ਮਰਦੇ ਹਨ। ਭਾਰਤ ਵਿਚ ਇਕ ਹਜ਼ਾਰ ਵਿਚੋਂ 114 ਪੇਂਡੂ ਬਚੇ ਮਰਦੇ ਹਨ ਜਦੋਂ ਕਿ ਸ਼ਹਿਰ ਵਿਚ ਇਹ ਦਰ 65 ਹੈ। ਕਿਹਾ ਗਿਆ ਹੈ ਕਿ ਬਾਲ ਮੌਤ ਦਰ ਦਾ ਇਸ ਗੱਲ ਨਾਲ ਬਹੁਤ ਸਬੰਧ ਹੈ ਕਿ ਬੱਚੇ ਦਾ ਲਿੰਗ ਕੀ ਹੈ, ਮਾਂ ਸਿਖਿਅਤ ਹੈ ਜਾਂ ਅਨਪੜ੍ਹ ਹੈ। ਮਾਂ ਦੀ ਉਮਰ ਅਤੇ ਉਸਦਾ ਰੇਸ਼ਾ ਕੀ ਹੈ। ਮਾਂ ਅਤੇ ਬੱਚੇ ਨੂੰ ਮਿਲਣ ਵਾਲਾ ਆਹਾਰ, ਇਕ ਨਾਲੋਂ ਦੂਸਰੇ ਬੱਚੇ ਦੇ ਜਨਮ ਦਾ ਅੰਤਰ ਅਤੇ ਸ਼ਹਿਰ ਅਤੇ ਪਿੰਡ ਦਾ ਫਰਕ ਵੀ ਇਸ ਗੱਲ ਨੂੰ ਪ੍ਰਭਾਵਿਤ ਕਰਦਾ ਹੈ ਕਿ ਬੱਚੇ ਦੇ ਜੀਵਨ ਦੀ ਮਿਆਦ ਕੀ ਹੋਵੇਗੀ। ਰਿਪੋਰਟ ਦੇ ਅਨੁਸਾਰ ਦੇਸ਼ ਵਿਚ ਜਨਮ ਦੇਣ ਵਾਲੇ ਲਗਭਗ 30 ਫੀ ਸਦੀ ਬੱਚਿਆਂ ਦਾ ਜਨਮ ਦੇ ਸਮੇਂ ਭਾਰ ਢਾਈ ਕਿਲੋ ਨਾਲੋਂ ਵੀ ਘੱਟ ਹੁੰਦਾ ਹੈ। ਜਿਸਦਾ ਮਤਲਬ ਇਹ ਹੈ ਕਿ ਹਰ ਸਾਲ 79 ਤੋਂ 80 ਲੱਖ ਬੱਚੇ ਘੱਟ ਭਾਰ ਦੇ ਹੁੰਦੇ ਹਨ।

'ਕੈਨੇਡਾ ਦਰਪਣ' ਦੀ ਕੀਮਤ ਵਿਚ ਵਾਧਾ

'ਕੈਨੇਡਾ ਦਰਪਣ' ਦੇ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਤੁਹਾਡੇ ਸਹਿਯੋਗ ਕਾਰਨ ਅਸੀਂ ਇਸ ਸਮਰੱਥ ਹੋ ਗਏ ਹਾਂ ਕਿ 'ਕੈਨੇਡਾ ਦਰਪਣ' ਦੇ ਪੰਨਿਆਂ ਵਿਚ ਵਾਧਾ ਕਰ ਸਕੀਏ। 1 ਦਸੰਬਰ, 1986 ਤੋਂ 'ਕੈਨੇਡਾ ਦਰਪਣ' ਹਰ ਹਫਤੇ ਚਾਲੀ ਪੰਨਿਆਂ ਦਾ ਹੋਵੇਗਾ। ਪੰਨੇ ਵਧਣ ਨਾਲ ਖਰਚ ਵਿਚ ਵਾਧਾ ਹੋਣਾ ਕੁਦਰਤੀ ਹੈ। **ਇਸ ਲਈ 1 ਦਸੰਬਰ, 1986 ਤੋਂ ਗਰੇਟਰ ਵੈਨਕੂਵਰ ਵਿਚ 'ਕੈਨੇਡਾ ਦਰਪਣ' ਦੀ ਇਕ ਕਾਪੀ ਦੀ ਕੀਮਤ 50 ਸੈਂਟ ਹੋਵੇਗੀ ਅਤੇ ਗਰੇਟਰ ਵੈਨਕੂਵਰ ਤੋਂ ਬਾਹਰ 65 ਸੈਂਟ ਹੋਵੇਗੀ।**

ਸਾਲਾਨਾ ਚੰਦਾ ਕੈਨੇਡਾ ਲਈ 25 ਡਾਲਰ ਹੀ ਹੋਵੇਗਾ। ਅਮਰੀਕਾ ਲਈ 30 ਡਾਲਰ ਹੀ ਰਹੇਗਾ ਪਰ ਲਾਈਫ ਮੈਂਬਰਸ਼ਿਪ 500 ਡਾਲਰ ਹੋਵੇਗੀ।

—ਸਰਕੂਲੇਸ਼ਨ ਵਿਭਾਗ

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..
Address..
City..
Province..
Postal code..
PHONE.

One Year	25 dollars
Two Year	45 dollars
Three year	65 dollars
Life membership..........	300 dollars
ASIA............................	100 dollars[a year]
U.S.A.	30 dollars [a year]
Europe	100 dollars[a year]
Africa	100 dollars [a year]

ਸਾਡੇ ਸਮਕਾਲੀ ਲਿਖਦੇ ਹਨ:

16 INDO—CANADIAN TIMES, NOV. 7/86

ਕੀ ਸਿੱਖ ਹੱਕ ਪ੍ਰਾਪਤ ਕਰ ਸਕਣਗੇ?

1982 ਤੋਂ ਸਿੱਖ ਮੋਰਚਾ ਚੱਲਿਆ। ਸਿੱਖ ਲੀਡਰਾਂ ਨੇ ਬੜੇ ਨਾਹਰੇ ਲਾਏ, ਜਿਵੇਂ ਕਿ ਹਿੰਦ ਪੰਜਾਬ ਦਾ ਜੰਗ ... ਸਿੱਖਾਂ ਦੀ ਆਖਰੀ ਲੜਾਈ... ਆਦਿ ਆਦਿ ਆਦਿ। ਇਸ ਐਜ਼ੀਟੇਸ਼ਨ ਵਿਚ ਤਿੰਨ ਤਰ੍ਹਾਂ ਦੀਆਂ ਮੰਗਾਂ ਸਨ -

- ਧਾਰਮਿਕ ਮੰਗਾਂ
- ਪੰਜਾਬ ਨਾਲ ਸੰਬੰਧਿਤ ਮੰਗਾਂ, ਤੇ
- ਹਿੰਦੁਸਤਾਨ ਨਾਲ ਸੰਬੰਧਿਤ ਮੰਗਾਂ

ਵੱਧ ਅਧਿਕਾਰਾਂ ਦੀ ਮੰਗ ਹੋਰ ਵੀ ਕਈ ਰਾਜ ਕਰਦੇ ਸਨ। ਸਿਆਣਪ ਦਾ ਤਕਾਜ਼ਾ ਤਾਂ ਇਹ ਮੰਗ ਕਰਦਾ ਸੀ ਕਿ ਪੰਜਾਬ ਨਾਲ ਸੰਬੰਧਿਤ ਮੰਗਾਂ ਲਈ ਪੰਜਾਬ ਵਿਚਲੀਆਂ ਸਾਰੀਆਂ ਪਾਰਟੀਆਂ ਦੀ ਸਾਂਝੀ ਮੀਟਿੰਗ ਕਰਕੇ ਉਸ ਵਿਚ ਰੱਖੀਆਂ ਜਾਂਦੀਆਂ ਤੇ ਜੋ ਜੋ ਪਾਰਟੀਆਂ ਇਹਨਾਂ ਮੰਗਾਂ ਦਾ ਸਮਰਥਨ ਕਰਦੀਆਂ, ਉਹਨਾਂ ਦੀ ਸਾਂਝੀ ਕਮੇਟੀ ਬਣਾ ਕੇ ਐਜ਼ੀਟੇਸ਼ਨ ਉਹਨਾਂ ਦੇ ਅਧੀਨ ਚਲਾਈ ਜਾਂਦੀ ਅਤੇ ਜੋ ਜੋ ਰਾਜ ਵੱਧ ਅਧਿਕਾਰਾਂ ਦੀ ਮੰਗ ਕਰਦੇ ਸਨ, ਉਹਨਾਂ ਰਾਜਾਂ 'ਚੋਂ ਵੀ ਇਕੋ ਵਕਤ ਸਾਂਝੀ ਐਜ਼ੀਟੇਸ਼ਨ ਚਲਦੀ। ਪਰ ਹੋਇਆ ਐਨ ਇਸ ਦੇ ਉਲਟ। ਆਰਥਿਕ ਤੇ ਰਾਜਨੀਤਕ ਮੰਗਾਂ ਨੂੰ ਧਰਮ ਯੁੱਧ ਦਾ ਨਾਂ ਦੇਣਾ, ਆਪਣੇ ਆਪ ਵਿਚ ਇਕ ਵੱਡੀ ਗ਼ਲਤੀ ਸੀ ਜਦਕਿ ਸਿੱਖਾਂ ਨੂੰ ਭਲੀ ਭਾਂਤ ਪਤਾ ਹੈ ਕਿ ਕੇਂਦਰ ਸਿੱਖਾਂ ਨੂੰ ਹਿੰਦੂ ਧਰਮ ਦਾ ਇਕ ਅੰਗ ਸਮਝਦਾ ਹੈ। ਮੋਰਚਾ ਸ਼ੁਰੂ ਹੋਣ ਤੋਂ ਲੈ ਕੇ ਅਖੀਰ ਤੱਕ ਸਿੱਖ ਲੀਡਰ ਮੋਰਚੇ ਵਿਚ ਮੰਗੀਆਂ ਜਾ ਰਹੀਆਂ ਮੰਗਾਂ ਪ੍ਰਤੀ ਸੁਚੇਤ ਹੀ ਨਹੀਂ ਸਨ। ਮੋਰਚੇ ਵਿਚ ਕਈ ਵੇਰਾਂ ਪੈਂਤੜੇਬਾਜ਼ੀ ਬਦਲੀ ਪਰ ਹਰ ਸਮੇਂ ਗ਼ਲਤ ਕਦਮ ਚੁੱਕਿਆ ਗਿਆ।

ਕੇਂਦਰ ਦੇ ਆਮ ਲੀਡਰਾਂ ਨੇ ਅਕਾਲੀ ਲੀਡਰਸ਼ਿਪ (ਕਛਹਿਰੇ ਦੇ ਨਾਲੇ ਜਿੱਡੀ ਬੁੱਧੀ ਰੱਖਣ ਦੀ ਕਹਾਵਤ) ਦਾ ਨਾਸ ਕਰਕੇ ਰੱਖ ਦਿੱਤਾ। ਸਾਰੇ ਹਿੰਦੁਸਤਾਨ ਵਿਚ ਅੱਜ ਸਿੱਖਾਂ ਲਈ ਸਿੱਖ ਸਰੂਪ ਲੈ ਕੇ ਚੱਲਣਾ, ਜਾਨ ਖਤਰੇ ਵਿਚ ਪਾਉਣ ਦੇ ਬਰਾਬਰ ਹੋ ਗਿਆ ਹੈ। ਪਿਛਲੀਆਂ ਚੋਣਾਂ ਵਿਚ ਜੋ ਕਸਰ ਰਹਿੰਦੀ ਸੀ, ਉਹ ਵੀ ਪੂਰੀ ਕਰ ਦਿੱਤੀ ਗਈ ਹੈ। ਅੱਜ ਕਸੂਰ ਭਾਵੇਂ ਅਸੀਂ ਕੇਂਦਰ ਦਾ ਕੱਢਦੇ ਹਾਂ ਪਰ ਅਕਾਲੀਆਂ ਨੇ ਕੇਂਦਰ ਨੂੰ ਇੱਥੋਂ ਤੱਕ ਸਿੱਖਾਂ ਨੂੰ ਜ਼ਲੀਲ ਕਰਨ ਲਈ ਰਾਹ ਪੱਧਰਾ ਕੀਤਾ।

ਪਰ ਸੁਆਲ ਪੈਦਾ ਹੁੰਦਾ ਹੈ ਕਿ ਇੰਨਾਂ ਕੁਝ ਹੋਣ ਦੇ ਬਾਵਜੂਦ ਵੀ ਕੀ ਸਿੱਖਾਂ ਨੇ ਇਸ ਤੋਂ ਕੋਈ ਸਬਕ ਸਿੱਖਿਆ? ਬਾਈ ਮੰਜੀਆਂ, ਅਨੇਕਾਂ ਮਿਸਲਾਂ ਤੇ ਬਣੇ ਬਣਾਏ ਰਾਜ ਨੂੰ ਚਿੰਨ ਮਾਤਰ ਖੁਸ਼ੀ, ਹੰਕਾਰ ਤੇ ਹਊਮੈਂ ਦੀ ਤ੍ਰਿਪਤੀ ਲਈ ਤਬਾਹ ਕਰਨ ਵਾਲੀ ਇਹ ਕੌਮ ਅੱਜ ਵੀ ਉਥੇ ਹੀ ਖੜ੍ਹੀ ਹੈ, ਜਿਥੇ ਗੁਰੂ ਸਾਹਿਬ ਇਸ ਨੂੰ ਛੱਡ ਕੇ ਗਏ ਸਨ।

ਜਦੋਂ ਲੋਕ ਦੂਸਰੇ ਸਿਤਾਰਿਆਂ ਤੇ ਪੁੱਜਣ ਲਈ ਹੰਭਲੇ ਮਾਰ ਰਹੇ ਹਨ ਤਾਂ ਕਨੇਡਾ, ਅਮਰੀਕਾ, ਇੰਗਲੈਂਡ ਜਾਂ ਯੂਰਪ ਦੇ ਹੋਰ ਦੇਸਾਂ ਵਿਚ ਪਿਠਾਂ ਤੇ ਢਾਲਾਂ ਬੰਨ੍ਹੀ ਫਿਰਦੇ ਲੋਕਾਂ ਨੂੰ ਦੇਖ ਕੇ ਦੁਨੀਆਂ ਕਿੰਨੀ ਕੁ ਪ੍ਰਸੰਨ ਹੁੰਦੀ ਹੋਵੇਗੀ? ਹਰ ਕੌਮ ਨੇ ਆਪਣੀਆਂ ਰਵਾਇਤਾਂ ਦਾ ਦਿਨ ਰੱਖਿਆ ਹੁੰਦਾ ਹੈ। ਇਵੇਂ ਹੀ ਸਿੱਖ ਆਪਣਾ ਰਵਾਇਤੀ ਦਿਨ ਵਿਸਾਖੀ ਜਾਂ ਕੋਈ ਹੋਰ ਰੱਖ ਸਕਦੇ ਹਨ, ਜਦੋਂ ਰਿਵਾਇਤੀ ਪੁਸ਼ਾਕ ਪਹਿਨ ਕੇ ਲੋਕਾਂ ਨੂੰ ਸਿੱਖ ਇਤਿਹਾਸ ਪ੍ਰਤੀ ਜਾਣਕਾਰੀ ਦਿੱਤੀ ਜਾ ਸਕੇ।

ਇਸ ਤਰ੍ਹਾਂ ਦੀ ਸੌੜੀ ਸੋਚਣੀ ਤੇ ਸੌੜੀ ਰਾਜਨੀਤੀ ਦੀ ਵਰਤੋਂ ਕਰਕੇ ਸਿੱਖ ਨੇੜਲੇ ਭਵਿੱਖ ਵਿਚ ਕੁਝ ਨਹੀਂ ਪ੍ਰਾਪਤ ਕਰ ਸਕਦੇ। ਜੇ ਇਹਨਾਂ ਨੇ ਆਪਣੇ ਦਾਓ ਪੇਚ ਤੇ ਰਣ - ਨੀਤੀ ਵਿਚ ਪੂਰਨ ਤਬਦੀਲੀ ਨਾ ਕੀਤੀ।

ਵਿਦੇਸ਼ਾਂ ਵਿਚ ਜਿਸ ਤਰ੍ਹਾਂ ਸਿਖ ਲੀਡਰਸ਼ਿਪ ਨੇ ਕੁਰਸੀ ਦੀ ਖਾਤਰ ਆਪੋਧਾਪ ਪਾਈ ਹੋਈ ਹੈ, ਉਸ ਨੂੰ ਦੇਖ ਕੇ ਸਿਆਣਾ ਬੰਦਾ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦਾ ਹੈ। ਇਸ ਆਪੋਧਾਪ ਨੇ ਅਨੇਕਾਂ ਸਰਕਾਰ - ਪੱਖੀ ਲੋਕ ਸਿੰਘ ਸੰਸਥਾਵਾਂ ਵਿਚ ਲਿਆ ਘੁਸਾਏ। ਜਿਹਨਾਂ ਠੀਕ ਸਮੇਂ ਗਲਤ ਕੰਮ ਕਰਕੇ ਢਾਈ - ਤਿੰਨ ਲੱਖ ਡਾਲਰ ਅਮਰੀਕਾ, 6-7 ਲੱਖ ਡਾਲਰ ਕਨੇਡਾ ਤੇ 2-3 ਲੱਖ ਡਾਲਰ ਇੰਗਲੈਂਡ ਮੁਕੱਦਮਿਆਂ ਰਾਹੀਂ ਵਕੀਲਾਂ ਦੀ ਝੋਲੀ ਪੁਆ ਦਿੱਤਾ।

ਅਕਾਲੀ ਲੀਡਰ ਮੋਰਚੇ ਸਮੇਂ ਦਮਗਜੇ ਮਾਰਦੇ ਸਨ ਪਰ ਸਮਝੌਤਾ ਕਰਨ ਗਏ ਹਾਰੇ ਹੋਏ ਜੁਆਰੀਏ ਦੀ ਤਰ੍ਹਾਂ ਚੁੱਪ ਚਾਪ ਸਮਝੌਤਾ ਕਰਕੇ ਆ ਗਏ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਅਕਾਲ ਤਖਤ ਤੇ ਕੀਤੀਆਂ ਅਰਦਾਸਾਂ ਤੇ ਪ੍ਰਣਾਂ ਦੀ ਪ੍ਰਵਾਹ ਨਾ ਕਰਦੇ ਹੋਏ ਚੁੱਪ ਚਾਪ ਸ਼ਾਹ ਮੁਹੰਕਦ ਦੇ ਕਹਿਣ ਅਨੁਸਾਰ 'ਘਰੋਂ ਗਏ ਸੀ ਵੈਰੀ ਦੇ ਮਾਰਨੇ ਨੂੰ, ਸਗੋਂ ਕੁੰਜੀਆਂ ਹੱਥ ਫੜਾਇ ਆਏ'। ਮੋਰਚਾ ਲਾਇਆ ਸੀ ਕੁਝ ਪ੍ਰਾਪਤ ਕਰਨ ਲਈ ਪਰ ਸਭ ਕੁਝ ਲੁਟਾ ਕੇ ਘਰ ਆ ਗਏ।

ਹੈਰਾਨੀ ਹੈ ਕਿ ਅਕਾਲੀ ਲੀਡਰਸ਼ਿਪ ਲੋਕਾਂ ਸਾਹਮਣੇ ਇਸ ਤਰ੍ਹਾਂ ਦਾ ਕੋਰਾ ਝੂਠ ਬੋਲ ਕੇ ਫਿਰ ਪ੍ਰਮਾਣਤ ਕਿਸ ਤਰ੍ਹਾਂ ਰਹਿ ਜਾਂਦੀ ਹੈ? ਬੜੀ ਸਿੱਧੀ ਗੱਲ ਹੈ - ਅਕਾਲੀ ਲੀਡਰ ਪਹਿਲਾਂ ਆਪਣੇ ਹਿਤਾਂ ਦੇ ਜਿਲ੍ਹਾ ਜਥੇਦਾਰ ਥਾਪ ਦਿੰਦੇ ਹਨ। ਫਿਰ ਉਹਨਾਂ ਤੋਂ ਆਪਣੇ ਹੱਕ ਵਿਚ ਫਤਵਾ ਦੁਆ ਦਿੰਦੇ ਹਨ। ਆਮ ਲੋਕਾਂ ਦੀ ਰਾਏ ਸੁਣਨ ਦੀ ਇਹਨਾਂ ਕਦੇ ਪ੍ਰਵਾਹ ਨਹੀਂ ਕੀਤੀ। ਨਾ ਹੀ ਕਦੇ ਜ਼ਰੂਰਤ ਸਮਝੀ ਹੈ। ਇਹੀ ਕਾਰਨ ਹੈ ਕਿ ਜੀਵਨ ਸਿੰਘ ਉਮਰਾਨੰਗਲ ਇਕ ਵੇਰਾਂ ਖਾਲਿਸਤਾਨ ਦਾ ਝੰਡਾ ਜਿਲ੍ਹਾ ਕਚਹਿਰੀ ਤੇ ਝੁਲਾਉਣ ਲਈ ਜਥੇ ਨੂੰ ਲੀਡ ਕਰਦਾ ਹੈ, ਦੂਸਰੀ ਵੇਰਾਂ ਖਾਲਿਸਤਾਨ ਦਾ ਵਿਰੋਧ; ਸੁਖਜਿੰਦਰ ਸਿੰਘ ਇਕ ਵੇਰਾਂ ਖਾਲਿਸਤਾਨ ਦਾ ਨਾਹਰਾ ਮਾਰਦਾ ਹੈ, ਦੂਸਰੀ ਵੇਰਾਂ ਵਿਰੋਧ ਕਰਦਾ ਹੈ; ਟੌਹੜੇ ਵਰਗੇ ਦੀ ਗੱਲ ਕਰਨੀ ਸਿਰਫ ਵਕਤ ਜ਼ਾਇਆ ਕਰਨਾ ਹੈ। ਇਹੀ ਕਾਰਨ ਹੈ ਕਿ ਸਮੇਂ ਅਨੁਸਾਰ ਸਿੱਖਾਂ ਦੀ ਮੰਗ ਕੁਝ ਹੋਰ ਹੁੰਦੀ ਹੈ, ਲੀਡਰ ਕੁਝ ਹੋਰ ਕਰਦੇ ਹਨ।

ਵਿਦੇਸ਼ਾਂ ਵਿਚ ਜਿਸ ਤਰ੍ਹਾਂ ਸਿੱਖ ਲੀਡਰਸ਼ਿਪ ਨੇ ਕੁਰਸੀ ਦੀ ਖਾਤਰ ਆਪੋਧਾਪ ਪਾਈ ਹੋਈ ਹੈ, ਉਸ ਨੂੰ ਦੇਖ ਕੇ ਸਿਆਣਾ ਬੰਦਾ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦਾ ਹੈ। ਇਸ ਆਪੋਧਾਪ ਨੇ ਅਨੇਕਾਂ ਸਰਕਾਰ - ਪੱਖੀ ਲੋਕ ਸਿੰਘ ਸੰਸਥਾਵਾਂ ਵਿਚ ਲਿਆ ਘੁਸਾਏ। ਜਿਹਨਾਂ ਠੀਕ ਸਮੇਂ ਗ਼ਲਤ ਕੰਮ ਕਰਕੇ ਢਾਈ - ਤਿੰਨ ਲੱਖ ਡਾਲਰ ਅਮਰੀਕਾ, 6-7 ਲੱਖ ਡਾਲਰ ਕਨੇਡਾ ਤੇ 2-3 ਲੱਖ ਡਾਲਰ ਇੰਗਲੈਂਡ ਮੁਕੱਦਮਿਆਂ ਰਾਹੀਂ ਵਕੀਲਾਂ ਦੀ ਝੋਲੀ ਪੁਆ ਦਿੱਤਾ।

ਅਹਿਮਕਪੁਣੇ ਵਿਚ ਹਾਵਲੇ ਹੋਏ ਸਿੱਖ ਨਜਵਾਨ ਅਜੇ ਵੀ ਇਹ ਵਿਆਖਿਆ ਕਰਨ ਲਈ ਤਿਆਰ ਨਹੀਂ ਕਿ ਇਸ ਪਿੱਛੇ ਕਿਸ ਦਾ ਹੱਥ ਹੈ? ਕੌਣ ਗਰਮ ਨਾਹਰਿਆਂ ਤੇ ਧੂੰਆਂਧਾਰ ਗਰਮ ਸਪੀਚਾਂ ਰਾਹੀਂ ਕੁਫਰ ਤੋਲਦਾ ਸੀ? ਇਕ ਦੇ ਮੁਕਾਬਲੇ ਦੂਸਰੀ ਸੰਸਥਾ ਤੇ ਅਦਾਰੇ ਖੜ੍ਹੇ ਕਰਕੇ ਕੌਮ ਦੇ ਸਾਧਨਾਂ ਨੂੰ ਕਮਜ਼ੋਰ ਕਿਸ ਨੇ ਕੀਤਾ?

ਹੱਕ ਪ੍ਰਾਪਤ ਕਰਨ ਦੀ ਕੋਈ ਵੀ ਲਹਿਰ ਮਨੁੱਖੀ ਸਰੀਰ ਦੀ ਤਰ੍ਹਾਂ ਹੁੰਦੀ ਹੈ। ਸਰੀਰ ਦੇ ਕਿਸੇ ਅੰਗ ਨੂੰ ਦਿਮਾਗ ਜੋ ਆਦੇਸ਼ ਕਰਦਾ ਹੈ, ਉਹੀ ਕੰਮ ਉਹ ਅੰਗ ਕਰਦਾ ਹੈ। ਜ਼ਰਾ ਸੋਚੋ, ਜੇ ਸਰੀਰ ਤੇ ਇਕ ਦੀ ਥਾਂ ਦੋ ਜਾਂ ਤਿੰਨ ਸਿਰ (ਭਾਵ ਦਿਮਾਗ਼) ਲਾ ਦਿੱਤੇ ਜਾਣ, ਤਾਂ ਇਹ ਸਰੀਰ ਕਿਸ ਤਰ੍ਹਾਂ ਤੇ ਕਿੰਨਾਂ ਕਿੰਨਾਂ ਕੰਮ ਕਰ ਸਕੇਗਾ?

ਗਰੀਬ ਹਿੰਦੂਆਂ ਦਾ ਕਤਲ ਕਰਕੇ ਕੀ ਪ੍ਰਾਪਤ ਕਰ ਸਕੋਗੇ? ਹੱਕ ਪ੍ਰਾਪਤ ਕਰਨ ਲਈ ਤੇ ਰਾਜ ਕਰਨ ਲਈ ਸਾਰੇ ਲੋਕਾਂ ਦੀ ਸਹਿਮਤੀ ਦੀ ਜ਼ਰੂਰਤ ਹੁੰਦੀ ਹੈ। ਰਾਜ ਵਿਚ ਹਰ ਤਰ੍ਹਾਂ ਦੇ ਲੋਕ ਹੁੰਦੇ ਹਨ। ਦੁਨੀਆਂ ਦੇ ਕਿਸੇ ਰਾਜ ਵਿਚ ਅੱਜ ਤੱਕ ਇਕੋ ਤਰ੍ਹਾਂ ਦੇ ਲੋਕ ਨਹੀਂ ਹੋ ਸਕੇ, ਭਾਵੇਂ ਕਿ ਵੱਖ

ਕੇਂਦਰ ਦੇ ਆਮ ਲੀਡਰਾਂ ਨੇ ਅਕਾਲੀ ਲੀਡਰਸ਼ਿਪ (ਕਛਹਿਰੇ ਦੇ ਨਾਲੇ ਜਿੱਡੀ ਬੁੱਧੀ ਰੱਖਣ ਦੀ ਕਹਾਵਤ) ਦਾ ਨਾਸ ਕਰਕੇ ਰੱਖ ਦਿੱਤਾ। ਸਾਰੇ ਹਿੰਦੁਸਤਾਨ ਵਿਚ ਅੱਜ ਸਿੱਖਾਂ ਲਈ ਸਿੱਖ ਸਰੂਪ ਲੈ ਕੇ ਚੱਲਣਾ, ਜਾਨ ਖਤਰੇ ਵਿਚ ਪਾਉਣ ਦੇ ਬਰਾਬਰ ਹੋ ਗਿਆ ਹੈ। ਪਿਛਲੀਆਂ ਚੋਣਾਂ ਵਿਚ ਜੋ ਕਸਰ ਰਹਿੰਦੀ ਸੀ, ਉਹ ਵੀ ਪੂਰੀ ਕਰ ਦਿੱਤੀ ਗਈ ਹੈ। ਅੱਜ ਕਸੂਰ ਭਾਵੇਂ ਅਸੀਂ ਕੇਂਦਰ ਦਾ ਕੱਢਦੇ ਹਾਂ ਪਰ ਅਕਾਲੀਆਂ ਨੇ ਕੇਂਦਰ ਨੂੰ ਇਥੋਂ ਤੱਕ ਸਿੱਖਾਂ ਨੂੰ ਜ਼ਲੀਲ ਕਰਨ ਲਈ ਰਾਹ ਪੱਧਰਾ ਕੀਤਾ।

ਜਦੋਂ ਲੋਕ ਦੂਸਰੇ ਸਿਤਾਰਿਆਂ ਤੇ ਪੁੱਜਣ ਲਈ ਹੰਭਲੇ ਮਾਰ ਰਹੇ ਹਨ ਤਾਂ ਕਨੇਡਾ, ਅਮਰੀਕਾ, ਇੰਗਲੈਂਡ ਜਾਂ ਯੂਰਪ ਦੇ ਹੋਰ ਦੇਸਾਂ ਵਿਚ ਪਿਠਾਂ ਤੇ ਢਾਲਾਂ ਬੰਨ੍ਹੀ ਫਿਰਦੇ ਲੋਕਾਂ ਨੂੰ ਦੇਖ ਕੇ ਦੁਨੀਆਂ ਕਿੰਨੀ ਕੁ ਪ੍ਰਸੰਨ ਹੁੰਦੀ ਹੋਵੇਗੀ? ਹਰ ਕੌਮ ਨੇ ਆਪਣੀਆਂ ਰਵਾਇਤਾਂ ਦਾ ਦਿਨ ਰੱਖਿਆ ਹੁੰਦਾ ਹੈ। ਇਵੇਂ ਹੀ ਸਿੱਖ ਆਪਣਾ ਰਵਾਇਤੀ ਦਿਨ ਵਿਸਾਖੀ ਜਾਂ ਕੋਈ ਹੋਰ ਰੱਖ ਸਕਦੇ ਹਨ, ਜਦੋਂ ਰਿਵਾਇਤੀ ਪੁਸ਼ਾਕ ਪਹਿਨ ਕੇ ਲੋਕਾਂ ਨੂੰ ਸਿੱਖ ਇਤਿਹਾਸ ਪ੍ਰਤੀ ਜਾਣਕਾਰੀ ਦਿੱਤੀ ਜਾ ਸਕੇ।

ਵੱਖ ਸਮੇਂ ਕਈ ਰਾਜਿਆਂ ਨੇ ਇਹ ਕੋਸ਼ਿਸ਼ ਜ਼ਰੂਰ ਕੀਤੀ ਹੈ। ਕਿਸੇ ਨੂੰ ਜਬਰੀ ਆਪਣੇ ਧਰਮ ਵਿਚ ਲਿਆਉਣਾ ਜਾਂ ਵਿਰੋਧੀ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਨੂੰ ਸਿਰਫ ਇਸ ਕਰਕੇ ਮਾਰ ਦੇਣਾ, ਕਿ ਉਸ ਦਾ ਧਰਮ ਤੁਹਾਡੇ ਨਾਲੋਂ ਵੱਖਰਾ ਹੈ, ਇਹ ਸਭ ਕੁਝ ਸਿੱਖ ਧਰਮ ਦੇ ਅਸੂਲਾਂ ਦੇ ਵੀ ਉਲਟ ਹੈ।

ਵਿਦੇਸ਼ਾਂ ਵਿਚਲੇ ਸਿੱਖ ਲੀਡਰਾਂ ਨੂੰ ਜੂਨ, 1984 ਤੋਂ ਪਿੱਛੋਂ ਅਪਣਾਈ ਗਰਮ ਨੀਤੀ ਤੇ 'ਮਾਰ ਦਿਓ', 'ਕੁਚਲ ਦਿਓ' ਅਤੇ ਕ੍ਰਿਪਾਨਾਂ ਕੱਢ ਕੇ ਨਾਚ ਕਰਨ ਦੀ ਪਾਲਿਸੀ ਨੂੰ ਪੂਰਨ ਤੌਰ ਤੇ ਤਿਆਗ ਕੇ ਸੋਝੀ ਵਾਲੀ ਗੁਪਤ ਪਾਲਿਸੀ - 'ਕਰੋ ਹੋਰ, ਦੱਸੋ ਹੋਰ' ਜੋ ਗੁਰੀਲਾ ਲੜਾਈ ਦਾ ਮੁਖ ਅਸੂਲ ਹੈ, ਅਪਨਾਉਣਾ ਪਵੇਗਾ। ਪੰਜਾਬ ਵਿਚ .12 ਬੋਰ ਦੇ ਦੇਸੀ ਪਿਸਤੌਲ ਲਈ ਫਿਰਦੇ ਨੌਜਵਾਨ, ਜੋ ਸਿੱਖਾਂ ਦਾ ਕਚੂੰਮਰ ਕੱਢੀ ਜਾ ਰਹੇ ਹਨ, ਦੇ ਨੱਥ ਪਾ ਕੇ ਇਕ ਕੇਂਦਰੀ ਕਮਾਂਡ ਹੇਠ ਗੁਰੀਲਾ ਯੁੱਧ ਲੜਨਾ ਪਵੇਗਾ।

ਜਦੋਂ ਤੱਕ ਸੋਝੀ ਤੋਂ ਕੰਮ ਲੈ ਕੇ ਆਪਣੇ ਵਿਚ ਘੁਸੇ ਸਰਕਾਰੀ ਸਹਿਮਤੀ ਦੇ ਬੰਦਿਆਂ ਨੂੰ ਪਰਖ ਕੇ ਜੋ ਗਰਮ ਤੇ ਅੱਗ - ਲਾਊ ਨਾਹਰੇ ਲਾ ਕੇ ਕੌਮ ਦਾ ਭੱਠਾ ਬਿਠਾ ਰਹੇ ਹਨ, ਬਾਹਰ ਕੱਢ ਕੇ ਨਹੀਂ ਸੁੱਟੋਗੇ, ਸਿੱਖ ਉਤਨੀ ਦੇਰ ਤੱਕ ਕੁਝ ਪ੍ਰਾਪਤ ਨਹੀਂ ਕਰ ਸਕਣਗੇ।

ਗਰੀਬ ਹਿੰਦੂਆਂ ਦਾ ਕਤਲ ਕਰਕੇ ਕੀ ਪ੍ਰਾਪਤ ਕਰ ਸਕੋਗੇ ਹੱਕ ਪ੍ਰਾਪਤ ਕਰਨ ਲਈ ਤੇ ਰਾਜ ਕਰਨ ਲਈ ਸਾਰੇ ਲੋਕਾਂ ਦੀ ਸਹਿਮਤੀ ਦੀ ਜ਼ਰੂਰਤ ਹੁੰਦੀ ਹੈ। ਰਾਜ ਵਿਚ ਹਰ ਤਰ੍ਹਾਂ ਦੇ ਲੋਕ ਹੁੰਦੇ ਹਨ। ਦੁਨੀਆਂ ਦੇ ਕਿਸੇ ਰਾਜ ਵਿਚ ਅੱਜ ਤੱਕ ਇਕੋ ਤਰ੍ਹਾਂ ਦੇ ਲੋਕ ਨਹੀਂ ਹੋ ਸਕੇ, ਭਾਵੇਂ ਕਿ ਵੱਖ ਵੱਖ ਸਮੇਂ ਕਈ ਰਾਜਿਆਂ ਨੇ ਇਹ ਕੋਸ਼ਿਸ਼ ਜ਼ਰੂਰ ਕੀਤੀ ਹੈ। ਕਿਸੇ ਨੂੰ ਜਬਰੀ ਆਪਣੇ ਧਰਮ ਵਿਚ ਲਿਆਉਣਾ ਜਾਂ ਵਿਰੋਧੀ ਧਰਮ ਵਿਚ ਵਿਸ਼ਵਾਸ਼ ਰੱਖਣ ਵਾਲੇ ਨੂੰ ਸਿਰਫ ਇਸ ਕਰਕੇ ਮਾਰ ਦੇਣਾ, ਕਿ ਉਸ ਦਾ ਧਰਮ ਤੁਹਾਡੇ ਨਾਲੋਂ ਵੱਖਰਾ ਹੈ, ਇਹ ਸਭ ਕੁਝ ਸਿੱਖ ਧਰਮ ਦੇ ਅਸੂਲਾਂ ਦੇ ਵੀ ਉਲਟ ਹੈ।

ਜਦੋਂ ਤੱਕ ਸੋਝੀ ਤੋਂ ਕੰਮ ਲੈ ਕੇ ਆਪਣੇ ਵਿਚ ਘੁਸੇ ਸਰਕਾਰੀ ਸਹਿਮਤੀ ਦੇ ਬੰਦਿਆਂ ਨੂੰ ਪਰਖ ਕੇ ਜੋ ਗਰਮ ਤੇ ਅੱਗ - ਲਾਊ ਨਾਹਰੇ ਲਾ ਕੇ ਕੌਮ ਦਾ ਭੱਠਾ ਬਿਠਾ ਰਹੇ ਹਨ, ਬਾਹਰ ਕੱਢ ਕੇ ਨਹੀਂ ਸੁੱਟੋਗੇ, ਸਿੱਖ ਉਤਨੀ ਦੇਰ ਤੱਕ ਕੁਝ ਪ੍ਰਾਪਤ ਨਹੀਂ ਕਰ ਸਕਣਗੇ।

ਪੁਲੀਸ ਕੇਸਾਂ ਕਾਰਨ ਚਾਰ ਮੰਤਰੀ ਪਰੇਸ਼ਾਨ

ਚੰਡੀਗੜ੍ਹ — ਪੰਜਾਬ ਦੇ ਚਾਰ ਮੰਤਰੀ ਵੱਖ ਵੱਖ ਪੁਲੀਸ ਕੇਸਾਂ ਕਾਰਨ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਕਈ ਮਾਮਲਿਆਂ ਨਾਲ ਉਹ ਸਿੱਧੇ ਤੌਰ ਉਤੇ ਸਬੰਧਤ ਹਨ ਅਤੇ ਕਈਆਂ ਵਿਚ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਉਲਝਣ ਪਾਈ ਹੋਈ ਹੈ। ਖੇਤੀਬਾੜੀ ਮੰਤਰੀ ਹਰਭਜਨ ਸਿੰਘ ਸੰਧੂ, ਪੰਚਾਇਤ ਮੰਤਰੀ ਬਲਦੇਵ ਸਿੰਘ ਖਿਆਲਾ, ਮਾਲ ਮੰਤਰੀ ਮੇਜਰ ਸਿੰਘ ਉਬੋਕੇ ਅਤੇ ਤਕਨੀਕੀ ਸਿਖਿਆ ਬਾਰੇ ਰਾਜ ਮੰਤਰੀ ਨਿਰਮਲ ਸਿੰਘ ਕਾਹਲੋਂ ਕਿਸੇ ਨਾ ਕਿਸੇ ਰੂਪ ਵਿਚ ਇਨ੍ਹਾਂ ਕੇਸਾਂ ਨਾਲ ਜੁੜੇ ਹੋਏ ਹਨ। ਸ. ਸੰਧੂ ਦਾ ਅੰਮ੍ਰਿਤਸਰ ਵਿਚ ਪੁਲੀਸ ਇੰਸਪੈਕਟਰ ਨਾਲ ਝਗੜੇ ਦਾ ਕੇਸ ਅਜੇ ਤਕ ਖਤਮ ਨਹੀਂ ਹੋਇਆ। ਇਸ ਕੇਸ ਵਿਚ ਉਨ੍ਹਾਂ ਉਤੇ ਪੁਲਸ ਅਧਿਕਾਰੀ ਦੀ ਖਿਚ-ਧੂਹ ਕਰਨ ਅਤੇ ਸਰਕਾਰੀ ਰਿਵਾਲਵਰ ਖੋਹਣ ਦਾ ਦੋਸ਼ ਹੈ। ਇਸ ਘਟਨਾ ਵਿਚ ਸ. ਸੰਧੂ ਨੇ ਪੁਲੀਸ ਅਧਿਕਾਰੀ ਦਾ ਰਿਵਾਲਵਰ ਅਗਲੇ ਦਿਨ ਜ਼ਿਲਾ ਪੁਲੀਸ ਮੁਖੀ ਨੂੰ ਪੇਸ਼ ਕੀਤਾ ਸੀ ਪੁਲਸ ਹਲਕਿਆਂ ਦਾ ਕਹਿਣਾ ਹੈ ਕਿ ਇਸ ਕੇਸ ਵਿਚ ਸ. ਸੰਧੂ ਦਾ ਚਲਾਨ ਅਦਾਲਤ ਵਿਚ ਪੇਸ਼ ਹੋਣਾ ਯਕੀਨੀ ਹੈ।

ਰਜਿਸਟਰੀ — ਪੰਚਾਇਤ ਮੰਤਰੀ ਬਲਦੇਵ ਸਿੰਘ ਖਿਆਲਾ ਦੇ ਨਜ਼ਦੀਕੀ ਰਿਸ਼ਤੇਦਾਰ ਮਾਨਸਾ ਵਿਚ ਇਕ ਹਾਤਾ ਕਥਿਤ ਤੌਰ ਉਤੇ ਰੋਕਣ ਦੇ ਕੇਸ਼ ਵਿਚ ਸ਼ਾਮਲ ਹਨ। ਪਤਾ ਲੱਗਾ ਹੈ ਕਿ ਸ: ਖਿਆਲਾ ਦੇ ਰਿਸ਼ਤੇਦਾਰਾਂ ਨੇ ਹਾਤੇ ਦੀ 50 ਹਜ਼ਾਰ ਰੁਪਏ ਦੀ ਕਥਿਤ ਤੌਰ 'ਤੇ ਜਾਅਲੀ ਰਜਿਸਟਰੀ ਕਰਵਾਈ ਸੀ। ਇਹ ਜਾਇਦਾਦ ਘਟੋ ਘਟ ਪੰਦਰਾਂ ਲੱਖ ਰੁਪਏ ਦੀ ਹੈ। ਬਾਅਦ ਵਿਚ ਹਾਤੇ ਦੇ ਵਾਰਸਾਂ ਨੇ ਇਸ ਕਾਰਵਾਈ ਦਾ ਵਿਰੋਧ ਕੀਤਾ। ਉਨ੍ਹਾਂ ਨੇ ਪ੍ਰਧਾਨ ਮੰਤਰੀ ਕੋਲ ਵੀ ਸ਼ਕਾਇਤ ਕੀਤੀ। ਸਮਝਿਆ ਜਾਂਦਾ ਹੈ ਕਿ ਇਨਾਂ ਕਾਰਨ ਹੀ ਐਸ. ਐਸ. ਪੀ. ਬਠਿੰਡਾ ਤਬਦੀਲ ਕੀਤਾ ਗਿਆ।

ਮਾਲ ਮੰਤਰੀ ਸ. ਉਬੋਕੇ ਦੇ ਲੜਕੇ ਉਤੇ ਇਕ ਵਿਧਵਾ ਦੀ ਜ਼ਬਰਦਸਤੀ ਜ਼ਮੀਨ ਹੜੱਪਣ ਦਾ ਕੇਸ ਬਣਿਆ ਹੋਇਆ ਹੈ।

ਕਰਮਜੀਤ ਨੇ ਪਿਸਤੌਲ ਟੈਸਟ ਕਰਨ ਲਈ ਬੰਦਾ ਮਾਰਿਆ ਸੀ?

ਨਵੀਂ ਦਿੱਲੀ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਉਪਰ 2 ਅਕਤੂਬਰ ਨੂੰ ਅਸਫਲ ਹਮਲਾ ਕਰਨ ਵਾਲੇ ਕਰਮਜੀਤ ਸਿੰਘ ਨੇ ਕੁਝ ਮਹੀਨੇ ਪਹਿਲਾਂ ਪਿਸਤੌਲ ਨੂੰ ਟੈਸਟ ਕਰਨ ਲਈ ਇਕ ਕਤਲ ਕੀਤਾ ਸੀ। ਹੁਣ ਤੱਕ ਗ੍ਰਿਫਤਾਰ ਕੀਤੇ ਪੰਜ ਵਿਅਕਤੀਆਂ ਤੋਂ ਸੀ. ਬੀ. ਆਈ. ਦੁਆਰਾ ਕੀਤੀ ਪੁੱਛਗਿਛ ਦੇ ਅਧਾਰ 'ਤੇ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਘਟਨਾ ਇਕ ਡੂੰਘੀ ਸਾਜ਼ਿਸ਼ ਸੀ।

ਸੂਤਰਾਂ ਅਨੁਸਾਰ ਉਸ ਦੁਆਰਾ ਵਰਤਿਆ ਪਿਸਤੌਲ ਭਾਵੇਂ ਸਧਾਰਨ ਸੀ ਪਰ ਗੋਲੀਆਂ ਸ਼ਕਤੀਸ਼ਾਲੀ ਸਨ। ਅਪਰੇਸ਼ਨ ਬਲਿਊ ਸਟਾਰ ਪਿਛੋਂ ਕਰਮਜੀਤ ਸਿੰਘ ਨੂੰ ਅੰਮ੍ਰਿਤਸਰ 'ਚੋਂ ਗ੍ਰਿਫਤਾਰ ਕੀਤਾ ਗਿਆ ਸੀ ਪਰ ਬਾਅਦ 'ਚ ਅਦਾਲਤ ਨੇ ਉਸ ਨੂੰ ਰਿਹਾਅ ਕਰ ਦਿਤਾ ਸੀ। ਇਸ ਕੇਸ ਦਾ ਪੰਜਵਾਂ ਦੋਸ਼ੀ ਪਰਮਜੀਤ ਸਿੰਘ ਹੈ ਜੋ ਕਿ ਪੰਜਾਬ ਪੁਲੀਸ ਦੇ ਇਕ ਸਿਪਾਹੀ ਦਾ ਲੜਕਾ ਹੈ। ਉਸ ਨੇ ਪੰਜਾਬ 'ਚ ਕਈ ਥਾਈਂ ਇਮਾਰਤਾਂ ਉਪਰ 'ਖਾਲਿਸਤਾਨ' ਦੇ ਝੰਡੇ ਲਹਿਰਾਏ ਸਨ ਤੇ ਖਾਲਿਸਤਾਨ-ਪੱਖੀ ਕਿਤਾਬਚੇ ਵੀ ਵੰਡੇ ਸਨ।

ਕਰਮਜੀਤ ਸਿੰਘ ਤੇ ਤਿੰਨ ਹੋਰਾਂ ਨੂੰ ਕਿਸੇ ਅਣਪਛਾਤੀ ਥਾਂ ਮੁੱਖ ਮੈਟਰੋਪਾਲੀਟਨ ਮੈਜਿਸਟਰੇਟ ਸੁਭਾਸ਼ ਵਾਸਨ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਸ ਨੇ ਚੌਹਾਂ ਦਾ 13 ਨਵੰਬਰ ਤੱਕ ਪੁਲੀਸ ਰਿਮਾਂਡ ਦੇ ਦਿਤਾ। ਬਾਕੀ ਤਿੰਨਾਂ ਦੇ ਨਾਂ ਅਮਰਜੀਤ ਸਿੰਘ, ਪਰੇਮ ਸਿੰਘ ਅਤੇ ਬਲਦੇਵ ਸਿੰਘ ਮਸਤਾਨਾ ਹਨ। ਇਸ ਕੇਸ ਵਿਚ ਫੜੇ ਪਰਮਜੀਤ ਸਿੰਘ ਦਾ ਸੀ. ਬੀ. ਆਈ. ਪਹਿਲਾਂ ਹੀ 30 ਨਵੰਬਰ ਤਕ ਰਿਮਾਂਡ ਲੈ ਚੁਕੀ ਹੈ।

ਹੱਤਿਆਵਾਂ 'ਬਦਲਾ' ਲੈਣ ਲਈ

ਖੁੱਭਣ — ਇਸ ਪਿੰਡ ਵਿਚ ਸੱਤ ਵਿਅਕਤੀਆਂ ਨੂੰ ਕਤਲ ਕਰਨ ਵਾਲੇ ਅਤਿਵਾਦੀਆਂ ਨੇ ਇਕ ਪੱਤਰ ਵਿਚ ਕਿਹਾ ਹੈ ਕਿ ਉਨ੍ਹਾਂ ਇਹ ਕਾਰਵਾਈ ਝੂਠੇ ਮੁਕਾਬਲਿਆਂ ਦਾ ਬਦਲਾ ਲੈਣ ਲਈ ਕੀਤੀ ਹੈ ਅਤੇ ਪੁਲੀਸ ਨੂੰ ਕਿਹਾ ਹੈ ਕਿ ਅਜਿਹੇ ਮੁਕਾਬਲੇ ਕਰਨੇ ਬੰਦ ਕਰੇ। ਇਸ ਪਿੰਡ ਦੀ ਇਕ ਔਰਤ ਧੰਨੋ ਨੂੰ ਦਿੱਤੀ ਗਈ ਇਕ ਪਰਚੀ ਵਿਚ ਦਸ਼ਮੇਸ਼ ਰਜਮੈਂਟ ਵਲੋਂ ਇਹ ਗੱਲ ਕਹੀ ਗਈ ਹੈ। ਇਹ ਪਰਚੀ ਕਤਲ ਕਰਕੇ ਜਾ ਰਹੇ ਅਤਿਵਾਦੀਆਂ ਨੇ ਆਪਣੇ ਘਰ ਅੱਗੇ ਖੜੀ ਇਕ ਔਰਤ ਨੂੰ ਫੜਾ ਕੇ ਇਹ ਪੁਲੀਸ ਹਵਾਲੇ ਕਰਨ ਦੀ ਹਦਾਇਤ ਕੀਤੀ ਸੀ।

ਇਸ ਪਰਚੀ ਵਿਚ ਕਿਹਾ ਗਿਆ ਹੈ ਕਿ ਹਰਪਾਲ ਸਿੰਘ ਪੱਪੂ ਅਤੇ ਕੁਲਦੀਪ ਸਿੰਘ ਪੱਪੂ ਨੂੰ ਪੁਲੀਸ ਨੇ ਗ੍ਰਿਫਤਾਰ ਕਰਨ ਮਗਰੋਂ ਮੁਕਾਬਲਾ ਬਣਾ ਕੇ ਮਾਰਿਆ ਹੈ।

ਸੱਤ ਵਿਅਕਤੀਆਂ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ। ਇਨ੍ਹਾਂ ਵਿਚ ਚਾਰ ਹਰੀਜਨ ਅਤੇ ਤਿੰਨ ਅਰੋੜਾ ਖੱਤਰੀ ਹਨ। ਭਾਵੇਂ ਅਧਿਕਾਰੀ ਮ੍ਰਿਤਕਾਂ ਵਿਚ ਦੋਵਾਂ ਵਰਗਾਂ ਦੇ ਲੋਕਾਂ ਨੂੰ ਸ਼ਾਮਲ ਦੱਸ ਰਹੇ ਹਨ ਪਰ ਉਹ ਸਾਰੇ ਮੋਨੇ ਸਨ। ਕੁਝ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਹਮਲਾਵਰਾਂ ਵਿਚੋਂ ਇਕ ਨੇ ਪੱਗ ਬੰਨ੍ਹੀ ਹੋਈ ਸੀ ਜਦੋਂ ਕਿ ਦੋ ਮੋਨੇ ਸਨ।

ਅਮਰੀਕਾ 'ਚ ਬੱਚੇ ਵੀ 'ਏਡਜ਼' ਦਾ ਸ਼ਿਕਾਰ

ਵਾਸ਼ਿੰਗਟਨ — ਭਿਆਨਕ ਬਿਮਾਰੀ 'ਏਡਜ਼' ਦਾ ਸ਼ਿਕਾਰ ਹੁਣ ਮਾਸੂਮ ਬੱਚੇ ਵੀ ਹੋਣ ਲੱਗ ਪਏ ਹਨ।


ਅਮਰੀਕਨ ਮੈਡੀਕਲ ਸੂਤਰਾਂ ਅਨੁਸਾਰ ਅਮਰੀਕਾ 'ਚ 1991. ਤੱਕ ਲੱਗਭਗ 10,000 ਬੱਚਿਆਂ ਦਾ ਇਸ ਬਿਮਾਰੀ ਦੇ ਸ਼ਿਕਾਰ ਹੋ ਜਾਣ ਦਾ ਡਰ ਹੈ।

ਬਹੁਤੇ ਬੱਚੇ ਇਹ ਬਿਮਾਰੀ ਆਪਣੀਆਂ ਉਨ੍ਹਾਂ ਮਾਵਾਂ ਤੋਂ ਲੈਣਗੇ, ਜੋ ਨਸ਼ੀਲੀਆਂ ਵਸਤਾਂ ਵਰਤਦੀਆਂ ਹਨ। ਨਿਊਜਰਸੀ ਦੇ ਡਾਕਟਰ ਜੇਮਜ਼ ਔਲੇਸਕੇ ਦਾ ਕਹਿਣਾ ਹੈ ਕਿ ਜ਼ਰੂਰੀ ਨਹੀਂ ਇਨ੍ਹਾਂ ਮਾਵਾਂ 'ਚ ਏਡਜ਼ ਦੇ ਚਿੰਨ੍ਹ ਪ੍ਰਗਟ ਹੋਣ।

ਡਾਕ੍ਟਰ ਅਨੁਸਾਰ ਹੁਣ ਤੱਕ ਅਮਰੀਕਾ 'ਚ 'ਏਡਜ' ਦੇ ਸ਼ਿਕਾਰ 500 ਬੱਚਿਆਂ ਦੇ ਕੇਸ ਸਾਹਮਣੇ ਆ ਚੁਕੇ ਹਨ। ਬਹੁਤਿਆਂ ਦਾ ਪਤਾ ਹੀ ਨਹੀਂ ਲੱਗਦਾ ਅਤੇ ਅਸਲੀ ਗਿਣਤੀ 2000 ਤੱਕ ਹੈ।

ਅਮਰੀਕਾ 'ਚ ਹੁਣ ਤੱਕ ਇਸ ਭਿਆਨਕ ਬਿਮਾਰੀ ਦੇ ਸ਼ਿਕਾਰ 26,000 ਕੇਸ ਸਾਹਮਣੇ ਆ ਚੁਕੇ ਹਨ ਅਤੇ ਮੈਡੀਕਲ ਅਧਿਕਾਰੀਆਂ ਨੂੰ ਡਰ ਹੈ ਕਿ ਅਗਲੇ ਪੰਜ ਸਾਲਾਂ 'ਚ ਇਹ ਗਿਣਤੀ 250,000 ਤੱਕ ਪੁਜ ਜਾਵੇਗੀ।

ਵੈਨ ਸਿਟੀ ਬੈਂਕ ਦੇ ਚੇਅਰਮੈਨ ਡੇਵਿਡ ਲੇਵੀ ਰਛਪਾਲ ਗਿੱਲ ਨਾਲ



ਵਿਸ਼ੇਸ਼ ਗੁਰੂ ਨਾਨਕ ਸਪਲੀਮੈਂਟ

ਮਹਾਨ ਕ੍ਰਾਂਤੀਕਾਰੀ ਗੁਰੂ ਨਾਨਕ

ਜਸਵੰਤ ਸਿੰਘ ਜਸ

ਗੁਰੂ ਨਾਨਕ ਸਾਹਿਬ ਨੇ ਜਦ ਅਵਤਾਰ ਧਾਰਿਆ ਤਾਂ ਦੇਸ਼ ਵਿਚ ਧਾਰਮਿਕ ਤੇ ਸਮਾਜਕ ਅਵਸਥਾ ਅਧੋਗਤੀ ਦੀ ਸਥਿਤੀ 'ਚ ਸੀ। "ਸਰਮੁ ਧਰਮੁ ਦੁਇ" ਛੁਪ ਖਲੋਤੇ ਸਨ ਤੇ ਕੂੜ ਪਰਧਾਨ ਬਣ ਚੁੱਕਾ ਸੀ। 'ਕੂੜ ਅਮਾਵਸ' ਦੀ ਤਰ੍ਹਾਂ ਛਾਇਆ ਹੋਇਆ ਸੀ ਅਤੇ 'ਸਚੁ ਚੰਦਰਮਾ' ਕਿਤੇ ਨਜ਼ਰ ਨਹੀਂ ਆ ਰਿਹਾ ਸੀ। 'ਕਲਿ ਕਾਤੀ ਰਾਜੇ ਕਸਾਈ' ਸਨ ਅਤੇ 'ਧਰਮੁ ਪੰਖ ਕਰਿ ਉਡਰਿਆ' ਸੀ। 'ਰਾਜੇ ਸ਼ੀਂਹ ਮੁਕਦਮ ਕੁੱਤੇ' ਦੀ ਤਰ੍ਹਾਂ ਸਨ। ਧਾਰਮਿਕ ਆਗੂਆਂ ਦਾ ਹਾਲ ਗੁਰੂ ਸਾਹਿਬ ਨੇ ਬਿਆਨ ਕੀਤਾ ਹੈ ਕਿ 'ਮਾਣਸ ਖਾਣੇ ਕਰਹਿ ਨਿਵਾਸ। ਛੁਰੀ ਵਗਾਇਨਿ ਤਿਨ ਗਲਿ ਤਾਗ।" ਬ੍ਰਾਹਮਣ ਲੋਗ, "ਮਥੈ ਟਿਕਾ ਤੇੜਿ ਧੋਤੀ ਕਾਖਾਈ। ਹਥਿ ਛੁਰੀ ਜਗਤ ਕਸਾਈ।" ਦੀ ਤਰ੍ਹਾਂ ਵਿਚਰ ਰਹੇ ਸਨ। ਮੁਸਲਮਾਨ ਪਰਜਾ, ਹਿੰਦੂਆਂ ਨੂੰ ਕਿਸ ਤਰ੍ਹਾਂ ਤੰਗ ਕਰਦੀ ਸੀ, ਭਾਈ ਗੁਰਦਾਸ ਲਿਖਦੇ ਹਨ:

ਠਾਕੁਰ ਦੁਆਰੇ ਢਾਹਿ ਕੇ ਤਿਹ ਠਉੜੀ ਮਾਸੀਤ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰ ਪਾਪ ਬਿਥਾਰਾ।
...... ਪਾਪੇ ਦਾ ਵਰਤਿਆ ਵਰਤਾਰਾ।
(ਵਾਰ ੧ ਪਾਉੜੀ ੨੦)

ਸੱਚ ਨੂੰ ਭੁੱਲ ਕੇ ਮੁਸਲਮਾਨ ਅਤੇ ਹਿੰਦੂ ਆਪਸ ਵਿਚ ਟਕਰਾਓ ਦੀ ਨੀਤੀ ਅਪਣਾ ਰਹੇ ਸਨ :—

ਸਚੁ ਕਿਨਾਰੇ ਰਹਿ ਗਇਆ
ਖਹਿ ਮਰਦੇ ਬਾਹਮਣ ਮਉਲਾਣੇ। (ਵਾਰ ੧ ਪਾਉੜੀ ੨੧)


ਗਲ ਕੀ 'ਬਾਝ ਗੁਰੂ ਅੰਧੇਰ' ਸੀ ਅਤੇ 'ਸਾਧੁ ਨ ਦਿਸੇ ਜਗ ਵਿਚ ਕੋਆ' ਦੀ ਸਥਿਤੀ ਪਰਜਵਲਤ ਸੀ। ਉਸ ਵਕਤ 'ਸੁਨੀ ਪੁਕਾਰ ਦਾਤਾਰ ਪ੍ਰਭੂ ਗੁਰੂ ਨਾਨਕ ਜਗ ਮਾਹਿ ਪਠਾਇਆ' ਅਨੁਸਾਰ ਗੁਰੂ ਸਾਹਿਬ ਨੇ ਅਵਤਾਰ ਧਾਰਿਆ। ਅਗਿਆਨਤਾ ਦੀ ਧੁੰਦ ਜੋ ਸੂਰਜ ਨੂੰ ਲਿਪਤ ਕਰ ਰਹੀ ਸੀ, ਖੁਦ ਲਿਪਤ ਹੋ ਗਈ ਜਿਵੇਂ ਸ਼ੇਰ ਦੇ ਬੁੱਕਣ ਨਾਲ ਮਿਰਗਾਂ ਦੀ ਡਾਰ ਅਧੀਰ ਹੋ ਕੇ ਦੌੜਦੀ ਹੈ, ਕਲਿਜੁਗ ਦੀ ਸੈਨਾ ਨੂੰ ਭਗਦੜ ਪੈਣੀ ਸ਼ੁਰੂ ਹੋ ਗਈ ਅਤੇ ਜਿਸ ਤਰ੍ਹਾਂ ਇਕਬਾਲ ਨੇ ਲਿਖਿਆ ਹੈ :—

ਫਿਰ ਉਠੀ ਆਖਿਰ ਸਦਾਅ
ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦਿ —
ਕਾਮਿਲ ਨੇ ਜਗਾਇਆ ਖ਼ਾਬ ਸੇ

ਰਾਜਸੀ ਖੇਤਰ 'ਚ ਕ੍ਰਾਂਤੀ

ਗੁਰੂ ਸਾਹਿਬ ਦੇ ਵੇਲੇ ਰਾਜਸੀ ਪ੍ਰਣਾਲੀ ਭਰਿਸ਼ਟ ਅਤੇ ਕੂੜ ਦੇ ਨਾਲ ਲਬਾਲਬ ਸੀ। ਸਰਕਾਰੀ ਅਹਿਲਕਾਰ ਆਪਣੇ ਮਾਤਹਿਤਾਂ ਅਤੇ ਅਗਿਆਨੀ ਪਰਜਾ 'ਤੇ ਅਕਹਿ ਤੇ ਅਸਹਿ ਜ਼ੁਲਮ ਕਰ ਕੇ ਉਨ੍ਹਾਂ ਦੀ ਰੱਤ ਪੀ ਰਹੇ ਸਨ। ਗੁਰੂ ਸਾਹਿਬ ਨੇ ਇਨ੍ਹਾਂ ਅਹਿਲਕਾਰਾਂ ਨੂੰ ਨਜ਼ਦੀਕ ਹੋ ਕੇ ਦੇਖਿਆ ਸੀ। ਗੁਰੂ ਸਾਹਿਬ ਦੇ ਪਿਤਾ ਤੇ ਸਹੁਰਾ ਸਾਹਿਬ ਪਟਵਾਰੀ ਸਨ। ਫਿਰ ਗੁਰੂ ਸਾਹਿਬ ਜਦ ਸੁਲਤਾਨਪੁਰ ਲੋਧੀ 'ਚ ਇਕ ਸਰਕਾਰੀ ਅਫਸਰ ਲਗੇ ਹੋਏ ਸਨ ਤਾਂ ਉਨ੍ਹਾਂ ਦਾ ਵਾਹ ਕਾਜ਼ੀਆਂ ਤੇ ਸਿਕਦਾਰਾਂ, ਜੋ ਕਿ ਧਾਰਮਿਕ ਤੇ ਰਾਜਸੀ ਦੋਨੋਂ ਤਾਕਤਾਂ ਦਾ ਇਸਤੇਮਾਲ ਕਰਦੇ ਸਨ, ਪੈਂਦਾ ਰਿਹਾ। ਉਨ੍ਹਾਂ ਨੇ ਦੇਖਿਆ ਕਿ ਇਹ ਅਧਿਕਾਰੀ ਜਰਵਾਣਿਆਂ ਜਿਹਾ ਸਲੂਕ ਕਰਦੇ ਹੋਏ, ਆਮ ਲੋਕਾਂ ਨਾਲ, ਅਨਿਆਂ ਅਤੇ ਬੇਇਨਸਾਫੀ ਦਾ ਢੋਲ ਵਜਾਂਦੇ ਸਨ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਚੁੱਪ ਰਹਿਣ ਦੀ ਜਗ੍ਹਾ ਖੁੱਲ੍ਹ ਕੇ ਇਨ੍ਹਾਂ ਅਹਿਲਕਾਰਾਂ ਦੀ ਮੁਜ਼ੱਮਤ ਕੀਤੀ ਤੇ ਕਿਹਾ :—

ਕੂੜੀ ਮਸ ਕੂੜਾ ਵਾਪਾਰੁ।
ਕੂੜੁ ਬੋਲਿ ਕਰਹਿ ਆਹਾਰੁ। (ਆਸਾ ਦੀ ਵਾਰ ਮ: ੧)
ਅਤੇ ਰਾਜੇ ਸ਼ੀਂਹ ਮੁਕਦਮ ਕੁੱਤੇ,
ਜਾਇ ਜਗਾਇਨਿ ਬੈਠੇ ਸੁਤੇ।



ਜਨੇਊ ਦੀ ਰਸਮ ਵੇਲੇ ਪਾਂਧੇ ਨਾਲ ਦੋ ਗੱਲਾਂ।

ਚਾਕਰ ਨਹੁਦਾ ਪਾਇਨਿ ਘਾਉ,
ਰਤੁ ਪਿਤੁ ਕੁਤਿਹੁ, ਚਟਿ ਜਾਹੁ।

ਗੁਰੂ ਸਾਹਿਬ ਨੇ ਜ਼ੋਰਦਾਰ ਤੇ ਪ੍ਰਭਾਵ-ਪੂਰਨ ਸ਼ਬਦਾਵਲੀ ਵਰਤਕੇ, ਇਨ੍ਹਾਂ ਮੁਕਦਮਾਂ ਦੀ ਭਰ ਨਿਖੇਧੀ ਕੀਤੀ। ਇਹ ਰੁਝਾਨ ਕ੍ਰਾਂਤੀਕਾਰੀ ਰੁਝਾਨ ਸੀ। ਕਿਉਂਕਿ ਹੁਣ ਤਕ ਕੋਈ ਸਮਕਾਲੀ ਸੰਤ ਜਾਂ ਮਨੁੱਖ ਰਾਜਸੀ ਅਹਿਲਕਾਰਾਂ ਦੇ ਜ਼ੁਲਮ ਨੂੰ ਚਣੌਤੀ ਦੇਣ ਦੀ ਹਿੰਮਤ ਨਹੀਂ ਕਰ ਸਕਿਆ ਸੀ।

ਗੁਰੂ ਸਾਹਿਬ ਨੇ ਬਾਬਰ ਵੱਲੋਂ ਕੀਤੇ ਗਏ ਅਤਿਆਚਾਰਾਂ ਨੂੰ ਵੀ ਬਹੁਤ ਅਸਰਦਾਰ ਬੋਲੀ 'ਚ ਭੰਡਿਆ ਅਤੇ ਖੁਦ ਬਾਬਰ ਨੂੰ "ਪਾਪ ਕੀ ਜੰਜ ਲੈ ਕਾਬਲਹੁ ਧਾਇਆ" ਆਖ ਕੇ ਸੰਬੋਧਨ ਕੀਤਾ ਹੈ। ਇਸ ਦੇ ਬਾਅਦ ਜਿਵੇਂ ਕਿ ਇਤਿਹਾਸਕਾਰ ਐਸ. ਆਰ. ਸ਼ਰਮਾ ਕਹਿੰਦਾ ਹੈ "ਬਾਬਰ ਬਾਦ ਵਿਚ ਬਾਬਾ ਨਾਨਕ ਨਾਲ ਅਵੱਸ਼ ਨਿਜੀ ਸੰਪਰਕ 'ਚ ਆਇਆ ਅਤੇ ਇਸ ਦਾ ਸਿੱਟਾ ਮਹਾਨ ਅਧਿਆਤਮਿਕ ਗੁਰੂ ਦੀ ਸਦਾਚਾਰਕ ਜਿੱਤ ਵਿਚ ਪ੍ਰਕਾਸ਼ਮਾਨ ਹੋਇਆ।" ਇਸ ਤਰ੍ਹਾਂ ਗੁਰੂ ਸਾਹਿਬ ਨੇ ਰਾਜਿਆਂ, ਮੁਕੱਦਮਾਂ ਅਤੇ ਬਾਦਸ਼ਾਹਾਂ ਦੇ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕਰ ਕੇ ਰਾਜਸੀ ਖੇਤਰ 'ਚ ਵਿਰੋਧ-ਅਭਾਸ ਵਾਲੀ ਬੋਲੀ ਬੋਲ ਕੇ ਕ੍ਰਾਂਤੀਮਈ ਕਦਮ ਉਠਾਇਆ।

ਸਮਾਜਕ ਖੇਤਰ 'ਚ ਕ੍ਰਾਂਤੀ

ਗੁਰੂ ਸਾਹਿਬ ਦੇ ਸਮਕਾਲੀ ਸਮਾਜ 'ਚ ਜਾਤਪਾਤ ਦਾ ਬਹੁਤ ਬੋਲ ਬਾਲਾ ਸੀ। ਸ਼ੂਦਰਾਂ ਤੇ ਹੋਰ ਨੀਵੀਆਂ ਜਾਤੀਆਂ ਨਾਲ ਪਸ਼ੂਆਂ ਤੋਂ ਵੀ ਬੁਰਾ ਵਿਵਹਾਰ ਕੀਤਾ ਜਾਂਦਾ ਸੀ। ਉਨ੍ਹਾਂ ਦੇ ਪਾਸ ਕੋਈ ਰਾਜਸੀ ਜਾਂ ਸਮਾਜਕ ਹੱਕ ਨਹੀਂ ਸਨ। ਜਿਵੇਂ ਕਿ ਭਾਈ ਗੁਰਦਾਸ ਜੀ ਕਹਿੰਦੇ ਹਨ, "ਕੋਈ ਨਾ ਕਿਸੇ ਪੂਜਦਾ, ਊਚ ਨੀਚ ਸਭ ਗਤਿ ਬਿਸਰਾਈ" ਅਨੁਸਾਰ ਇਸ ਬੁਰਾਈ ਨੇ ਸਮਾਜ ਨੂੰ ਘੁਣ ਲਾਇਆ ਹੋਇਆ ਸੀ। ਬ੍ਰਾਹਮਣ ਜਾਂ ਪੁਜਾਰੀ ਜਮਾਤ ਦੂਸਰੀਆਂ ਜਮਾਤਾਂ ਦਾ ਸ਼ੋਸ਼ਣ ਕਰਨ 'ਚ ਸਲੰਗਨ ਸੀ। ਇਥੋਂ ਤਕ ਕਿ ਰਾਮਾਨੁਜ ਨੇ ਵੀ ਜਾਤਪਾਤ ਦਾ ਪੱਖ ਪੂਰਿਆ ਸੀ ਅਤੇ ਕਿਹਾ ਸੀ, "ਪ੍ਰਮਾਤਮਾ ਦੀ ਮੇਹਰ ਕਿਸੇ ਸ਼ੂਦਰ ਤੇ ਨਹੀਂ ਹੋ ਸਕਦੀ।" ਪਰ ਗੁਰੂ ਸਾਹਿਬ ਨੇ ਇਸ ਰੀਤੀ ਦਾ ਡਟ ਕੇ ਵਿਰੋਧ ਕੀਤਾ ਅਤੇ ਜਿਸ ਤਰ੍ਹਾਂ ਇਸਟਲੀਨ ਕਾਰਪੈਂਟਰ ਆਪਣੀ ਕਿਤਾਬ 'ਮਧ-ਕਲੀਨ ਭਾਰਤ 'ਚ ਆਸਤਕਵਾਦ' 'ਚ ਲਿਖਦਾ ਹੈ, "ਗੁਰੂ ਨਾਨਕ ਨੇ ਜਾਤਪਾਤ ਦੇ ਸਾਰੇ ਬੰਧਨ ਤੋੜ ਸੁੱਟੇ।"

ਗੰਡਾ ਸਿੰਘ ਆਪਣੀ ਕਿਤਾਬ 'ਸਿਖ ਅਤੇ ਸਿਖਇਜ਼ਮ' 'ਚ ਵੀ ਲਿਖਦਾ ਹੋਇਆ ਕਹਿੰਦਾ ਹੈ, "ਗੁਰੂ ਸਾਹਿਬ ਨੇ ਜਾਤਪਾਤ ਦੇ ਆਧਾਰ ਤੇ ਕਿਸੇ ਨੂੰ ਨੀਵਾਂ ਜਾਂ ਉਚਾ ਮੰਨਣ ਤੋਂ ਇਨਕਾਰ ਕਰ ਦਿੱਤਾ।" ਸਗੋਂ ਗੁਰੂ ਸਾਹਿਬ ਨੇ ਜਾਤਪਾਤ ਦੇ ਸਿਧਾਂਤ ਨੂੰ ਨਿਰਅਰਥਕ ਕਰਾਰ ਦਿੱਤਾ :—

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨਹੇ। (ਆਸਾ ਮ: ੧)

ਨਾਲ ਹੀ ਗੁਰੂ ਜੀ ਨੇ ਪੰਡਤਾਂ ਤੇ ਮੌਲਾਣਿਆਂ ਨੂੰ, ਜਿਹੜੇ ਮਨੁੱਖ ਤੇ ਪ੍ਰਮਾਤਮਾ ਵਿਚਕਾਰ ਵਿਚੋਲੇ ਦਾ ਕੰਮ ਕਰਦੇ ਹੋਣ ਦਾ ਦਾਅਵਾ ਕਰਦੇ ਹਨ, ਕਾਫਰ ਕਿਹਾ :—

ਕੂੜੁ ਬੋਲਿ ਮੁਰਦਾਰੁ ਖਾਇ।
ਅਵਰੀ ਨੋ ਸਮਝਾਵਣਿ ਜਾਇ।
ਮੁਠਾ ਆਪਿ ਮੁਹਾਏ ਸਾਥੈ।
ਨਾਨਕ ਐਸਾ ਆਗੂ ਜਾਪੈ।

ਦਰ ਦਰ ਮੰਗਦੇ ਫਿਰਦੇ ਸਾਧਾਂ ਸੰਤਾਂ ਲਈ, ਦੂਸਰਿਆਂ ਦੀ ਕਮਾਈ ਤੇ ਜਿਉਂਦੇ ਪੰਡਤਾਂ ਮੌਲਾਣਿਆਂ ਲਈ, ਮਿਹਨਤਕਸ਼ ਤੇ ਕਾਰੋਬਾਰੀ ਦੁਨੀਆਂ ਦੇ ਧਨੀ ਪ੍ਰਤੀਨਿਧਾਂ ਦੀ ਨਫਰਤ, ਗੁਰੂ ਨਾਨਕ ਦੇ ਇਨ੍ਹਾਂ ਲਫਜ਼ਾਂ 'ਚੋਂ ਝਲਕਦੀ ਹੈ

ਗਿਆਨ ਵਿਹੂਣਾ ਗਾਵੈ ਗੀਤ।
ਭੁਖੇ ਮੁਲਾਂ ਘਰੇ ਮਸੀਤ।
ਮਖਟੂ ਹੋਇ ਕੈ ਕੰਨ ਪੜਾਏ।


ਫੇਰ ਧਰਮ ਨੂੰ ਖਤਰਾ ਕਹਿ ਕਹਿ ਰੋਣਾ ਹੈ
ਫਿਰ ਉਹੀਓ ਕੁਝ ਹੋਣਾ ਹੈ
ਹੁਣ ਦੱਸੋ ਕੀ ਕਹਿੰਦੇ ਹੋ ?
ਕਿਹੜੀ ਖੁੱਡੇ ਰਹਿੰਦੇ ਹੋ !!



ਗੁਰੂ ਨਾਨਕ ਅਤੇ ਭਾਰਤ

ਪ੍ਰੋ: ਪਿਆਰਾ ਸਿੰਘ ਭੋਗਲ

ਜਿਹੜੇ ਲੋਕ ਸੋਚਦੇ ਹਨ ਕਿ ਪੰਜਾਬ ਭਾਰਤ ਤੋਂ ਅਲੱਗ ਹੋ ਸਕਦਾ ਹੈ ਜਾਂ ਹੋਣਾ ਚਾਹੀਦਾ ਹੈ, ਉਹ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਭੁੱਲ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜੀਵਨ ਵਿਚ ਜੋ ਮਹਾਨ ਕੰਮ ਕੀਤੇ, ਉਨ੍ਹਾਂ ਵਿਚੋਂ ਇਕ ਔਖਾ ਅਤੇ ਲੰਬਾ ਕੰਮ ਸਾਰੇ ਭਾਰਤ ਦੀ ਯਾਤਰਾ ਸੀ। ਉਨ੍ਹਾਂ ਦੇ ਜੀਵਨ ਨੂੰ ਅਸੀਂ ਤਿੰਨ ਮੁਖ ਭਾਗਾਂ ਵਿਚ ਵੰਡ ਸਕਦੇ ਹਾਂ। ਪਹਿਲਾ ਭਾਗ ਜਨਮ ਸਥਾਨ ਤਲਵੰਡੀ ਅਤੇ ਉਸ ਜ਼ਮਾਨੇ ਦੇ ਪ੍ਰਸਿੱਧ ਰਾਜਨੀਤਕ ਤੇ ਵਪਾਰਕ ਕੇਂਦਰ ਸੁਲਤਾਨਪੁਰ ਲੋਧੀ ਵਿਚ ਬੀਤਿਆ। ਉਮਰ ਦੇ ਇਸ ਹਿੱਸੇ ਵਿਚ ਉਨ੍ਹਾਂ ਨੇ ਸਿੱਖਿਆ ਪ੍ਰਾਪਤ ਕੀਤੀ, ਉਸ ਜ਼ਮਾਨੇ ਦੀ ਪਰੰਪਰਾ ਅਨੁਸਾਰ ਮੱਝਾਂ ਚਾਰਨ, ਵਪਾਰ ਕਰਨ ਅਤੇ ਨੌਕਰੀ ਕਰਨ ਦੇ ਕਾਰ-ਵਿਹਾਰ ਕੀਤੇ, ਵਿਆਹ ਕਰਾਇਆ, ਦੋ ਪੁਤਰਾਂ ਦੇ ਪਿਤਾ ਬਣੇ। ਦੂਜੇ ਭਾਗ ਵਿਚ ਉਨ੍ਹਾਂ ਨੇ ਤਿੰਨ ਯਾਤਰਾਵਾਂ ਕੀਤੀਆਂ, ਜਿਨ੍ਹਾਂ ਨੂੰ ਪੁਰਾਣੀਆਂ ਸਾਖੀਆਂ ਵਿਚ "ਉਦਾਸੀਆਂ" ਕਿਹਾ ਗਿਆ ਹੈ। ਪਹਿਲੀ ਉਦਾਸੀ ਉਤਰੀ ਤੇ ਦੱਖਣੀ ਭਾਰਤ ਦੀ, ਦੂਜੀ ਉਦਾਸੀ ਹਿਮਾਲਾ ਪਰਬਤ ਵਿਚ ਸਥਿਤ ਸਿੱਧਾਂ ਦੇ ਟਿਕਾਣਿਆਂ ਦੀ ਅਤੇ ਤੀਜੀ ਉਦਾਸੀ ਭਾਰਤ ਤੋਂ ਬਾਹਰ ਮੱਧ ਏਸ਼ੀਆ ਦੇ ਇਸਲਾਮੀ ਕੇਂਦਰਾਂ ਦੀ (ਮੱਕੇ ਮਦੀਨੇ ਅਤੇ ਬਗਦਾਦ ਦੀ) ਸੀ। ਤੀਜੇ ਭਾਗ ਵਿਚ ਗੁਰੂ ਨਾਨਕ ਜੀ ਉਦਾਸੀਆਂ ਮੁਕਾ ਕੇ ਰਾਵੀ ਨਦੀ ਦੇ ਕਿਨਾਰੇ ਆਪਣੇ ਵਸਾਏ ਪਿੰਡ "ਕਰਤਾਰਪੁਰ ਰਾਵੀ" ਆ ਬੈਠੇ; ਜਿਵੇਂ ਜੀਵਨ ਦੇ ਪਹਿਲੇ ਭਾਗ ਵਿਚ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੇ ਨਾਲ ਰਿਹਾ, ਇਵੇਂ ਹੀ ਹੁਣ ਵੀ ਉਨ੍ਹਾਂ ਦੀ ਪਤਨੀ ਅਤੇ ਪੁੱਤਰ ਉਨ੍ਹਾਂ ਦੇ ਪਾਸ ਆ ਗਏ। ਉਮਰ ਦੇ ਆਖਰੀ ਅਠਾਰਾਂ ਸਾਲ ਗੁਰੂ ਜੀ ਨੇ ਇਸ ਪਿੰਡ ਵਿਚ ਬਿਤਾਏ। ਇਸ ਦੌਰਾਨ ਇਕ ਵਾਰ ਮੁਲਤਾਨ ਗਏ ਤੇ ਦੂਜੀ ਵਾਰ ਅਚੱਲ ਬਟਾਲੇ ਸਿੱਧ-ਜੋਗੀਆਂ ਦੇ ਮੇਲੇ ਉਤੇ।



ਨਵੀਂ ਖੋਜ ਦੇ ਮੁਤਾਬਕ 1469 ਈ: ਤੋਂ 1507 ਈ: ਤੱਕ ਤਲਵੰਡੀ (ਨਨਕਾਣਾ ਸਾਹਿਬ) ਅਤੇ ਸੁਲਤਾਨਪੁਰ ਲੋਧੀ ਰਹੇ। 1507 ਤੋਂ 1515 ਤੱਕ ਲੰਕਾ ਸਮੇਤ ਸਾਰੇ ਭਾਰਤ ਦੀ ਯਾਤਰਾ ਕੀਤੀ। 1516 ਈ: ਤੋਂ 1518 ਈ: ਉਤਰੀ ਪਹਾੜਾਂ ਦੀ ਯਾਤਰਾ ਅਤੇ ਉਥੋਂ ਮੁੜ ਕੇ 1521 ਤਕ ਮੱਕੇ ਮਦੀਨੇ ਤੱਕ ਦੀ ਯਾਤਰਾ ਕੀਤੀ ਸੀ।

ਕਸ਼ਮੀਰ ਤੋਂ ਧੁਰ ਕੰਨਿਆ ਕੁਮਾਰੀ ਤੱਕ ਅਤੇ ਪੱਛਮ ਵਿਚ ਸੋਮਨਾਥ ਤੋਂ ਪੂਰਬ ਵਿਚ ਆਸਾਮ ਤਕ ਗੁਰੂ ਨਾਨਕ ਦੇਵ ਗਏ ਅਤੇ ਥਾਂ ਥਾਂ ਉਨ੍ਹਾਂ ਦੇ ਪਵਿੱਤਰ ਚਰਨਾਂ ਦੀ ਛੋਹ ਲੱਗੀ ਹੋਈ ਹੈ। ਉਨ੍ਹਾਂ ਨੇ ਇਸ ਯਾਤਰਾ ਵਿਚ ਭਾਰਤੀ ਲੋਕਾਂ, ਉਨ੍ਹਾਂ ਦੀਆਂ ਜਾਤੀਆਂ, ਉਨ੍ਹਾਂ ਦੇ ਧਰਮਾਂ ਅਤੇ ਰੀਤੀਆਂ-ਰਿਵਾਜਾਂ ਦੀ ਵੰਨ-ਸੁਵੰਨਤਾ ਦੇਖੀ, ਜੋ ਠੀਕ ਨਹੀਂ ਲੱਗਾ, ਉਸ ਉਤੇ ਆਲੋਚਨਾ ਕੀਤੀ, ਪਰ ਜਿਨ੍ਹਾਂ ਮਹਾਂ ਪੁਰਖਾਂ ਦਾ ਸਾਹਿਤ ਪਸੰਦ ਆਇਆ, ਉਹ ਨਕਲ ਕਰ ਕੇ ਲੈ ਆਏ, ਜੋ ਪਿਛੋਂ ਗੁਰੂ ਅਰਜਨ ਦੇਵ ਜੀ ਨੇ "ਆਦਿ ਗਰੰਥ" ਵਿਚ ਸ਼ਾਮਲ ਕੀਤਾ।

ਉਤਰ ਪ੍ਰਦੇਸ਼ ਤੋਂ ਆਸਾਮ ਤੱਕ

ਗੁਰੂ ਨਾਨਕ ਦੇਵ ਕਿਉਂਕਿ ਹਿੰਦੂ ਧਰਮ ਦੇ ਪ੍ਰਤੀਨਿਧਾਂ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੁੰਦੇ ਸਨ ਤੇ ਆਪਣਾ ਮੱਤ ਦੱਸਣਾ ਚਾਹੁੰਦੇ ਸਨ, ਇਸ ਕਰਕੇ ਸਭ ਤੋਂ ਪਹਿਲਾਂ ਉਹ ਹਰਿਦੁਆਰ ਪਹੁੰਚੇ। ਇਸ ਸਥਾਨ ਉਤੇ ਗੰਗਾ ਨਦੀ ਪਹਾੜਾਂ ਵਿਚੋਂ ਉਤਰ ਕੇ ਮੈਦਾਨਾਂ ਵੱਲ ਸਫਰ ਸ਼ੁਰੂ ਕਰਦੀ ਹੈ। ਇਥੇ ਦਾ ਇਸ਼ਨਾਨ ਬਹੁਤ ਮਹੱਤਵਪੂਰਨ ਸਮਝਿਆ ਜਾਂਦਾ ਸੀ। ਇਥੇ ਵਿਸਾਖੀ ਉਤੇ ਸਭ ਤੋਂ ਵੱਡਾ ਇਕੱਠ ਹੁੰਦਾ ਸੀ। ਸਤਿਗੁਰੂ 1508 ਈ: ਦੀ ਵਿਸਾਖੀ ਨੂੰ ਉਥੇ ਪਹੁੰਚੇ ਸਨ।

ਅੱਜ ਕੱਲ੍ਹ ਹਰਿਦੁਆਰ ਤੋਂ ਰੇਲ ਰਾਹੀਂ ਜਾਣਾ ਹੋਵੇ, ਤਾਂ ਪਹਿਲਾਂ ਲੁਕਸਰ ਰੇਲਵੇ ਸਟੇਸ਼ਨ ਉਤੇ ਆਉਣਾ ਪੈਂਦਾ ਹੈ ਤੇ ਫੇਰ ਲਖਨਊ ਵਲ ਜਾਂਦੀ ਰੇਲਵੇ ਲਾਈਨ ਉਤੇ ਬਰੇਲੀ ਵੱਲ ਨੂੰ। ਗੁਰੂ ਜੀ ਇਸ ਰਸਤੇ ਨਹੀਂ ਆਏ। ਹਰਿਦੁਆਰ ਤੋਂ ਪਹਾੜਾਂ ਦੀ ਕੰਢੀ ਦੇ ਨਾਲ ਨਾਲ ਸਫਰ ਕੀਤਾ। ਇਹ ਇਲਾਕਾ ਟੀਹੜੀ ਗੜ੍ਹਵਾਲ ਰਿਆਸਤ ਦਾ ਸੀ, ਜਿਸ ਵਿਚ ਪਿਛੋਂ ਬਾਬਾ ਰਾਮ ਰਾਏ ਨੇ "ਦੇਹਰਾਦੂਨ" ਨਗਰ ਵਾਲੇ ਸਥਾਨ ਉਤੇ ਆਪਣਾ ਦੇਹਰਾ(ਡੇਰਾ) ਬਣਾਇਆ ਸੀ। ਇਸੇ ਰਿਆਸਤ ਦੇ ਇਕ ਸਥਾਨ ਕੋਟਦੁਆਰੇ ਰੁਕੇ ਤੇ ਫੇਰ ਇਕ ਹੋਰ ਪਹਾੜੀ ਖੇਤਰ ਕਮਾਊਂ ਦੇ ਸ਼ਹਿਰ ਅਲਮੋੜੇ ਪਹੁੰਚੇ। ਇਥੋਂ ਉਹ ਮੈਦਾਨਾਂ ਵੱਲ ਨੂੰ ਉਤਰ ਆਏ ਤੇ ਪੀਲੀ ਭੀਤ ਦੇ ਇਲਾਕੇ ਵਿਚ ਸਿੱਧਾਂ ਨੂੰ ਮਿਲੇ। ਸਿੱਧਾਂ ਦਾ ਬਹੁਤਾ ਜ਼ੋਰ ਹੋਣ ਕਰਕੇ ਇਹ ਇਲਾਕਾ "ਗੋਰਖ ਮਤਾ" ਕਹਾਉਂਦਾ ਸੀ। ਹੁਣ ਇਸ ਸਥਾਨ ਦਾ ਨਾਮ "ਨਾਨਕ ਮਤਾ" ਹੈ। ਇਸ ਦੇ ਨੇੜੇ ਹੀ ਰੀਠਿਆਂ ਦੇ ਬ੍ਰਿਛ ਮਿਲਦੇ ਹਨ, ਜਿਨ੍ਹਾਂ ਵਿਚੋਂ ਕਿਸੇ ਦਾ ਫਲ ਕੌੜਾ ਤੇ ਕਿਸੇ ਦਾ ਮਿੱਠਾ ਹੁੰਦਾ ਹੈ। ਇਥੇ ਵੀ ਗੁਰੂ ਜੀ ਠਹਿਰੇ ਅਤੇ ਜੋਗੀਆਂ ਨਾਲ ਗੱਲਾਂਬਾਤਾਂ ਕੀਤੀਆਂ। ਪੰਜਾਬੀ ਕਿਰਸਾਣ ਹੁਣ ਇਸ ਇਲਾਕੇ ਵਿਚ ਜ਼ਮੀਨਾਂ ਪ੍ਰਾਪਤ ਕਰ ਕੇ ਵਸੇ ਹੋਏ ਹਨ।

ਇਥੋਂ ਗੁਰੂ ਜੀ ਪੂਰਬੀ ਉਤਰ-ਪ੍ਰਦੇਸ਼ ਦੇ ਤਿੰਨ ਹੋਰ ਪ੍ਰਸਿੱਧ ਤੀਰਥ-ਅਸਥਾਨਾਂ ਅਯੁਧਿਆ, ਪ੍ਰਯਾਗ(ਅਲਾਹਾਬਾਦ) ਅਤੇ ਬਨਾਰਸ ਗਏ ਸਨ। ਅਯੁਧਿਆ ਵਿਚ ਸ੍ਰੀ ਰਾਮ ਚੰਦਰ ਦਾ ਜਨਮ ਹੋਇਆ ਸੀ। ਅੱਜ ਕਲ੍ਹ ਕੁਝ ਹਿੰਦੂ ਸੰਸਥਾਵਾਂ ਅੰਦੋਲਨ ਕਰ ਰਹੀਆਂ ਹਨ ਕਿ ਅਯੁਧਿਆ ਵਿਚ ਜਿਹੜਾ ਮੰਦਰ ਇਸਲਾਮੀ ਰਾਜ ਵਿਚ ਮਸਜਿਦ ਬਣਾ ਲਿਆ ਗਿਆ ਸੀ, ਉਹ ਮੁੜ ਹਿੰਦੂਆਂ ਦੇ ਹਵਾਲੇ ਕੀਤਾ ਜਾਏ। ਇਹ ਸਰਜੂ ਨਦੀ ਦੇ ਕਿਨਾਰੇ ਵਸਿਆ ਨਗਰ ਹੈ। ਪ੍ਰਯਾਗ ਵਿਚ ਗੰਗਾ ਤੇ ਜਮਨਾ ਦਾ ਸੰਗਮ ਹੁੰਦਾ ਹੈ, ਕੁੰਭ ਦਾ ਮੇਲਾ ਲਗਦਾ ਹੈ। ਇਕ ਤੀਜੀ ਗੁਪਤ ਨਦੀ ਸਰਸਵਤੀ ਦਾ ਮੇਲ ਹੋਣ ਦੀ ਪਰੰਪਰਾ ਹੋਣ ਕਰ ਕੇ ਇਸ ਨੂੰ ਤ੍ਰਿਵੇਣੀ ਵੀ ਕਹਿੰਦੇ ਹਨ। ਇਥੋਂ ਗੰਗਾ ਨਦੀ ਦੇ ਕਿਨਾਰੇ ਹਿੰਦੂਆਂ ਦੇ ਬਹੁਤ ਹੀ ਪ੍ਰਾਚੀਨ ਸ਼ਹਿਰ ਬਨਾਰਸ (ਕਾਂਸ਼ੀ ਜਾਂ ਵਾਰਾਨਸੀ) ਪਹੁੰਚੇ, ਜਿਸ ਦੇ ਬਾਰੇ ਹੁਣ ਤਕ ਵੀ ਹਿੰਦੂਆਂ ਵਿਚ ਵਿਸ਼ਵਾਸ਼ ਹੈ ਕਿ ਇਥੇ ਪ੍ਰਾਣ ਤਿਆਗਿਆਂ ਪ੍ਰਾਣੀ ਸਿੱਧਾ ਹੀ ਸਵਰਗ ਨੂੰ ਜਾਂਦਾ ਹੈ।

ਬਨਾਰਸ ਦੀ ਯਾਤਰਾ ਬਹੁਤ ਮਹੱਤਵਸ਼ੀਲ ਸੀ। ਇਹ ਉਸ ਸਮੇਂ ਭਗਤੀ ਲਹਿਰ ਦੇ ਚੋਟੀ ਦੇ ਕਵੀਆਂ ਦਾ ਸਾਹਿਤਕ ਕੇਂਦਰ ਬਣ ਚੁਕਾ ਸੀ। ਭਗਤੀ ਲਹਿਰ ਦਾ ਦਰਸ਼ਨ (ਫਿਲਾਸਫੀ) ਤਾਂ ਦੱਖਣ ਵਿਚ ਪੈਦਾ ਹੋਈ ਪਰ ਇਸ ਦਰਸ਼ਨ ਨੂੰ ਪ੍ਰਚਾਰਨ ਵਾਲਾ ਸਾਹਿਤ ਉਤਰੀ ਭਾਰਤ ਵਿਚ ਪੈਦਾ ਹੋਇਆ। ਰਾਮਾ ਨੰਦ, ਭਗਤ ਕਬੀਰ, ਭਗਤ ਰਵਿਦਾਸ, ਜੋ ਭਗਤੀ ਲਹਿਰ ਦੇ ਮੁਖ ਸਾਹਿਤਕਾਰ-ਵਕਤਾ ਬਣੇ, ਬਨਾਰਸ ਵਿਚ ਹੋਏ। ਰਾਮਾ ਨੰਦ ਦੇ ਨਾਮ ਹੇਠ ਤਾਂ ਇਕ ਹੀ ਸ਼ਬਦ ਆਦਿ ਗ੍ਰੰਥ ਵਿਚ ਹੈ, ਭਗਤ ਕਬੀਰ ਦੇ 224 ਸ਼ਬਦ ਅਤੇ ਲਗਪਗ ਢਾਈ ਸੌ ਸ਼ਲੋਕ ਆਦਿ ਗ੍ਰੰਥ ਵਿਚ ਸ਼ਾਮਲ ਹਨ। ਭਗਤ ਰਵਿਦਾਸ ਦੇ 40 ਸ਼ਬਦ ਆਦਿ ਗ੍ਰੰਥ ਵਿਚ ਸੰਕਲਿਤ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਕਬੀਰ ਜੀ ਗੁਰੂ ਨਾਨਕ ਨੂੰ ਮਿਲੇ ਪਰ ਠੀਕ ਗੱਲ ਇਹ ਹੈ ਕਿ ਕਬੀਰ ਗੁਰੂ ਜੀ ਤੋਂ ਕੁਝ ਪਹਿਲਾਂ ਹੋਏ। ਹਾਂ, ਇਹ ਤਾਂ ਠੀਕ ਹੈ ਕਿ ਕਬੀਰ ਦੀ ਬਾਣੀ ਗੁਰੂ ਜੀ ਬਨਾਰਸ ਤੋਂ ਲੈ ਕੇ ਆਏ। ਇਹ ਬਾਣੀ ਉਨ੍ਹਾਂ ਪਾਸੋਂ ਹੀ ਗੁਰੂ ਅੰਗਦ ਰਾਹੀਂ ਗੁਰੂ ਅਮਰ ਦਾਸ ਅਤੇ ਗੁਰੂ ਅਰਜਨ ਪਾਸ ਪਹੁੰਚੀ। ਭਗਤ ਰਵਿਦਾਸ ਦੀ ਬਾਣੀ ਵੀ ਗੁਰੂ ਜੀ ਨੇ ਪ੍ਰਾਪਤ ਕੀਤੀ।

ਬਨਾਰਸ ਤੋਂ ਗੁਰੂ ਜੀ ਅੱਜ ਕੱਲ੍ਹ ਦੇ ਬਿਹਾਰ ਪ੍ਰਾਂਤ ਦੇ ਦੋ ਪ੍ਰਸਿੱਧ ਧਾਰਮਿਕ ਕੇਂਦਰਾਂ ਗਯਾ (ਤੇ ਬੋਧ ਗਯਾ) ਅਤੇ ਪਟਨਾ ਗਏ। ਗਯਾ ਹਿੰਦੂ ਧਾਰਮਿਕ ਤੀਰਥ ਸੀ, ਜਿਥੇ ਤਿਲਾਂ, ਜੌਆਂ ਅਤੇ ਚੌਲਾਂ ਦੇ ਪਿੰਨੇ (ਪਿੰਡ) ਵੱਟ ਕੇ ਵੰਡਣ ਦਾ ਰਿਵਾਜ ਸੀ। ਬੋਧ ਗਯਾ ਵਿਚ ਮਹਾਤਮਾ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਸੀ। ਪਟਨਾ (ਪ੍ਰਾਚੀਨ ਨਾਮ ਪਾਟਲੀ ਪੁੱਤਰ) ਰਾਜਨੀਤਕ ਸ਼ਹਿਰ ਸੀ ਪਰ ਗੁਰੂ ਜੀ ਇਥੇ ਵੀ ਗਏ। ਪਿਛੋਂ ਗੁਰੂ ਤੇਗ ਬਹਾਦਰ ਵੀ ਇਥੇ ਗਏ, ਤੇ ਦਸਵੇਂ ਗੁਰੂ ਦਾ ਜਨਮ ਇਥੇ ਹੋਇਆ।

ਬਿਹਾਰ ਤੋਂ ਗੁਰੂ ਜੀ ਬੰਗਾਲ ਦੇ ਕਈ ਸਥਾਨਾਂ ਤੋਂ ਹੁੰਦੇ ਹੋਏ ਬ੍ਰਹਮ ਪੁੱਤਰ ਨਦੀ ਦੀ ਘਾਟੀ (ਅੱਜ ਕੱਲ੍ਹ ਦੇ ਆਸਾਮ) ਪਹੁੰਚੇ ਸਨ। ਇਸ ਧਰਤੀ ਦਾ ਪੁਰਾਣਾ ਨਾਂ "ਕਾਮਰੂਪ" ਸੀ। ਇਥੇ ਇਸਤਰੀ ਦੀ ਯੋਨੀ ਦੀ ਪੂਜਾ ਦਾ ਰਿਵਾਜ ਸੀ। ਯੋਨੀ ਨੂੰ ਇਨ੍ਹਾਂ ਲੋਕਾਂ ਨੇ ਕਾਮਾਖਿਆ ਦਾ ਨਾਮ ਦਿਤਾ ਹੋਇਆ ਸੀ। ਸੋ, ਇਹ "ਕਾਮਾਖਿਆ ਦੇਵੀ" ਦੇ ਭਗਤ ਕਹਾਉਂਦੇ ਸਨ। ਗੁਰੂ ਜੀ ਗੋਹਾਟੀ ਅਤੇ ਧੋਬੜੀ ਆਦਿ ਅੱਜ ਕਲ੍ਹ ਦੇ ਪ੍ਰਸਿੱਧ ਸ਼ਹਿਰਾਂ ਵਿਚ ਗਏ। ਜ਼ਾਹਰ ਹੈ, ਹਰਿਦੁਆਰ ਤੋਂ ਧੋਬੜੀ ਤਕ ਗੁਰੂ ਜੀ ਨੇ ਧਰਮ ਦੇ ਨਾਮ ਉਤੇ ਮਿਥਿਹਾਸਕ ਯੁੱਗ ਦੀਆਂ ਪਰੰਪਰਾਵਾਂ ਵਿਚੋਂ ਪੈਦਾ ਹੋਏ ਰੀਤੀ ਰਿਵਾਜਾਂ ਵਿਚ ਲੋਕਾਂ ਨੂੰ ਫਸੇ ਦੇਖਿਆ ਜਿਨ੍ਹਾਂ ਕਾਰਨ ਕਈ ਅਣ-ਮਨੁੱਖੀ ਕੁਰੀਤੀਆਂ ਵੀ ਪ੍ਰਚਲਤ ਸਨ। ਗੁਰੂ ਜੀ ਇਸ ਲੀਲ੍ਹਾ ਨੂੰ ਵੇਖ ਕੇ ਵਿਸਮਾਦ ਵਿਚ ਵੀ ਆਏ ਹੋਣਗੇ, ਤੇ ਨਾਲ ਹੀ ਉਨ੍ਹਾਂ ਨੇ ਨਵੀਨ ਧਾਰਮਿਕ ਵਿਚਾਰ (ਭਗਵਾਨ ਇਕ ਹੈ ਤੇ ਸਭੇ-ਜੀਅ ਉਸੇ ਦਾ ਰੂਪ ਹਨ) ਪੇਸ਼ ਕੀਤੇ ਹੋਣਗੇ।

ਵਾਪਸੀ ਫੇਰ ਬੰਗਾਲ ਰਾਹੀਂ ਹੋਈ। ਬੰਗਲਾ ਦੇਸ਼ ਦੀ ਰਾਜਧਾਨੀ ਢਾਕੇ ਵਿਚ ਆਏ। ਬੰਗਾਲ ਵਿਚ ਦੀ ਹੁੰਦੇ ਹੋਏ ਬੰਗਾਲ ਦੀ ਖਾੜੀ ਦੇ ਨਾਲ ਨਾਲ ਉੜੀਸਾ ਪ੍ਰਾਂਤ ਵਿਚ ਆ ਗਏ। ਸਮੁੰਦਰ ਦੇ ਕਿਨਾਰੇ ਪ੍ਰਸਿੱਧ ਹਿੰਦੂ ਤੀਰਥ ਜਗਨ ਨਾਥ ਪੁਰੀ ਵਿਚ ਦੀਵਿਆਂ ਦੀ ਆਰਤੀ ਹੁੰਦੀ ਦੇਖ ਕੇ "ਗਗਨ ਮਹਿ ਥਾਲ" ਵਾਲਾ ਪਿਆਰਾ ਸ਼ਬਦ ਉਚਾਰਿਆ।

ਦੱਖਣੀ ਭਾਰਤ ਦੀ ਯਾਤਰਾ

ਪ੍ਰੋ: ਸਾਹਿਬ ਸਿੰਘ ਦਾ ਖਿਆਲ ਹੈ ਕਿ ਇਥੋਂ ਚਿਲਕਾ ਝੀਲ ਦੇ ਕੰਢੇ ਕੰਢੇ ਜਾਂਦਿਆਂ ਗੁਰੂ ਜੀ ਨੂੰ ਕੌਡਾ ਰਾਖਸ਼ ਮਿਲਿਆ ਸੀ। ਉਨ੍ਹਾਂ ਦਾ ਹੀ ਖਿਆਲ ਹੈ ਕਿ ਕੌਡਾ ਦਰਾਵਿੜ ਜਾਤੀ ਵਿਚੋਂ ਭੀਲ ਕਬੀਲੇ ਨਾਲ ਸਬੰਧ ਰੱਖਦਾ ਸੀ ਤੇ ਭੁੱਖ ਦੇ ਦੇ ਦੁਖੋਂ ਆਦਮ-ਖੋਰੀ ਲਈ ਮਜਬੂਰ ਹੋ ਗਿਆ ਸੀ। ਪਰ ਕੌਡਾ ਰਾਖਸ਼ ਦੇ ਉਦਾਰ ਕੀਤੇ ਜਾਣ ਵਾਲਾ ਸਥਾਨ ਮੱਧ ਪ੍ਰਦੇਸ਼ ਦੇ ਪ੍ਰਸਿੱਧ ਸ਼ਹਿਰ ਜੱਬਲਪੁਰ ਵਿਚ ਨਰਬਦਾ ਨਦੀ ਦੇ ਕਿਨਾਰੇ ਲੱਭਿਆ ਹੈ। ਜੱਬਲਪੁਰ ਵਿਚ ਗੁਰੂ ਨਾਨਕ ਦੇਵ ਜੀ ਨਾਲ ਸੰਬਧਤ ਦੋ ਸਥਾਨ ਹਨ। ਪਹਿਲਾ ਨਰਬਦਾ ਨਦੀ ਉਤੇ ਗਵਾਰੀ ਘਾਟ, ਜਿਥੇ ਕੌਡਾ ਰਾਖਸ਼ ਮਿਲਿਆ, ਤੇ ਦੂਜਾ ਗੁਰਦੁਆਰਾ ਮੜ੍ਹਾਤਲ, ਜਿਥੇ ਗੁਰੂ ਜੀ ਪਿਛੋਂ ਆ ਕੇ ਬੈਠੇ। ਪ੍ਰਤੀਤ ਹੁੰਦਾ ਹੈ ਕਿ ਇਥੇ ਗੁਰੂ ਜੀ ਦੱਖਣ ਤੋਂ ਵਾਪਸੀ ਉਤੇ ਆਏ ਹੋਣਗੇ।

ਦੱਖਣ ਵੱਲ ਨੂੰ ਜਾਂਦਿਆਂ ਗੁਰੂ ਜੀ ਆਂਧਰਾ ਪ੍ਰਦੇਸ਼ ਤੇ ਤਾਮਿਲਨਾਡੂ ਦੇ ਕੁਝ ਸਥਾਨਾਂ ਬੇਜ਼ਵਾੜਾ, (ਵਿਜੇਵਾੜਾ), ਗੰਟੂਰ; ਕੁੜਾਪਾ ਅਤੇ ਰਾਮੇਸ਼ਵਰਮ ਗਏ। ਇਥੋਂ ਲੰਕਾ ਗਏ, ਜਿਸ ਨੂੰ ਜਨਮ ਸਾਖੀਆਂ ਵਿਚ ਸਿੰਘਲਾਦੀਪ ਲਿਖਿਆ

(ਬਾਕੀ ਪੰਨਾ 13 ਉੱਤੇ)

ਪੰਨਾ 11 ਦੀ ਬਾਕੀ

ਫਕਰੁ ਕਰੇ ਹੋਰੁ ਜਾਤਿ ਗਵਾਏ।
ਗੁਰੁ ਪੀਰੁ ਸਦਾਏ ਮੰਗਣ ਜਾਏ।

ਇਸਦੇ ਨਾਲ ਹੀ ਗੁਰੂ ਸਾਹਿਬ ਨੇ ਜੋ ਹੋਰ ਕ੍ਰਾਂਤੀ ਭਰਿਆ ਰੁਝਾਨ ਦਾ ਪ੍ਰਗਟਾਵਾ ਕੀਤਾ, ਉਹ ਸੀ ਮਿਹਨਤ ਅਤੇ ਮੁਸ਼ੱਕਤ ਕਰ ਕੇ ਰੋਜ਼ੀ ਰੋਟੀ ਕਮਾਂਦੇ ਹੋਏ ਬੰਦਿਆਂ ਨੂੰ ਸਨਮਾਨ ਬਖਸ਼ਣਾ ਅਤੇ ਧਨੀ ਤੇ ਲਾਲਚੀ ਲੋਕਾਂ ਨੂੰ ਛੁਟਕਾਉਣਾ। ਮਲਕ ਭਾਗੋ ਦਾ ਭੋਜ ਛੱਡ ਕੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਛਕਣ ਦਾ ਮਤਲਬ ਸੀ ਮਿਹਨਤ ਤੇ ਮੁਸ਼ੱਕਤ ਦੀ ਕਮਾਈ ਨੂੰ ਸਨਮਾਨ ਬਖਸ਼ਣਾ। ਗੁਰੂ ਸਾਹਿਬ ਨੇ ਗਰੀਬਾਂ ਅਤੇ ਮਜ਼ਲੂਮਾਂ ਨਾਲ ਆਪਣੀ ਸਾਂਝ ਦੱਸੀ :—

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚ।
ਨਾਨਕ ਤਿਨ ਕੈ ਸੰਗ ਸਾਥਿ
ਵਡਿਆ ਸਿਉ ਕਿਆ ਰੀਸ। (ਸਿਰੀ ਰਾਗ ਮ: ੧)

ਧਾਰਮਿਕ ਖੇਤਰ 'ਚ ਪ੍ਰਚਲਤ ਅਡੰਬਰਾਂ ਨੂੰ ਛੱਡ ਕੇ ਗੁਰੂ ਸਾਹਿਬ ਨੇ ਮਨ ਨੂੰ ਜਿੱਤ ਲੈਣ ਦੀ ਪ੍ਰੇਰਨਾ ਦਿਤੀ। ਸਦਾਚਾਰਕ ਕੀਮਤਾਂ ਦਾ ਧਾਰਣੀ ਹੋਣ 'ਤੇ ਜ਼ੋਰ ਦਿਤਾ। ਜੇ ਉਨ੍ਹਾਂ ਨੇ ਮੁਸਲਮਾਨਾਂ ਨੂੰ ਉਪਦੇਸ਼ ਦਿੱਤਾ ਕਿ :—

ਮਿਹਰ ਮਸੀਤਿ ਸਿਦਕੁ
ਮਸਲਾ ਹਕੁ ਹਲਾਲੁ ਕੁਰਾਣੁ।
ਸਰਮ ਸੁੰਨਤਿ ਸੀਲੁ
ਰੋਜਾ ਹੋਹੁ ਮੁਸਲਮਾਣੁ।

ਉਥੇ ਹਿੰਦੂਆਂ ਨੂੰ ਦੱਸਿਆ ਕਿ :—

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ
ਏਹੁ ਜਨੇਊ ਜੀਅ ਕਾ
ਹਈ ਤ ਪਾਂਡੇ ਘਤੁ।

ਗੁਰੂ ਸਾਹਿਬ ਨੇ ਸੱਚੇ ਆਚਰਣ ਨੂੰ ਸੱਚਾ ਧਰਮ ਮੰਨਿਆ ਅਤੇ ਉਪਦੇਸ਼ ਦਿਤਾ ਜੋ ਕਿ ਕ੍ਰਾਂਤੀਕਾਰੀ ਉਪਦੇਸ਼ ਸੀ।

ਖਰਚੁ ਬੰਨੁ ਚੰਗਿਆਈਆਂ
ਮਤੁ ਮਨ ਜਾਣਹਿ ਕਲ੍ਹ।
ਨਿਰੰਕਾਰ ਕੈ ਦੇਸਿ ਜਾਹਿ।
ਤਾ ਸੁਖਿ ਲਹਹਿ ਮਹਲੁ।

ਸੋ ਗੁਰੂ ਨਾਨਕ ਸਾਹਿਬ ਉਸੇ ਤਰ੍ਹਾਂ ਭਾਰਤੀ ਸੁਧਾਰਕ ਲਹਿਰ ਦੇ ਮੋਢੀ ਸਨ ਜਿਵੇਂ ਪੱਛਮ ਵਿਚ ਕਿੰਗ ਲੂਥਰ ਜੋਕਿ ਗੁਰੂ ਸਾਹਿਬ ਤੋਂ ਚੌਦਾਂ ਸਾਲ ਬਾਅਦ ਪ੍ਰਗਟ ਹੋਇਆ ਅਤੇ ਗੁਰੂ ਸਾਹਿਬ ਤੋਂ ਸੱਤ ਸਾਲ ਬਾਅਦ ਸਵਰਗ ਸਿਧਾਰਿਆ, ਜਰਮਨ ਪਰੋਟਿਸਟਿਜ਼ਮ ਅਤੇ ਯੂਰਪੀਨ ਸੁਧਾਰਕ ਲਹਿਰ ਦਾ ਬਾਨੀ ਸੀ।

ਪੰਨਾ 12 ਦੀ ਬਾਕੀ

ਗਿਆ ਹੈ। ਵਾਪਸੀ ਅੱਜ ਕੱਲ੍ਹ ਦੇ ਕੇਰਲਾ, ਕਰਨਾਟਕ, ਮਹਾਂਰਾਸ਼ਟਰ ਅਤੇ ਗੁਜਰਾਤ ਪ੍ਰਦੇਸਾਂ ਰਾਹੀਂ ਹੋਈ। ਵਿਚ ਵਿਚਾਲੇ ਮੱਧ ਪ੍ਰਦੇਸ਼ ਦੇ ਕੁਝ ਸਥਾਨਾਂ ਉਤੇ ਵੀ ਪਹੁੰਚੇ। ਮਹਾਂਰਾਸ਼ਟਰ ਵਿਚ ਉਨ੍ਹਾਂ ਨੇ ਭਗਤ ਨਾਮਦੇਵ ਦੀ ਬਾਣੀ ਪ੍ਰਾਪਤ ਕੀਤੀ।

ਇਸ ਵਾਪਸੀ ਦੇ ਸਫਰ ਵਿਚ ਸੋਮਨਾਥ ਤੋਂ ਇਲਾਵਾ ਦੂਜੇ ਮਹੱਤਵਸ਼ੀਲ ਸਥਾਨਾਂ ਵਿਚ ਦੁਆਰਕਾ ਅਤੇ ਸੁਦਾਮਾ ਪੁਰੀ ਗੁਰੂ ਜੀ ਗਏ ਸਨ। ਇਹ ਦੋਵੇਂ ਸਥਾਨ ਸ੍ਰੀ ਕ੍ਰਿਸ਼ਨ ਦੀ ਯਾਦ ਨਾਲ ਜੁੜੇ ਹੋਏ ਹਨ। ਦੁਆਰਕਾ ਨੂੰ ਹਿੰਦੂਆਂ ਦੀਆਂ ਸੱਤ "ਪੁਰੀਆਂ" ਵਿਚ ਗਿਣਿਆ ਜਾਂਦਾ ਹੈ। ਇਸ ਸਫਰ ਵਿਚ ਕੱਛ ਦੀ ਖਾੜੀ ਉਨ੍ਹਾਂ ਨੇ ਸਮੁੰਦਰੀ ਜਹਾਜ਼ ਰਾਹੀਂ ਪਾਰ ਕੀਤੀ ਸੀ। ਇਹ ਗੁਜਰਾਤ ਸੂਬੇ ਦੇ ਸਥਾਨ ਹਨ। ਗੁਜਰਾਤ ਦੀ ਸੀਮਾ ਅੱਜ ਕੱਲ੍ਹ ਦੇ ਰਾਜਸਥਾਨ ਨਾਲ ਲਗਦੀ ਹੈ। ਇਸ ਕਰਕੇ ਗੁਰੂ ਜੀ ਰਾਜਸਥਾਨ ਵਿਚ ਪ੍ਰਵੇਸ਼ ਕਰਕੇ ਆਬੂ ਪਰਬਤ ਗਏ, ਜਿਥੇ ਜੈਨੀਆਂ ਦੇ ਮੰਦਰ ਸਨ। ਉਦੈਪੁਰ ਦੇ ਰਾਹ ਨਾਥ-ਦੁਆਰੇ ਗਏ। ਫੇਰ ਚਿਤੌੜ ਰਾਹੀਂ ਰਾਜਸਥਾਨ ਦੇ ਪ੍ਰਸਿੱਧ ਇਸਲਾਮੀ ਤੀਰਥ-ਅਸਥਾਨ ਅਜਮੇਰ ਆ ਗਏ, ਜਿਥੇ ਖਵਾਜਾ ਮਈਉਨਦੀ ਚਿਸਤੀ ਦਾ ਮਕਬਰਾ ਹੈ। ਖਵਾਜਾ ਨੂੰ "ਗਰੀਬ ਨਿਵਾਜ਼" ਕਿਹਾ ਜਾਂਦਾ ਹੈ। ਹੁਣ ਤੱਕ ਇਥੇ ਉਰਸ ਲਗਦਾ ਹੈ। ਗੁਰੂ ਜੀ ਸਲਾਨਾ ਉਰਸ ਦੇ ਮੌਕੇ ਇਥੇ ਪਹੁੰਚੇ। ਨੇੜੇ ਹੀ ਪੁਸ਼ਕਰ ਝੀਲ ਹੈ। ਇਹ ਹਿੰਦੂ ਸ਼ਰਧਾਲੂਆਂ ਲਈ ਪਵਿੱਤਰ ਅਸਥਾਨ ਹੈ। ਗੁਰੂ ਜੀ ਇਥੇ ਵੀ ਗਏ।

ਇਥੋਂ ਇਕ ਵਾਰ ਫੇਰ ਉਤਰ ਪ੍ਰਦੇਸ਼ ਵਿਚ ਪ੍ਰਵੇਸ਼ ਕਰ ਗਏ ਕਿਉਂਕਿ ਗੁਰੂ ਜੀ ਪੁਸ਼ਕਰ ਵਲੋਂ ਆਗਰੇ ਰਾਹੀਂ ਗੋਕਲ, ਮਥਰਾ ਅਤੇ ਬਿੰਦਰਾ ਪਹੁੰਚੇ। ਇਹ ਜਮਨਾ ਨਦੀ ਦੇ ਕਿਨਾਰੇ ਦੇ ਸਥਾਨ ਹਨ। ਸ੍ਰੀ ਕ੍ਰਿਸ਼ਨ ਦੇ ਬਚਪਨ ਨਾਲ ਇਹ ਥਾਵਾਂ ਜੁੜੀਆਂ ਹੋਈਆਂ ਹਨ। ਇਸ ਇਲਾਕੇ ਦੇ 84 ਪਿੰਡ ਬ੍ਰਿਜ-ਭੂਮੀ ਕਹਾਉਂਦੇ ਹਨ। ਇਥੋਂ ਦੇ ਲੋਕਾਂ ਦਾ ਮੁਖ ਧੰਦਾ ਗਊਆਂ ਪਾਲਣਾ ਹੁੰਦਾ ਸੀ। ਇਸ ਕਰਕੇ ਇਥੋਂ ਦੇ ਪੁਰਖ "ਗੋਪਾਲ" ਅਤੇ ਇਸਤਰੀਆਂ "ਗੋਪੀਆਂ" ਕਹਾਉਂਦੀਆਂ ਸਨ। ਸ੍ਰੀ ਕ੍ਰਿਸ਼ਨ ਵੀ ਸ਼ਰਧਾਲੂਆਂ ਦੀ ਨਜ਼ਰ ਵਿਚ "ਗੋਪਾਲ" ਹੀ ਸਨ। ਮੰਦਰਾਂ ਦਾ ਅਤੇ ਸ੍ਰੀ ਕ੍ਰਿਸ਼ਨ ਦੀਆਂ ਕੀਮਤੀ ਮੂਰਤੀਆਂ ਦਾ ਇਲਾਕਾ ਸੀ। ਇਸੇ ਕਰਕੇ ਇਸਲਾਮੀ ਹਮਲਾਆਵਰ ਮਥਰਾ ਦੇ ਮੰਦਰਾਂ ਉਤੇ ਹਮਲੇ ਕਰਦੇ ਰਹੇ। ਗੁਰੂ ਜੀ ਨੇ ਇਹ ਧਰਤੀ ਅੱਖੀ ਦੇਖੀ ਤੇ ਲੋਕਾਂ ਦੇ ਚੱਜ-ਆਚਾਰ ਦੇਖੇ। ਮਥਰਾ ਤੋਂ ਦਿੱਲੀ ਦੇ ਰਾਹ ਕੁਰਕਸ਼ੇਤਰ ਆ ਗਏ। ਕੁਰਕਸ਼ੇਤਰ ਤੋਂ ਪਹਿਲਾਂ ਪਾਣੀਪਤ ਵਿਚ ਮੁਸਲਮਾਨ ਮਹਾਂ ਪੁਰਖ ਸ਼ੇਖ ਤਾਹਰ ਨਾਲ ਵੀ ਮੁਲਾਕਾਤ ਕੀਤੀ। ਕੁਰਕਸ਼ੇਤਰ ਦੇ ਨੇੜੇ ਪਹੋਆ ਹੈ, ਜਿਥੇ ਗਯਾ ਵਾਂਗ ਹੀ "ਪਿੰਡ ਭਰਾਉਣ" ਦਾ ਰਿਵਾਜ ਹੈ। ਇਥੋਂ ਚਲ ਕੇ ਸਰਸੇ ਵਿਚ ਉਥੋਂ ਦੇ ਮੁਸਲਮਾਨ ਪੀਰ ਨਾਲ ਗੱਲਬਾਤ ਕੀਤੀ। ਸਰਸੇ ਤੋਂ ਵਾਪਸ ਸੁਲਤਾਨਪੁਰ ਲੋਧੀ ਆ ਗਏ।

ਸੁਰਗਵਾਸੀ ਪ੍ਰੋ: ਸਾਹਿਬ ਸਿੰਘ ਜੀ ਨੇ ਆਪਣੀ ਪੁਸਤਕ "ਜੀਵਨ ਬਿਰਤਾਂਤ ਗੁਰੂ ਨਾਨਕ ਦੇਵ ਜੀ" ਵਿਚ ਗਿਣਤੀ ਮਿਣਤੀ ਲਾ ਕੇ ਦੱਸਿਆ ਹੈ ਕਿ ਗੁਰੂ ਨਾਨਕ ਨੇ ਲਗਪਗ ਅੱਠ ਸਾਲਾਂ ਵਿਚ ਇਹ ਸਾਰਾ ਭਾਰਤ-ਰਟਨ ਮੁਕਾਇਆ। ਇਸ ਸਫਰ ਵਿਚ ਉਨ੍ਹਾਂ ਛੇ ਹਜ਼ਾਰ ਪੰਜ ਸੌ ਮੀਲ ਸਫਰ ਕੀਤਾ ਜੋ ਆਮ ਤੌਰ 'ਤੇ ਪੈਦਲ ਹੁੰਦਾ ਸੀ। ਕਿਤੇ ਕਿਤੇ ਸਵਾਰੀ ਵੀ ਵਰਤੀ।

ਬਾਅਦ ਵਿਚ ਸੁਲਤਾਨਪੁਰ ਤੇ ਤਲਵੰਡੀ ਕੁਝ ਸਮਾਂ ਗੁਜ਼ਾਰ ਕੇ ਉਹ ਰੰਧਾਵੇ ਗੋਤ ਦੇ ਜੱਟਾਂ ਦੇ ਪਿੰਡ "ਪੱਖੋ ਕੇ ਰੰਧਾਵੇ" ਆ ਗਏ। ਇਥੋਂ ਦਾ ਚੌਧਰੀ ਅਜਿੱਤਾ ਰੰਧਾਵਾ ਗੁਰੂ ਜੀ ਦਾ ਪ੍ਰਸੰਸਕ ਸੀ। ਗੁਰੂ ਜੀ ਦੇ ਸਹੁਰਾ ਸਾਹਿਬ ਬਾਬਾ ਮੂਲ ਚੰਦ ਇਸ ਪਿੰਡ ਦੇ ਪਟਵਾਰੀ ਸਨ। ਇਸ ਪਿੰਡ ਦੇ ਨੇੜੇ ਰਾਵੀ ਨਦੀ ਦੇ ਕਿਨਾਰੇ ਖੁਲ੍ਹੀਆਂ ਬੇਆਬਾਦ ਜ਼ਮੀਨਾਂ ਪਈਆਂ ਸਨ। ਗੁਰੂ ਜੀ ਨੇ ਨੌਂ ਜਨਵਰੀ 1516 ਈ: ਨੂੰ ਇਸ ਥਾਂ ਨਵੇਂ ਪਿੰਡ "ਕਰਤਾਰਪੁਰ ਰਾਵੀ" ਦੀ ਬੁਨਿਆਦ ਰੱਖੀ

ਕੁਝ ਆਰਾਮ ਕਰਕੇ ਗੁਰੂ ਜੀ ਦੂਜੀ ਉਦਾਸੀ ਉਤੇ ਤੁਰੇ। ਸਿਆਲਕੋਟ, ਜੰਮੂ ਵੈਸ਼ਣੋ ਦੇਵੀ, ਅਮਰ ਨਾਥ ਆਦਿ ਪ੍ਰਸਿੱਧ ਹਿੰਦੂ ਤੀਰਥਾਂ ਹੁੰਦੇ ਹੋਏ ਤੋਂ ਸੁਮੇਰ ਪਰਬਤ ਉਤੇ ਪਹੁੰਚੇ, ਜੋ ਹਿਮਾਲਾ ਵਿਚ ਉਸ ਖੇਤਰ ਨੂੰ ਕਹਿੰਦੇ ਸਨ, ਜਿਥੇ ਸਿੱਧ ਜੋਗੀ ਤਪੱਸਿਆ ਕਰਿਆ ਕਰਦੇ ਸਨ।

ਕੁਝ ਵਿਦਵਾਨ ਦਸਦੇ ਹਨ ਕਿ ਗੁਰੂ ਜੀ ਜੰਮੂ ਦੇ ਰਾਹ ਨਹੀਂ, ਦਸੂਹੇ, ਜੁਆਲਾਮੁਖੀ, ਰਿਵਾਲਸਰ ਦੇ ਰਾਹ ਸੁਮੇਰ ਪਰਬਤ ਉਤੇ ਗਏ ਸਨ। ਸਿੱਧਾਂ ਨਾਲ ਸੁਮੇਰ ਪਰਬਤ ਉਤੇ ਗੁਰੂ ਜੀ ਦੀ ਜੋ ਗੋਸ਼ਟੀ ਹੋਈ ਹੈ, ਉਸ ਵਿਚ ਗੁਰੂ ਗੋਰਖ ਵੀ ਸ਼ਾਮਲ ਹੋਇਆ ਦੱਸਿਆ ਜਾਂਦਾ ਹੈ, ਜੋ ਗੁਰੂ ਜੀ ਤੋਂ ਕਈ ਸੌ ਸਾਲ ਪਹਿਲਾਂ ਹੋ ਚੁਕਾ ਸੀ। ਇਹ ਗੋਸ਼ਟੀ ਤਾਂ ਮਨੋਕਲਪਿਤ ਹੈ, ਪਰ ਇਸ ਪਰੰਪਰਾ ਤੋਂ ਇਹ ਸੰਕੇਤ ਜ਼ਰੂਰ ਮਿਲਦਾ ਹੈ ਕਿ ਬਾਕੀ ਭਾਰਤ ਦੇ ਸਭ ਧਰਮਾਂ ਦੇ ਪ੍ਰਸਿੱਧ ਕੇਂਦਰਾਂ ਉਤੇ ਜਾਣ ਵਾਂਗ ਹੀ ਗੁਰੂ ਜੀ ਹਿਮਾਲਾ ਪਰਬਤ ਵਿਚ ਛੁਪ ਬੈਠੇ ਸਿੱਧਾਂ ਨੂੰ ਵੀ ਜ਼ਰੂਰ ਮਿਲੇ, ਤੇ ਉਨ੍ਹਾਂ ਨੂੰ ਯਾਦ ਕਰਾਇਆ —

ਸਿੱਧ ਛਪ ਬੈਠੇ ਪਰਬਤੀਂ
ਕੌਣ ਜਗਤ ਕਉ ਪਾਰ ਉਤਾਰਾ ?

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਗੁਰੂ ਜੀ ਦੀ ਜੀਵਨੀ "ਬਲਿਉ ਚਿਰਾਗ" ਵਿਚ ਕੁਝ ਨਵੀਂ ਪ੍ਰਾਪਤ ਸੂਚਨਾ ਦੇ ਆਧਾਰ ਉਤੇ ਲਿਖਿਆ ਹੈ ਕਿ ਗੁਰੂ ਜੀ ਸੁਮੇਰ ਪਰਬਤ ਤੋਂ ਨੇਪਾਲ ਅਤੇ ਤਿੱਬਤ ਵੀ ਗਏ। ਜਦੋਂ ਗੁਰੂ ਜੀ ਦਾ ਪੰਜ ਸੌ ਸਾਲਾ ਜਨਮ ਦਿਨ ਮਨਾਇਆ ਗਿਆ ਸੀ ਤਾਂ ਕੁਝ ਪੰਜਾਬੀ ਤੇ ਗੈਰ-ਪੰਜਾਬੀ ਲੇਖਕਾਂ ਨੇ "ਹਿੰਦੁਸਤਾਨ ਟਾਈਮਜ਼" ਅਤੇ "ਸਿੱਖ ਰੀਵੀਉ" ਵਿਚ ਲੇਖ ਜਾਂ ਖਤ ਲਿਖ ਕੇ ਨੇਪਾਲ ਅਤੇ ਤਿੱਬਤ ਵਿਚ ਗੁਰੂ ਜੀ ਦੇ ਪਹੁੰਚਣ ਬਾਰੇ ਸਥਾਨਕ ਪਰਚਲਤ ਰਵਾਇਤਾਂ ਦਾ ਜ਼ਿਕਰ ਕੀਤਾ ਸੀ।

ਗੁਰੂ ਜੀ ਦਾ ਇਹ ਭਾਰਤ-ਦਰਸ਼ਨ ਸਿੱਧ ਕਰਦਾ ਹੈ ਕਿ ਉਨ੍ਹਾਂ ਨੂੰ ਸਮੁੱਚੇ ਭਾਰਤ ਨਾਲ ਅਤੇ ਇਥੋਂ ਦੀ ਜਨਤਾ ਨਾਲ ਪਿਆਰ ਸੀ, ਭਾਰਤੀ ਲੋਕਾਂ ਦੇ ਦੁੱਖਾਂ ਬਾਰੇ ਚਿੰਤਾ ਸੀ। ਇਸੇ ਕਰ ਕੇ ਹੀ ਜਦੋਂ ਭਾਰਤ ਉਤੇ ਬਾਬਰ ਨੇ ਹਮਲੇ ਕੀਤੇ ਤਾਂ ਸੰਤ ਸਾਧ ਤਾਂ ਹਜ਼ਾਰਾਂ ਸਨ, ਪਰ ਜ਼ੋਰਦਾਰ ਰੋਸ ਗੁਰੂ ਜੀ ਨੇ ਹੀ ਕੀਤਾ ਸੀ।



ਇਕ ਕਿਲੋਮੀਟਰ ਤਾਰ ਦਾ ਭਾਰ ਇਕ ਗ੍ਰਾਮ

ਪਿੱਛੇ ਜਿਹੇ ਸੋਵੀਅਤ ਵਿਗਿਆਨੀਆਂ ਨੇ ਧਾਤੂ ਦੀ ਇਕ ਬਹੁਤ ਹੀ ਬਰੀਕ ਤਾਰ ਤਿਆਰ ਕੀਤੀ ਹੈ। ਇਸ ਦਾ ਪ੍ਰਤੀ ਇਕ ਕਿਲੋਮੀਟਰ ਤਾਰ ਦਾ ਭਾਰ ਸਿਰਫ ਇਕ ਗ੍ਰਾਮ ਹੈ। ਇਹ ਤਾਰ ਆਮ ਤੌਰ ਤੇ ਬਹੁਤ ਹੀ ਸੂਖਮ ਯੰਤਰਾਂ ਵਿਚ ਵਰਤੀ ਜਾਂਦੀ ਹੈ ਤੇ ਖਾਸ ਕਰਕੇ ਉਪ-ਗ੍ਰਹਿ ਯੰਤਰ ਵਿਚ।

ਗੁਰੂ ਨਾਨਕ

ਪਰਮਜੀਤ ਸਿੰਘ "ਕੰਵਲ"(ਰਾਮਪੁਰੀ)

ਧਰਤੀ ਦੇ ਅੱਜ ਕਣ ਕਣ ਅੰਦਰ ਖੁਸ਼ੀਆਂ ਹੈਂਨ ਸਮਾਈਆਂ ਹੋਈਆਂ,
ਫੁਲ ਖਿੜੇ ਖੁਸ਼ਬੂਆਂ ਵੰਡਣ, ਕਲੀਆਂ ਨੇ ਮਹਿਕਾਈਆਂ ਹੋਈਆਂ।

ਅੰਬਰ ਨੱਚਿਆ ਧਰਤੀ ਨੱਚੀ, ਵਾਯੂ ਜੀਵ ਅਕਾਸ਼ ਵੀ ਨੱਚੇ,
ਖੁਸ਼ੀਆਂ ਆਈਆਂ ਗਮੀਆਂ ਗਈਆਂ, ਬੁੱਲ ਮੁਰਝਾਏ ਖਿੜ ਖਿੜ ਹੱਸੇ।

ਧੁੰਦ ਮਿਟੀ ਜੱਗ ਚਾਨਣ ਹੋਇਆ, ਘੁਪ ਹਨੇਰੀਆਂ ਰਾਤਾਂ ਗਈਆਂ,
ਸਚ ਦੇ ਸੂਰਜ ਕਿਰਨਾਂ ਛੱਡੀਆਂ, ਦਿਨ ਚੜ੍ਹਨੇ ਦੀਆਂ ਬਾਤਾਂ ਗਈਆਂ।

ਡੁਬਦੀ ਦੁਨੀਆਂ ਤਾਰਨ ਵਾਲਾ, ਪ੍ਰਗਟ ਹੋਇਆ ਜੱਗ ਦਾ ਵਾਲੀ,
ਮਸਤੀ ਦੇ ਵਿਚ ਗਾਉਣ ਬੁਲਬਲਾਂ, ਝੂੰਮ ਰਹੀ ਏ ਡਾਲੀ ਡਾਲੀ।

ਜਿਹੜੇ ਕਹਿੰਦੇ ਨਾਨਕ ਆ ਜਾ, ਇਹ ਉਹਨਾਂ ਦੀ ਖ਼ਾਮ ਖਿਆਲੀ,
ਗੁਰ ਨਾਨਕ ਤੇ ਅੰਗ ਸੰਗ ਸਾਡੇ, ਪਰ ਅੱਖ ਹੈ ਨਹੀਂ ਵੇਖਣ ਵਾਲੀ।
ਜਾਮੇ ਵਿਚ ਇਨਸਾਨ ਦੇ ਇਨ੍ਹੂੰ, ਭੂਤਨਾਂ ਅਤੇ ਕੁਰਾਹੀਆ ਕਹੀਏ,
ਪਾਗਲ ਅਤੇ ਬੇਤਾਲਾ ਕਹਿ ਕੇ, ਇਟਾਂ ਰੋੜੇ ਮਾਰਦੇ ਰਹੀਏ।
ਜਦੋਂ ਸਾਕਾਰ ਦੇ ਅੰਦਰ ਆਇਆ, ਇਦ੍ਹੀ ਕਦਰ ਕਿਸੇ ਨਾ ਜਾਣੀ,
ਰਾਏ ਬੁਲਾਰ ਤੇ ਨਾਨਕੀ ਬਾਝੋਂ ਵਿਰਲੇ ਵਿਰਲੇ ਰਮਜ਼ ਪਛਾਣੀ।

ਕੀ ਆਵਾਜ਼ ਦਿਤੀ ਗੁਰ ਨਾਨਕ, ਇਹ ਜਾਨਣ ਦਾ ਯਤਨ ਨਾ ਕਰੀਏ।
ਛੋਟੀਆਂ ਛੋਟੀਆਂ ਗੱਲਾਂ ਪਿਛੇ ਆਪੋ ਵਿਚ ਹੀ ਖਹਿ ਖਹਿ ਮਰੀਏ।

ਜਗਤ ਜਲੰਦੇ ਉਤੇ ਆ ਕੇ, ਗੁਰੂ ਨਾਨਕ ਨੇ ਠੰਡ ਵਰਤਾਈ,
ਹਿੰਦੂ, ਮੁਸਲਮ, ਵਾਲੀ ਉਹਨੇ ਨਾ ਸੀ ਕੋਈ ਹੱਦ ਬਣਾਈ।

ਗੁਰ ਨਾਨਕ ਦਾ ਗਿਆਨ ਸੀ ਕੇਹੜਾ, ਇਹ ਕਦੇ ਨਾ ਕਿਸੇ ਦੁਹਰਾਇਆ
ਕੀ ਉਹਨਾਂ ਨੇ ਹੋਕਾ ਦਿਤਾ, ਕੀ ਉਹਨਾਂ ਨੇ ਸਬਕ ਪੜ੍ਹਾਇਆ।

ਗੁਰੂ ਨਾਨਕ, ਰਾਮ, ਮੁਹੰਮਦ, ਇਹਨਾਂ ਦੀ ਆਵਾਜ਼ ਸੀ ਇਕੋ,
ਪਰ ਇਹਨਾਂ ਨੂੰ ਬੁਝਣ ਵਾਲਾ ਛੋਟਾ ਜਿਨਾ ਰਾਜ਼ ਹੈ ਇਕੋ।
ਆਏ ਪੈਗੰਬਰ ਜਿੰਨੇ ਜੱਗ ਤੇ, ਏਕੇ ਦਾ ਹੀ ਸਬਕ ਪੜ੍ਹਾਇਆ।
ਜ਼ਾਤ ਮਜ਼੍ਹਬ ਦਾ ਖਿਆਲ ਨਾ ਕੀਤਾ, ਸਭਨਾਂ ਨੂੰ ਚਾਅ ਗਲੇ ਲਗਾਇਆ
ਗੀਤਾ, ਗਰੰਥ, ਕੁਰਾਨ, ਇੰਜਲਾਂ, ਸਭਨਾਂ ਦਾ ਹੈ ਇਕ ਇਸ਼ਾਰਾ,
ਪਰ ਬੁਝੇ ਕੋਈ ਵਿਰਲਾ ਇਹਨੂੰ, ਹੋਵੇ ਜੋ ਇਸ ਰਬ ਦਾ ਪਿਆਰਾ।
ਗੁਰਬਾਣੀ ਨੂੰ ਪੜ੍ਹਨਾ ਕੀ ਏ, ਜੇਕਰ ਪੜ੍ਹ ਕੇ ਅਮਲ ਨਾ ਕੀਤਾ,
ਨਾਮ ਖੁਮਾਰੀ ਕਦੇ ਨਹੀਂ ਚੜ੍ਹਨੀ, ਜੇ ਨਹੀਂ ਨਾਮ ਪਿਆਲਾ ਪੀਤਾ।
ਬੰਦੇ ਨੇ ਜਦ ਸਾਰੇ ਬੰਦੇ, ਕਿਉਂ ਬੰਦਿਆਂ ਤੋਂ ਨਫਰਤ ਕਰੀਏ,
ਰਸਤਾ ਹੈ ਇਕ ਸਿੱਧਾ ਪਧਰਾ, ਕਿਉਂ ਫਿਰ ਪੈਰ ਕੁਰਾਹੇ ਧਰੀਏ।

ਪਹਿਲੋਂ ਵੇਖੋ ਕੀ ਅਸੀਂ ਹਾਂ, ਕੀ ਏ ਨਿਜ ਸਰੂਪ ਅਸਾਡਾ,
ਕਿਨ੍ਹੂੰ ਮਾਰੋ ? ਮਰਦਾ ਕਿਹੜਾ, ਕੌਣ ਬੇਗਾਨਾ ਕੌਣ ਤੁਹਾਡਾ।
ਜੁਗ ਜੁਗ ਭੇਸ ਵਟਾ ਕੇ ਆਉਂਦਾ, ਆਪ ਨਾਰਾਇਣ ਜਗ ਦੇ ਉਤੇ,
ਬੁਝੇ ਕੋਈ ਗਿਆਨੀ ਵਿਰਲਾ, ਸੁਤੇ ਰਹਿ ਜਾਣ ਸੁਤੇ ਸੁਤੇ।

ਗੁਰ ਨਾਨਕ ਹੈ ਹੁਣ ਵੀ ਏਥੇ, ਐਂਵੇ ਨਾ ਪਏ ਮਾਰੋ ਵਾਜਾਂ,
ਗੁਰਬਾਣੀ ਕੀ ਕਹਿੰਦੀ ਪਈ ਏ, ਰਤਾ ਕੁ ਸਮਝੋ ਇਹਦਿਆਂ ਰਾਜ਼ਾਂ।
ਗੁਰਬਾਣੀ ਵਿਚ ਸਾਫ ਹੈ ਲਿਖਿਆ, ਨਾਮ ਵੀ ਰਹਿੰਦਾ ਗੁਰੂ ਵੀ ਰਹਿੰਦਾ,
ਪਰ ਗੁਰੂ ਦੇ ਹੁਕਮ ਦੁਆਰਾ, ਵਿਰਲਾ ਕੋਈ ਹੈ ਬੁਝ ਲੈਂਦਾ।
ਉਠੇ ਜਦੋਂ ਗੈਲਾਨ ਜਗਤ ਵਿਚ, ਜਦ ਬੰਦੇ ਨੂੰ ਬੰਦਾ ਖਾਵੇ,
ਓਦੋਂ ਲੈ ਮਾਇਆ ਦਾ ਉਹਲਾ, ਆਪ ਖੁਦਾਵੰਦ ਜਗ ਵਿਚ ਆਵੇ।

ਗਿਆਨ ਗੁਰੂ, ਆਤਮ ਉਪਦੇਸ਼, ਰੂਪ ਵਟਾ ਕੇ ਸਾਕਾਰ ਦਾ,
"ਕੰਵਲ" ਸਤਿਗੁਰੂ ਮਰੇ ਨਾ ਜੰਮੇ, ਕੇਵਲ ਗੁਰੂ ਸਰੀਰ ਧਾਰਦਾ।

ਭਾਰਤੀਆਂ ਨੂੰ ਸੋਚਣ ਸੁਭਾਉ ਬਦਲਣ ਦੀ ਲੋੜ

ਰਾਮ ਸਿੰਘ ਢਿੱਲੋਂ, ਸਰੀ (ਗੋਰਾਇਆ)

ਅੱਜ ਜੋ ਭਾਰਤ ਵਿਚ ਮਜ਼ੁਬ ਤੇ ਬੋਲੀ ਦੇ ਪ੍ਰਛਾਵੇਂ ਹੇਠ ਵਾਪਰ ਰਿਹਾ ਹੈ, ਕੋਈ ਦੇਸ਼ ਵਾਸੀ ਵੀ, ਜਿਹਦੇ ਦਿਲ ਵਿਚ ਦੇਸ਼-ਪਿਆਰ ਦਾ ਜਜ਼ਬਾ ਹੈ, ਓਹਦੀ ਮਨ-ਬ੍ਰਿਤੀ ਸ਼ਾਂਤ ਰਹਿ ਸਕਣ ਤੋਂ ਅਸਮਰਥ ਜਾਪਦੀ ਹੈ। ਹਿੰਦੂ ਸਮਝਦੇ ਹਨ ਕਿ ਸਰਕਾਰ ਘੱਟ ਗਿਣਤੀ ਜਾਤੀਆਂ ਨੂੰ ਖੁਸ਼ ਕਰਨ ਤੇ ਤੁਲੀ ਹੋਈ ਹੈ ; ਮੁਸਲਮਾਨ ਆਪਣੀ ਔਰਤ ਜ਼ਾਤ ਤੇ ਸ਼ਰਈ ਹੋ ਰਹੇ ਜ਼ੁਲਮ ਬਾਰੇ ਪਿਛਾਂਹ-ਖਿਚੂ ਤਲਾਕ ਕਾਨੂੰਨ ਨੂੰ ਜਾਰੀ ਰੱਖਣ ਲਈ ਅਤੇ ਸਿਖ ਪੰਜਾਬ ਵਿਚ ਅਕਾਲੀ ਦਲ ਸਰਕਾਰ ਬਣਨ ਬਾਰੇ ਦ੍ਰਿੜ ਜਾਪ ਰਹੇ ਹਨ ਅਤੇ ਮੁਸਲਮਾਨ ਰਾਮਾ ਜਨਮ ਭੂਮੀ ਬਾਬਰੀ ਮਸਜਿਦ ਬਾਰੇ ਸਰਕਾਰ ਨਾਲ ਟੱਕਰ ਲੈ ਰਹੇ ਹਨ। ਸਿੱਖ ਅਨੁਭਵ ਕਰ ਰਹੇ ਹਨ ਕਿ ਸਾਰੇ ਦੇਸ਼ ਵਿਚ ਉਨ੍ਹਾਂ ਦੇ, ਦੇਸ਼ ਪਿਆਰ ਜਜ਼ਬੇ ਬਾਰੇ ਕਟਿਲ-ਨੀਤੀ ਵਰਤੀ ਜਾ ਰਹੀ ਹੈ।

ਐਸ ਵੇਲੇ ਦੇਸ਼ ਨੇ ਇਹ ਦੇਖਣਾ ਹੈ ਕਿ ਕੀ ਕਿਸੇ ਮਜ਼ੁਬ ਦਾ ਰੋਸਾ ਜਾਇਜ਼ ਹੈ ਬਲਕਿ ਇਹ ਘੋਖਣਾ ਹੈ ਕਿ ਜੇ ਰੋਸਾ ਹੈ ਤਾਂ ਕੀ ਓਸ ਰੋਸੇ ਨੂੰ ਦੇਸ਼-ਹਿਤਾਂ ਤੋਂ ਵਾਰ ਪਹਿਲ ਦੇਣੀ ਚਾਹੀਦੀ ਹੈ ? ਜੇ ਏਸ ਮੁਖ ਸਵਾਲ ਦਾ ਹਾਲੇ ਕੋਈ ਯੋਗ ਉਤਰ ਨਹੀਂ ਆ ਰਿਹਾ, ਇਹਦਾ ਇਹ ਕਾਰਨ ਹੈ ਕਿ ਸਾਰੀਆਂ ਸ਼੍ਰੇਣੀਆਂ ਆਪਣੇ ਆਪਣੇ ਏਸ ਨਿਸਚੇ ਤੇ ਦ੍ਰਿੜ ਹਨ ਕਿ ਉਨ੍ਹਾਂ ਦਾ ਅਪਣਾਇਆ ਮਜ਼ੁਬੀ-ਫਲਸਫਾ ਦੇਸ਼ ਨਾਲੋਂ ਵਧੇਰੇ ਜ਼ਰੂਰੀ ਹੈ ਅਤੇ ਓਹ ਸਦੀਆਂ ਪੁਰਾਣੇ ਵਿਸ਼ਵਾਸ਼ ਨੂੰ ਭੁੱਲ ਜਾਂਦੇ ਹਨ ਕਿ "ਕੋਈ ਵੀ ਨਹੀਂ ਬਚੇਗਾ, ਜੇ ਦੇਸ਼ ਨਾ ਬਚਿਆ।"

ਆਪਣੇ ਆਪਣੇ ਪੱਖ ਤੋਂ ਹਰ ਭਾਰਤੀ ਮਜ਼ੁਬ ਬਲਵਾਨ ਹੈ, ਪਰ ਦੇਸ਼ ਉਨ੍ਹਾਂ ਸਭਨਾਂ ਤੋਂ ਹੀ ਬਲਵਾਨ ਹੈ, ਇਹ ਨਿਰਣਾ ਉਪਦੇਸ਼ ਸਾਰੇ ਭਾਰਤੀਆਂ ਨੂੰ ਕਰਨ ਸਮਝਣ ਦੀ ਲੋੜ ਹੈ ਜਿਹੜੇ ਆਪਣੇ ਆਪਣੇ ਮਜ਼ੁਬ ਦੀ ਰਾਖੀ ਲਈ ਹਰ ਅਡੰਬਰੀ - ਤੌਰ ਤਰੀਕਾ ਵਰਤ ਰਹੇ ਹਨ। "ਮਜ਼ੁਬ ਖਤਰੇ ਵਿਚ ਹੈ" ਦੇ ਰੌਲੇ ਦਵਾਲੇ ਬੜਾ ਕੁਸ਼ਗਨਾਂ ਤੇ ਮਨਹੂਸ ਘੇਰਾ ਪਿਆ ਹੋਇਆ ਹੈ। ਅਜ ਤੋਂ 40 ਕੁ ਸਾਲ ਪਹਿਲਾਂ (ਪਾਕਿਸਤਾਨੀ ਰੌਲਾ) ਵੀ ਇਹ ਰੌਲਾ ਪਿਆ ਸੀ ਤੇ ਓਸ ਰੌਲੇ ਨੇ ਦੇਸ਼ ਵਿਚ ਉਜਾੜ ਪਾ ਦਿੱਤੀ ਸੀ (ਕੀ ਖਟ ਲਿਆ ਓਸ ਰੌਲੇ ਨੇ ?)। ਅੱਜ ਜਿਹੜੇ ਫੇਰ ਓਹੋ ਜੇਹਾ ਰੌਲਾ ਪਾਉਂਦੇ ਹਨ ਉਨ੍ਹਾਂ ਦਾ ਵੀ ਜ਼ਰੂਰ ਕੋਈ ਮੰਤਵ ਹੋਵੇਗਾ, ਪਤਾ ਨਹੀਂ ਇਨ੍ਹਾਂ ਦਾ ਇਹ ਰੌਲਾ ਕਿੰਨਾ ਕੁ ਸੱਚਾ ਹੋਵੇਗਾ ?

ਲੋੜੀਂਦੇ ਮਸਲੇ

ਅਜ ਅਸੀਂ ਏਹੋ ਜੇਹੇ ਸਮੇਂ ਵਿਚੋਂ ਦੀ ਲੰਘ ਰਹੇ ਹਾਂ ਜਦੋਂ ਅਸੀਂ ਧਰਤ-ਮਨੁਖਤਾ-ਖਿਆਲ ਦੇ ਵਾਰਿਸ ਬਣ ਚੁਕੇ (ਖਿਆਲ ਅਪਣਾ ਚੁਕੇ ਹਾਂ) ਹਾਂ। ਅਸੀਂ ਮਜ਼ੁਬਾਂ ਅਤੇ ਫਿਲਾਸਫੀ ਬਾਰੇ ਕਾਫੀ ਤਵਾਰੀਖੀ ਜਾਣਕਾਰੀ ਭੰਡਾਰ ਕਾਇਮ ਕਰ ਚੁਕੇ ਹਾਂ। ਅਸੀਂ ਦੇਖਦੇ ਹਾਂ ਕਿ ਸਾਥੋਂ ਵੀ ਪਹਿਲਾਂ ਅਨੇਕ ਬੰਦਿਆਂ ਨੇ ਬ੍ਰਹਮੰਡੀ - ਕੁਦਰਤ ਇਹਦੀ ਹੋਂਦ-ਗਿਆਨ ਬਾਰੇ ਬੜੀ ਜਾਣਕਾਰੀ ਦਿਤੀ ਜੇਹੜੀ ਕਿ ਉਨ੍ਹਾਂ ਅਖਰੀ ਅਤੇ ਸੰਪੂਰਨ ਸਮਝੀ (ਪਰਫੈਕਟ ਕੰਪਲੀਟ)। ਏਸ ਸੰਪੂਰਨਤਾ ਦੀ ਅਨੇਕਤਾ ਨੂੰ ਜੇ ਅਜ ਅਸੀਂ ਈਮਾਨਦਾਰ ਹਾਂ (ਸਚੇ) ਤਾਂ ਸਾਡੇ ਲਈ ਇਹਨੂੰ ਸਵੀਕਾਰ ਕਰਨਾ ਬੜਾ ਕਠਨ ਹੈ। ਅਸੀਂ ਅਨੁਭਵ ਕਰਦੇ ਹਾਂ ਕਿ ਸਾਡੀ ਆਪਣੀ ਸੰਪੂਰਨ ਜਾਣਕਾਰੀ ਹੀ ਸਚੀ ਤੇ ਠੀਕ ਹੈ ਬਾਕੀ ਸਭ ਝੂਠੀਆਂ, ਬਸ ਇਹੋ ਕੁਝ ਅਸੀਂ ਗ੍ਰਹਿਣ ਕੀਤੀ ਬੈਠੇ ਹਾਂ।

ਆਪਣੇ ਮਜ਼ੁਬੀ ਪਿਤਾਮਾਂ ਬਾਰੇ ਡੂੰਘੀ ਖੋਜ ਕਰਨ ਦੇ ਅਸੀਂ ਉਨ੍ਹਾਂ ਦੇ ਕਰਜ਼ਾਈ ਹਾਂ। ਅਟੁਟ ਪਿਤਾ ਪੁਰਖੀ ਲੀਹ (ਪ੍ਰੰਪਰਾ) ਕੋਈ ਕਾਰੀਗਰੀ ਪੁਨਉਤਪਾਦਨ (ਰੀਪ੍ਰੋਡਕਸ਼ਨ) ਨਹੀਂ ਇਹ ਤੇ ਕ੍ਰੀਏਟਿਵ (ਸਿਰਜਨਸ਼ੀਲ) ਟ੍ਰਾਂਸਫ੍ਰਮੇਸ਼ਨ (ਕਾਇਆਂ ਕਲਪਣਾ) ਹੈ ਸਚਾਈ ਨਮੂਨੇ ਦਾ ਵਧ ਰਿਹਾ ਅਨੁਮਾਣ ਹੈ ਜ਼ਿੰਦਗੀ ਚਲਦੀ ਹੀ ਰਹਿੰਦੀ ਹੈ ਪਰ ਗੁਜ਼ਰ ਚੁਕੇ ਨੂੰ ਤਲਾਕ ਦੇਣ ਨਾਲ ਨਹੀਂ ਬਲਕਿ ਇਹਨੂੰ ਸਵੀਕਾਰ ਕਰਨ ਅਤੇ ਇਹਨੂੰ ਭਵਿਖ ਵਿਚ ਬੁਣਨ ਲਈ ਜਿਸ ਵਿਚ ਇਹ ਇਕ ਨਵੀਂ ਜੂਨੀ ਧਾਰਨ ਕਰਦੀ ਹੈ ਮੁਖ ਮੰਤਵ ਹੈ, ਪੁਰਾਣੀ ਯਾਦ ਰਖਣੀ ਅਤੇ ਨਵੀਂ ਕਾਇਮ ਕਰਨੀ।

ਕਨਫੀਊਸ਼ੈਸ਼ (ਚੀਨੀ ਫਿਲਾਸਫਰ) ਕਹਿੰਦਾ ਹੈ, "ਜੇਹੜਾ ਪੁਰਾਣੇ ਨੂੰ ਸੰਜੀਵ ਕਰਕੇ ਨਵੇਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ, ਟੀਚਰ ਬਣ ਸਕਣ ਦੇ ਫਿਟ ਹੈ।" ਅਜ ਸਾਨੂੰ ਏਸ ਪ੍ਰਕਾਰ ਦੇ ਮਜ਼ੁਬੀ ਟੀਚਰਾਂ ਦੀ ਲੋੜ ਹੈ ਪਰ ਅਜ ਸਾਡੇ ਕੋਲ ਅਸਲ ਵਿਚ ਹੈ ਕੀ ? ਹੋਕਾ ਦੇਕੇ ਵੇਚਣ ਵਾਲੇ ਨੀਮ-ਹਕੀਮ (ਕਹਾਵਤ— ਨੀਮ ਹਕੀਮ ਖਤਰਾਏ ਜਾਨ, ਨੀਮ ਮੁੱਲਾਂ, ਖਤਰਾਏ ਈਮਾਨ) ਹੈਨ ਜੁਗਾਂ ਜੁਗਾਂਤਰਾਂ ਤੋਂ ਭਾਰਤੀ, ਰੱਬੀ-ਹੋਂਦ, ਇਨਸਾਨੀ ਜ਼ਿੰਦਗੀ ਅਤੇ ਤਕਦੀਰ ਆਦਿ ਦੀਆਂ ਅੜੌਣੀਆਂ ਦੀ ਜਾਣਕਾਰੀ ਖੋਜ ਬਾਰੇ, ਆਪਣੀਆਂ ਬ੍ਰਿਤੀਆਂ ਇਕਾਗਰ ਕਰ ਆ ਰਹੇ ਹਨ ਅਤੇ ਫਿਲਾਸਫੀ ਗਿਆਨ ਇਨ੍ਹਾਂ ਦੀ ਸਭਿਅਤਾ ਦਾ ਉਤਸ਼ਾਹਕ ਧੁਰਾ ਰਿਹਾ ਹੈ।

ਬੀਤ ਚੁਕੇ ਤੋਂ ਸਿੱਖੋ

ਓਸ ਗਿਆਨ ਦਾ ਕੀ ਬਣਿਆ ਜਿਹੜਾ ਕਿ ਸਮੂਹਕ ਮਜ਼ੁਬਾਂ ਦੀਆਂ ਸਿਖਿਆਵਾਂ ਦਾ ਸੁਭਾਵਾ ਮੇਲਜੋਲ ਸੀ ਅਤੇ ਜਿਹੜਾ ਸਾਨੂੰ ਬੀਤ ਚੁਕੇ ਦੀ ਸਤਾਹ (ਪੱਧਰ) ਤੋਂ ਐਥੇ ਤਕ ਖਿਚਕੇ ਲਿਆਇਆ ? ਇਹ ਮਿਲਿਆ ਜੁਲਿਆ ਮਜ਼ੁਬੀ ਗਿਆਨ ਜੇਹਨੇ ਸਾਊਥ-ਈਸਟ ਏਸ਼ੀਆ ਦੇ ਸਭਿਅਕ ਵਾਧੇ ਲਈ ਬੜਾ ਯੋਗਦਾਨ ਪਾਇਆ (ਬੋਧੀ ਗਿਆਨ) ਜੇਹਨੂੰ ਹੁਣ ਤਕ ਫਰਦਰ ਇੰਡੀਆ ਆਖਦੇ ਰਹੇ ਹਨ। ਭਾਰਤੀ ਸਭਿਅਤਾ ਦੇ ਲੱਛਣ ਹਾਲੇ ਵੀ ਅਯੁਧਿਆ, ਐਂਗੋਰ ਤੋਂ ਬਾਰਬਾ ਡੋਰ ਤੋਂ ਬਾਲੀ ਤਕ ਪ੍ਰਤਖ ਦਿਸਦੇ ਹਨ। ਬਹੁਤਾ ਜ਼ਰੂਰੀ ਪਖ ਤਾਂ ਇਹ ਹੈ ਕਿ ਇਹ ਤਵਾਰੀਖੀ ਪ੍ਰਭਾਵ, ਯੁਧ-ਸਾਮਗਰੀ ਦੀ ਬਜਾਏ ਅਮਨ-ਪਿਆਰ ਕਲਾ-ਕਿਰਤਾਂ ਅਤੇ ਰਾਜਸੀ ਦਬਾਉ ਦੀ ਬਜਾਏ ਉਪਦੇਸ਼ਕ ਆਗੂਆਂ ਦਵਾਰਾ ਪਸਾਰੇ ਦਾ ਕਾਰਨ ਬਣਿਆ। ਇਹ ਭਾਰਤੀ ਪ੍ਰਭਾਵ ਔਰਫਿਕ ਕਾਲ (ਯੂਨਾਨ ਦੇ ਗਵੱਈਏ ਔਰਫੀਐਸ ਦੇ ਮਧੁਰ ਗਾਣਿਆਂ ਤੋਂ ਮੁਰਾਦ ਹੈ) ਦੇ ਗੁਪਤ-ਭੇਦਾਂ ਤੋਂ ਲੈ ਕੇ ਯੂਰਪੀ ਸੋਚਣੀ ਤੇ ਵੀ ਪ੍ਰਭਾਵਤ ਹੋਇਆ ਦਿਸਦਾ ਹੈ।

ਕਿਹੜੇ ਸਾਧਨ ਹਨ ਜੋ ਓਹੋ ਭਾਰਤੀ ਅਜ ਇਕ ਦੂਜੇ ਨੂੰ ਪ੍ਰਭਾਵਤ ਕਰਨ ਲਈ ਗ੍ਰਹਿਣ ਕਰ ਰਹੇ ਹਨ ? ਸਦਾਚਾਰ (ਇਖਲਾਕੀ) ਪ੍ਰੇਰਨਾ ਅਤੇ ਧਾਰਮਿਕ ਪ੍ਰਾਰਥਨਾ ਜਿਹੜੀ ਇਨ੍ਹਾਂ ਭਾਰਤ ਤੋਂ ਬਾਹਰ ਪ੍ਰਚਾਰ ਲਈ ਵਰਤੀ ਓਹਨੇ ਮਾਰੂ ਤੇ ਘਾਤਕ ਹਥਿਆਰਾਂ ਦੀ ਥਾਂ ਕਿਉਂ ਆਣ ਮੱਲੀ ਹੈ ?

ਕੀ ਇਹ ਤਾਂ ਨਹੀਂ ਕਿ ਅਸੀਂ ਆਪਣੀ ਪਿਤਾ ਪੁਰਖੀ ਲੀਹ ਦੀ ਇਕਸਾਰਤਾ ਦੇ ਜਾਇਜ਼ ਹੋਣ ਦੀ ਪਹੁੰਚ ਵਲੋਂ ਬੇਹੱਦ ਅਸ਼ਰਧਕ (ਨਿਸਚਾਹੀਣ) ਹੋ ਗਏ ਹਾਂ ? ਇਸਦਾ ਸੱਚਾ ਉਤਰ ਕਦਾਚਿਤ ਨਹੀਂ ਹੈ ਕਿਉਂ ਜੋ ਇਹ ਤੇ ਮੁਠੀ ਭਰ ਫਿਰਕਾਪ੍ਰਸਤ ਹੀ ਹਨ ਜਿਹੜੇ ਜਨਤਾ ਨੂੰ ਕੁਰਾਹੇ ਪਾ ਰਹੇ ਹਨ ਤਾਂਕਿ ਉਹ ਹਮੇਸ਼ਾਂ ਗਰੀਬ ਹੀ ਰਹਿਣ। ਜਦੋਂ ਆਮ ਗਰੀਬ ਜਨਤਾ ਨੂੰ ਉਨ੍ਹਾਂ ਦੇ ਧਾਰਮਿਕ ਆਗੂਆਂ (ਜਿਹੜੇ ਆਪ ਮਾਇਆ ਵਿਚ ਖੇਡ ਰਹੇ ਹਨ - ਭਾਵ ਰਜਵਾੜੇ ਤੇ ਜਾਗੀਰਦਾਰ) ਦੀ ਅਸਲ ਖੇਡ ਬਾਰੇ ਚਾਨਣਾ ਹੋ ਗਿਆ ਤਾਂ ਇਹ ਆਗੂ ਏਸ ਪਾਖੰਡੀ ਡਰਾਮੇ ਤੋਂ ਅਲੋਪ ਹੋ ਜਾਣਗੇ ਅਤੇ ਦੇਸ਼ ਵਿਚ ਕੌਮੀ ਏਕਤਾ ਕਾਇਮ ਹੋ ਜਾਵੇਗੀ।

ਏਸ ਲਈ ਨਵੀਂ ਸੋਚਣੀ, ਜਿਹਦੇ ਬੜ੍ਹਾਵੇ ਦੀ ਭਾਰਤੀਆਂ ਨੂੰ ਬੜੀ ਲੋੜ ਹੈ, ਜੇ ਓਹ ਫਿਰਕਾਪ੍ਰਸਤੀ ਰਹਿਤ ਹੋ ਜਾਵੇ ਅਤੇ ਅਜੋਕੀਆਂ ਸਾਰੀਆਂ ਏਹੋ ਜਿਹੀਆਂ ਸ਼ੈਤਾਨੀ ਬੀਮਾਰੀਆਂ ਦੀ ਬਜਾਏ ਭਾਈ-ਚਾਰਕ-ਆਰਥਿਕਤਾ-ਇਨਸਾਫ ਦਾ ਬੋਲਬਾਲਾ ਹੋ ਜਾਵੇ ਤਾਂ ਭਾਰਤ ਮੁੜ ਪਹਿਲਾਂ ਵਾਲਾ ਮਾਣ ਪ੍ਰਾਪਤ ਕਰ ਸਕਦਾ ਹੈ।

ਆਰਥਿਕ ਇਨਸਾਫ

ਏਸ ਸਭ ਕੁਝ ਦਾ ਸਿੱਟਾ ਕੱਢਣ ਲਈ, ਹਿੰਦੂ-ਮੁਸਲਿਮ ਫਸਾਦਾਂ ਬਾਰੇ ਮਹਾਂਰਾਸ਼ਟਰ ਦੇ ਭਿਵੰਡੀ ਵਿਖੇ ਹੋਏ ਇਕ ਵਕੂਏ (ਘਟਨਾ) ਦੀ ਮਿਸਾਲ ਪੇਸ਼ ਹੈ। ਅੱਗ ਲਾਉਣ ਵਾਲਾ ਇਕ ਗ੍ਰਿਫਤਾਰ ਕੀਤਾ ਜਿਹਨੇ ਪੁਲਸ ਕੋਲ ਆਪ ਮੰਨਿਆ ਕਿ ਮੇਰੀ ਓਸ ਬਲੀ ਦਾ ਬੱਕਰਾ ਬਣਨ ਵਾਲੇ ਨਾਲ ਕੋਈ ਜ਼ਾਤੀ ਦੁਸ਼ਮਣੀ ਨਹੀਂ ਸੀ ਪਰ ਮੈਂ ਓਹਦੀ ਝੁਗੀ ਨੂੰ ਮੁਆਤਾ ਲਾ ਦਿਤਾ ਕਿਉਂਕਿ ਸ੍ਰੀ : ——— (ਦੂਜੇ ਸ਼ਹਿਰ ਦਾ ਇਕ ਵਪਾਰੀ) ਨੇ ਮੈਨੂੰ ਇਕ ਹਜ਼ਾਰ ਰੁਪੈ ਦੇਣੇ ਮੰਨੇ ਸੀ ਜੇ ਮੈਂ ਓਹਦਾ ਆਖਾ ਮੰਨਾਂ, ਕਿਉਂ ਜੋ ਝੁਗੀ ਵਾਲਾ ਓਸ ਮਜ਼ੁਬ ਦਾ ਧਾਰਨੀ ਸੀ ਜਿਹੜਾ ਸਾਡੇ ਮਜ਼ੁਬ ਨੂੰ ਪਲੀਤ (ਅਪਵਿੱਤਰ) ਕਰ ਰਿਹਾ ਸੀ, ਨਾਲੇ ਉਹ ਝੁਗੀ ਵਾਲੀ ਖਾਲੀ ਹੋਈ ਥਾਂ ਤੇ ਇਕ ਪੱਕੀ ਫੈਕਟਰੀ ਬਣੇਗੀ ਜਿਥੇ ਸਾਡੀ ਕੌਮ ਦੇ ਬੰਦਿਆਂ ਨੂੰ ਰੁਜ਼ਗਾਰ ਮਿਲੇਗਾ, ਓਸ ਵਪਾਰੀ ਨੇ ਆਖਿਆ ਸੀ। ਓਹ ਝੁੱਗੀ ਸਾੜ-ਸੁਆਹ ਕਰ ਦਿੱਤੀ ਗਈ ਤੇ ਓਹ ਝੁਗੀ ਵਾਲਾ ਵੀ ਸੜ ਮਰਿਆ, ਫੈਕਟਰੀ ਵੀ ਕਦੀ ਨਾ ਬਣੀ ਅਤੇ ਜੇ ਅੱਗ ਲਾਉਣ ਵਾਲੇ ਨੂੰ ਵਾਹਦੇ ਮੂਜਬ ਇਵਜ਼ਾਨਾ ਮਿਲਿਆ ਵੀ ਹੋਵੇਗਾ ਓਹਦੇ ਬਾਰੇ ਖਬਰ ਕੋਈ ਨਹੀਂ ਛਪੀ। ਕੀ ਦੇਸ਼ ਨੂੰ ਏਹੋ ਜੇਹੀ ਕਰਤੂਤ ਤੋਂ ਵੀ ਕੋਈ ਸਬਕ ਸਿਖਣਾ ਨਹੀਂ ਚਾਹੀਦਾ ?

'ਸੁਰਖ ਰੇਖਾ' ਦੇ ਚਾਲਕਾਂ ਨੂੰ ਧਮਕੀ ਭਰੇ ਪੱਤਰ

ਖਾਲਿਸਤਾਨੀ ਦਹਿਸ਼ਤਗਰਦਾਂ ਨੇ 'ਸੁਰਖ ਰੇਖਾ' ਦੇ ਮਾਲਕ ਨਾਜ਼ਰ ਸਿੰਘ ਨੂੰ ਧਮਕੀ ਦਿਤੀ ਹੈ ਕਿ ਜੇਕਰ ਉਸ ਵਲੋਂ ਖਾਲਿਸਤਾਨੀ ਦਹਿਸ਼ਤਗਰਦੀ ਦੀਆਂ ਕਾਰਈਆਂ ਵਿਰੁਧ ਲਿਖਣਾ ਬੰਦ ਨਾ ਕੀਤਾ ਗਿਆ ਤਾਂ ਉਸ ਦੇ ਪ੍ਰੀਵਾਰ ਨੂੰ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਖਤਮ ਕਰ ਦਿਤਾ ਜਾਵੇਗਾ। ਇਹ ਇੰਕਸ਼ਾਫ 'ਸੁਰਖ ਰੇਖਾ' ਦੇ ਦਫਤਰ ਘੁਡਾਣੀ ਕਲਾਂ (ਜ਼ਿਲਾ ਲੁਧਿਆਣਾ) ਵਲੋਂ ਜਾਰੀ ਕੀਤੇ ਗਏ ਇਕ ਪ੍ਰੈਸ ਨੋਟ ਵਿਚ ਕੀਤਾ ਗਿਆ ਹੈ।

ਦਸ਼ਮੇਸ਼ ਰਜਮੈਂਟ ਦੇ ਕਮਾਂਡਰ ਭਾਈ ਕੰਵਰ ਸਿੰਘ ਤੇ ਜ਼ਿਲਾ ਲੁਧਿਆਣਾ ਦੇ ਪ੍ਰਚਾਰਕ ਸਕੱਤਰ ਕੁਲਦੀਪ ਸਿੰਘ ਦੇ ਨਾਵਾਂ ਹੇਠ 'ਸੁਰਖ ਰੇਖਾ' ਦੇ ਦਫਤਰ ਘੁਡਾਣੀ ਕਲਾਂ (ਲੁਧਿਆਣਾ) ਨੂੰ ਪਾਈਆਂ ਗਈਆਂ ਉਪਰੋਥਲੀ ਦੋ ਧਮਕੀ ਚਿਠੀਆਂ ਵਿਚ ਰਸਾਲੇ ਦੇ ਮਾਲਕ ਨੂੰ ਤਾੜਨਾ ਕੀਤੀ ਗਈ ਹੈ ਕਿ 'ਜੇਕਰ ਤੁਸੀਂ ਸਾਡੀਆਂ ਕਾਰਵਾਈਆਂ ਵਿਰੁੱਧ ਲਿਖਣਾ ਬੰਦਾ ਨਾ ਕੀਤਾ ਤਾਂ ਪੰਦਰਾਂ ਦਿਨ ਦੇ ਅੰਦਰ-ਅੰਦਰ ਤੇਰਾ ਸਾਰਾ ਪ੍ਰੀਵਾਰ ਖਤਮ ਕਰ ਦਿਤਾ ਜਾਵੇਗਾ। ਤੁਸੀਂ ਲਾਲਾ ਜਗਤ ਨਰਾਇਣ, ਰਮੇਸ਼ ਚੰਦਰ, ਮਸਤਾਨਾ, ਰਤਨ ਸਿੰਘ ਤੇ ਕੈਨੇਡੀਅਨ ਵਲ ਨਿਗਾਹ ਮਾਰ ਲਵੋ ਉਹਨਾਂ ਦਾ ਕੀ ਹਸ਼ਰ ਹੋਇਆ ਹੈ। ਹੁਣ ਤੁਹਾਡੀ ਵਾਰੀ ਹੈ। ਦਸ਼ਮੇਸ਼ ਰਜਮੈਂਟ ਤੇਹਾਡੇ ਇਲਾਕੇ ਵਿਚ ਪਹੁੰਚ ਚੁਕੀ ਹੈ। ਤੁਸੀਂ ਆਪਣੇ ਰੈਡ ਗਾਰਡ ਬੁਲਾ ਲਓ। ਇਸ ਨੂੰ ਗਿੱਦੜ ਚਿੱਠੀ ਸਮਝ ਕੇ ਸੁਟ ਨਾ ਦੇਣਾ, ਸਾਵਧਾਨ ਹੋਵੋ, ਆਪਣੇ ਸਾਥੀ ਅਮਰੀਕ, ਕਸ਼ਮੀਰ ਸਿੰਘ ਤੇ ਸ਼ੇਰ ਸਿੰਘ ਨੂੰ ਵੀ ਦਸ ਦਿਓ ਕਿ ਉਹਨਾਂ ਨੂੰ ਵੀ ਪੱਤਰਕਾਰੀ ਦਾ ਮਜ਼ਾ ਜ਼ਰੂਰ ਚਖਾਇਆ ਜਾਵੇਗਾ।"

ਸੁਰਖ ਰੇਖਾ ਦੇ ਸੂਬਾ ਹੈਡਕੁਆਟਰ ਦੇ ਦਫਤਰ ਸਕੱਤਰ ਸ੍ਰੀ ਗੁਰਜੀਤ ਸਿੰਘ ਨੇ ਪ੍ਰੈਸ ਨੋਟ ਵਿਚ ਦੱਸਿਆ ਹੈ ਕਿ ਉਕਤ ਧਮਕੀ ਪੱਤਰ ਮਿਲਣ ਦੇ ਬਾਅਦ 'ਸੁਰਖ ਰੇਖਾ' ਸੰਪਾਦਕੀ ਬੋਰਡ ਦੀ ਹੰਗਾਮੀ ਮੀਟਿੰਗ ਹੋਈ ਜਿਸ ਵਿਚ ਕਿਹਾ ਗਿਆ ਕਿ ਅਦਾਰਾ 'ਸੁਰਖ ਰੇਖਾ' ਇਹਨਾਂ ਫਿਰਕੂ ਤੇ ਕਾਲੀਆਂ ਤਾਕਤਾਂ ਦੀਆਂ ਗਿੱਦੜ ਭਬਕੀਆਂ ਦੀ ਭੋਰਾ ਭਰ ਵੀ ਪ੍ਰਵਾਹ ਨਹੀਂ ਕਰਦਾ ਤੇ ਕਿਹਾ ਕਿ 'ਸੁਰਖ ਰੇਖਾ' ਲੋਕਾਂ ਦੀ ਜਮਾਤੀ ਏਕਤਾ ਹੋਰ ਵੀ ਮਜ਼ਬੂਤ ਕਰਨ, ਫਿਰਕੂ ਦਹਿਸ਼ਤਗਰਦਾਂ ਦੀਆਂ ਕਰਤੂਤਾਂ ਦਾ ਪਰਦਾ ਫਾਸ਼ ਕਰਨ ਤੇ ਲੋਕਾਂ ਨੂੰ ਬਦੇਸ਼ੀ ਸਾਮਰਾਜੀ ਤਾਕਤਾਂ ਦੇ ਏਜੰਟਾਂ ਵਿਰੁੱਧ ਹਥਿਆਰਬੰਦ ਹੋਣ ਦਾ ਸੱਦਾ ਦੇਣ ਦਾ ਕੰਮ ਪਹਿਲਾਂ ਨਾਲੋਂ ਵੀ ਕਿਤੇ ਵਧ ਸ਼ਕਤੀ ਨਾਲ ਕਰੇਗਾ। ਅਦਾਰੇ ਦੇ ਬੁਲਾਰੇ ਨੇ ਆਪਣੇ ਸ਼ੁਭਚਿੰਤਕਾਂ, ਸਮੂਹ ਕਮਿਊਨਿਸਟਾਂ, ਜਮਹੂਰੀ ਤਾਕਤਾਂ ਤੇ ਵਿਸ਼ਾਲ ਪਾਠਕ ਵਰਗ ਨੂੰ ਯਕੀਨ ਦਿਵਾਇਆ ਹੈ ਕਿ ਅਦਾਰੇ ਦੇ ਇਨਕਲਾਬੀ ਪੱਤਰਕਾਰਾਂ ਦੀਆਂ ਕਲਮਾਂ ਕਾਤਲੀ ਟੋਲੇ ਦੀਆਂ ਧਮਕੀਆਂ ਅਗੇ ਨਹੀਂ ਝੁਕਣਗੀਆਂ। ਅਦਾਰੇ ਨੇ ਚਿਤਾਵਨੀ ਦਿਤੀ ਹੈ ਕਿ ਅਗਰ ਕਾਤਲੀ ਟੋਲੇ ਨੇ ਕੋਈ ਘਿਨਾਉਣੀ ਹਰਕਤ ਕਰਨ ਦੀ ਜੁਰਅਤ ਕੀਤੀ ਤਾਂ ਗੋਲੀ ਦਾ ਜਵਾਬ ਗੋਲੀ ਨਾਲ ਦਿਤਾ ਜਾਵੇਗਾ।

ਭਾਰਤੀ ਕਮਿਊਨਿਸਟ ਪਾਰਟੀ (ਐਮ. ਐਲ.) ਦੇ ਸੂਬਾ ਸਕੱਤਰ ਸਾਥੀ ਦਰਸ਼ਨ ਸਿੰਘ ਖਟਕੜ ਨੂੰ ਖਾਲਿਸਤਾਨੀ ਦਹਿਸ਼ਤਗਰਦਾਂ ਦੁਵਾਰਾ 'ਸੁਰਖ ਰੇਖਾ' ਦੇ ਮਾਲਕ ਨਾਜਰ ਸਿੰਘ ਨੂੰ ਖਤਮ ਕਰਨ ਦੀਆਂ ਕਮੀਨੀ ਭਰੀਆਂ ਧਮਕੀਆਂ ਦੇਣ ਦੀ ਸਖਤ ਨਿੰਦਾ ਕੀਤੀ ਹੈ ਤੇ ਦਹਿਸ਼ਤਗਰਦਾਂ ਦੀਆਂ ਘਟੀਆ ਚਾਲਾਂ ਨੂੰ ਪਛਾੜਨ ਲਈ ਸਭ ਇਨਕਲਾਬੀ ਤੇ ਜਮਹੂਰੀ ਤਾਕਤਾਂ ਨੂੰ ਇਕ ਜੁਟ ਹੋਣ ਦਾ ਸੱਦਾ ਦਿੱਤਾ ਹੈ।

ਡਾ: ਫਾਰੂਕ ਨੂੰ ਕਸ਼ਮੀਰ ਦਾ ਹੱਲ ਲੱਭ ਪੈਣ ਦੀ ਆਸ

ਲੁਧਿਆਣਾ — ਜੰਮੂ-ਕਸ਼ਮੀਰ ਦੇ ਸਾਬਕ ਮੁਖ ਮੰਤਰੀ ਡਾ: ਫਾਰੂਕ ਅਬਦੁਲਾ ਨੇ ਕਿਹਾ ਕਿ ਭਾਰਤੀ ਕੌਮ ਫੈਡਰਲ ਢੰਗ ਦੀ ਸਰਕਾਰ ਦੇ ਨੇੜੇ ਪੁਜ ਰਹੀ ਹੈ ਤੇ ਹੁਣ ਪ੍ਰਣਾਨਗੀ ਤਰਜ਼ ਦੀ ਸਰਕਾਰ ਅਪਨਾਉਣ ਦਾ ਪੜਾਅ ਆ ਗਿਆ ਹੈ। ਏਥੇ ਅਖਬਾਰੀ ਨੁਮਾਇੰਦਿਆਂ ਨਾਲ ਗਲਬਾਤ ਕਰਦਿਆਂ ਡਾਕਟਰ ਅਬਦੁਲਾ ਨੇ ਕਿਹਾ ਹਿੰਦ ਹੁਣ ਉਪ ਮਹਾਂਦੀਪ ਵਿਚ ਇਕ ਵੱਡੀ ਤਾਕਤ ਵਜੋਂ ਉਭਰ ਰਿਹਾ ਹੈ ਤੇ ਉਸਨੂੰ ਇਕ ਵੱਡੀ ਸ਼ਕਤੀ ਪ੍ਰਵਾਨ ਕਰ ਲਿਆ ਜਾਏਗਾ। ਕੁਝ ਬਦੇਸ਼ੀ ਤੇ ਏਥੋਂ ਤਕ ਕਿ ਅੰਦਰੂਨੀ ਤਾਕਤਾਂ ਵੀ ਦੇਸ਼ ਨੂੰ ਅਸਥਿਰ ਕਰਨ ਲਈ ਸਰਗਰਮ ਹਨ ਤਾਂ ਜੋ ਇਹ ਜ਼ਬਰਦਸਤ ਸ਼ਕਤੀ ਨਾ ਬਣ ਜਾਏ।


ਉਹਨਾਂ ਖਬਰਦਾਰ ਕੀਤਾ ਕਿ ਜੇ ਇਸ ਖੇਡ ਨੂੰ ਠਲ੍ਹ ਨਾ ਪਾਈ ਗਈ ਤਾਂ ਸਥਿਤੀ ਧਮਾਕੇ ਨਾਲ ਫੁਟ ਜਾਏਗੀ। ਡਾ: ਅਬਦੁੱਲਾ ਨੇ ਕਿਹਾ ਕਿ ਪੰਜਾਬ ਸੜ ਰਿਹਾ ਹੈ ਤੇ ਇਸ ਤੋਂ ਬਿਨਾਂ ਜੰਮੂ-ਕਸ਼ਮੀਰ ਦੀ ਹੋਂਦ ਵੀ ਕਾਇਮੀ ਨਹੀਂ ਰਹਿ ਸਕਦੀ। ਉਹਨਾਂ ਪੰਜਾਬ ਦੇ ਲੋਕਾਂ ਨੂੰ ਕਿਹਾ ਉਹ ਫਿਰਕੂ ਏਕਤਾ ਤੇ ਇਕਸੁਰਤਾ ਪੈਦਾ ਕਰਨ ਵਿਚ ਮੱਦਦ ਕਰਨ। ਜੰਮੂ-ਕਸ਼ਮੀਰ ਦੀ ਸਮਸਿਆ ਦੇ ਹੱਲ ਲਈ ਉਹਨਾਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਕਈ ਮੁਲਾਕਾਤਾਂ ਕੀਤੀਆਂ ਹਨ ਤੇ ਉਹਨਾਂ ਨੂੰ ਆਸ ਹੈ ਕਿ ਨੇੜ ਭਵਿਖ ਵਿਚ ਕੋਈ ਨਾ ਕੋਈ ਹੱਲ ਲੱਭ ਲਿਆ ਜਾਏਗਾ।

ਇਹ ਪੁਛੇ ਜਾਣ ਉਤੇ ਕਿ ਉਨ੍ਹਾਂ ਦੀ ਪਾਰਟੀ ਜੰਮੂ-ਕਸ਼ਮੀਰ ਵਿਚ ਕਾਂਗਰਸ ਨਾਲ ਕੁਲੀਸ਼ਨ ਕਾਇਮ ਕਰੇਗਾ ਤਾਂ ਡਾ: ਫਾਰੂਕ ਨੇ ਕਿਹਾ "ਮੈਂ ਕੋਈ ਡਿਕਟੇਟਰ,ਨਹੀਂ ਕਿ ਅਜੇਹਾ ਫੈਸਲਾ ਲੈ ਸਕਾਂ। ਇਹ ਫੈਸਲਾ ਨੈਸ਼ਨਲ ਕਾਨਫਰੰਸ ਨੇ ਕਰਨਾ ਹੈ।" ਉਹਨਾਂ ਕਿਹਾ ਕਿ ਜੰਮੂ-ਕਸ਼ਮੀਰ ਵਿਚ ਅਜੇਹੇ ਅੰਸ਼ ਹਨ ਜਿਹੜੇ ਹਿੰਦ ਪੱਖੀ ਨਹੀਂ ਤੇ ਮੌਜੂਦਾ ਹਾਲਤ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਹਨਾਂ ਕਿਹਾ ਕਿ ਜਮਾਇਤੇ ਇਸਲਾਮੀ, ਜਮਾਇਤੇ ਤੁਲਬਾਂ ਤੇ ਮੁਤਹਿਦ ਮੁਸਲਿਮ ਮੁਹਾਜ਼ ਨੇ ਜੰਮੂ-ਕਸ਼ਮੀਰ ਨੂੰ ਪਾਕਿਸਤਾਨ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ ਸੀ।

ਸੁਰੱਖਿਆ ਪੱਟੀ ਬਾਰੇ ਧਾਰਾ 249 ਬਾਰੇ ਪੁਣੇ ਜਾਣ ਉਤੇ ਡਾ: ਫਾਰੂਕ ਨੇ ਕਿਹਾ, "ਜੰਮੂ ਕਸ਼ਮੀਰ ਵਿਚ ਇਸਦੀ ਲੋੜ ਨਹੀਂ"। ਉਹਨਾਂ ਕਿਹਾ ਕਿ ਸਾਰੀ ਕਸ਼ਮੀਰ ਵਾਦੀ ਵਿਚ ਸਥਿਤੀ ਬਹੁਤ ਖਿਚਾਅ ਭਰੀ ਹੈ। ਜੰਮੂ-ਕਸ਼ਮੀਰ ਦੇ ਲੋਕਾਂ ਦੀ ਖਾਹਸ਼ ਹੈ ਕਿ ਅਸੈਂਬਲੀ ਭੰਗ ਕਰ ਦਿਤੀ ਜਾਏ ਅਤੇ ਨਵੇਂ ਸਿਰਿਓਂ ਚੋਣਾਂ ਕਰਾਈਆਂ ਜਾਣ। ਸਾਡੀ ਪਾਰਟੀ ਹਮੇਸ਼ਾ ਜਮਹੂਰੀਅਤ ਦੀ ਬਹਾਲੀ ਦੇ ਹੱਕ ਵਿਚ ਰਹੀ ਹੈ।

BOMBAY SWEETS

MANUFACTURER INC.



NARESH SHUKLA

PH. (604) 321-1414 or 874-5722

CONTACT: NARESH SHUKLA & BROS.

ਨਰੇਸ਼ ਸ਼ੁਕਲਾ ਅਤੇ ਬ੍ਰਦਰਜ਼ ਵਲੋਂ

ਸਭ ਨੂੰ

ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ

ਲੱਖ ਲੱਖ ਵਧਾਈ ਹੋਵੇ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ

$2.50 ਪੌਂਡ ਵਾਲੇ
ਲੱਡੂ
$1.75 lb.

ਬੰਬੇ ਸਵੀਟਸ ਹਫ਼ਤੇ ਦੇ ਸੱਤੇ ਦਿਨ ਖੁਲ੍ਹਾ

$2.50 ਪੌਂਡ ਵਾਲੀਆਂ
ਜਲੇਬੀਆਂ
$1.49 lb.

ਦੁਕਾਨ 9 ਵਜੇ ਸਵੇਰ ਤੋਂ ਸ਼ਾਮ ਦੇ 9 ਵਜੇ ਤੱਕ ਖੁਲ੍ਹੀ ਰਹਿੰਦੀ ਹੈ

● ਗੁਲਾਬ ਜਾਮਨ ● ਕਲਾਕੰਦ ● ਰਸਭਰੀ ● ਚਮ-ਚਮ ● ਪਤੀਸਾ
● ਕੋਕੋਨਟ ਦੀ ਬਰਫੀ ● ਬਾਦਾਮਾਂ ਦੀ ਬਰਫੀ ● ਚਾਕਲੇਟ ਦੀ ਬਰਫੀ
● ਪਿਸਤੇ ਦੀ ਬਰਫੀ ● ਅੰਮਰਤੀਆਂ ● ਲੱਡੂ ● ਜਲੇਬੀਆਂ ● ਰਸਗੁੱਲੇ
ਤੇ ਹੋਰ ਕਈ ਕਿਸਮ ਦੀ ਮਠਿਆਈ

ਵੰਨ ਸੁਵੰਨੀਆਂ ਤਾਜ਼ੀਆਂ ਤੇ ਸੁਆਦੀ
ਮਠਿਆਈਆਂ ਦੀ ਹਰ ਸਾਲ ਦੀ ਤਰ੍ਹਾਂ ਵੱਡੀ
ਰਿਕਾਰਡ ਤੋੜ ਸੇਲ ਚਾਲੂ ਹੋ ਗਈ

Best Indian Sweet Manufacturer
With Largest Variety

"You're welcome"

CONTACT:

NARESH SHUKLA & BROS

ਦੀਵਾਲੀ ਸੇਲ

ਅਜੇ ਵੀ ਚੱਲ ਰਹੀ

AMBIKA

5125 Victo

Vancouver, B

PHONE:

Palm Dairy Milk Homo ਦੁੱਧ **3.39** 4 lit.	**Margrine** ਮਾਰਜਰੀਨ **49¢** lb.	**Evaporated** ਈਵੈਪੋਰੇ **69**
Salted Butter ਲੂਣ ਵਾਲਾ ਬਟਰ **2.48** lb.	**Sugar** with this coupon ਖੰਡ **4.99** 10 kg.	**Manh, Moon** ਮਾਂਹ, ਮੂੰਗੀ **3**
Vegetable Oil ਵੈਜੀਟੇਬਲ ਤੇਲ **11.99** 16 lit.	**Sun-Flower Oil** ਸਨ-ਫਲਾਵਰ ਤੇਲ **2.99** 3 lit.	**Fresh Vegeta** ਫੀਜ਼ੀ ਤੋਂ ਤਾਜ਼
Sun-Flower Oil ਸਨ-ਫਲਾਵਰ ਤੇਲ **17.99** 16 lit.	**Vegetable Oil** ਵੈਜੀਟੇਬਲ ਤੇਲ **1.99** 3 lit.	**Fresh Grin** **Ma** **Haldi, Methe,** ਹਲਦੀ, ਮੇਥੀ **9**

ਤਾਜ਼ੀਆਂ ਹਰੀਆਂ ਸਬਜ਼ੀਆਂ, ਸਾਫ ਸੁਥਰੀਆਂ ਦਾਲਾਂ, ਹਰ ਤਰ੍ਹਾਂ ਦੀ ਭਾਰਤੀ ਗਰੌਸਰੀ, ਡੇਅਰੀ ਦਾ ਸਾਮਾਨ ਤੇ ਮੀਟ, ਮਸਾਲੇ ਆਦਿ ਖਰੀਦਣ ਲਈ ਅੰਬੀਕਾ ਫੂਡਜ਼ ਤੇ ਦਰਸ਼ਨ ਦਿਓ!

FOODS
ria Drive
.C. Canada
27—0295

24 Oct. to Nov. 12, 1986

Iilk Pacific ਡ ਦੁੱਧ tin.	Nabob Tea ਨਵਾਬ ਚਾਹਪੱਤੀ 3.77 (120 packt.)	Rotti Atta ਰੋਟੀ ਆਟਾ 4.89 10 kg.
, Chana Dal ਲਿਆਂ ਦੀ ਦਾਲ ¢ lb.	Black Chana ਕਾਲੇ ਛੋਲੇ 29¢ lb.	Chicken Drumsticks ਚਿਕਨ ਡਰੰਮਸਟਿਕ 99¢ lb.
e From Fiji ਾਂ ਸਬਜ਼ੀਆਂ	Chicken Legs ਮੁਰਗੇ ਦੀਆਂ ਲੱਤਾਂ 1.19 lb.	Mazola Corn Oil ਮਜ਼ੌਲਾ ਮੱਕੀ ਦਾ ਤੇਲ 5.89 3 lit.
Your Own ala Iirch, Dhania ਮਰਚ, ਧਨੀਆ ¢ lb.	Lamb chops ਲੈਂਬ ਚੌਪ 1.29 lb.	with free Record for $100 Grocery

We reserve the right to limit the quantity or until last.

ਸਾ ਹਿ ਤ ਦ ਰ ਪ ਣ

ਕਹਾਣੀ

ਗੋਲੀ ਚੱਲ ਗਈ

ਕੁਲਬੀਰ ਕਾਹਲੋਂ

'ਚਾਚੀ ਕੀ ਕਰਦੀ ਏਂ ?'

'ਕਰਨਾ ਕੀ ਆ ਆਹ ਵੇਖ, ਬੱਚਿਆਂ ਦਾ ਕੰਮ, ਮੈਂ ਸਿਰਫ ਦੋ ਦਿਨ ਹੀ ਘਰ ਤੋਂ ਬਾਹਰ ਰਹੀ ਆਂ, ਸਾਰੇ ਘਰ ਦਾ ਇਨ੍ਹਾਂ ਬੱਚਿਆਂ ਨੇ ਹੁੱਲੀਆ ਈ ਵਿਗਾੜ ਛੱਡਿਆ ਏ। ਘਰ ਦਾ ਖਿਲਾਰਾ ਈ ਨਹੀਂ ਸਾਂਭ ਹੁੰਦਾ, ਕੌਣ ਸ਼ਾਮੀਂ ਘਰ ਆਈ ਸੀ, ਮੈਂ ਤਾਂ ਸਾਰੀ ਰਾਤ ਲੱਕ ਮੰਜੇ ਤੇ ਲਾ ਕੇ ਨਹੀਂ ਵੇਖਿਆ, ਕਿਧਰੇ ਸਾਰੇ ਕਮਰਿਆਂ ਵਿਚ ਇਨ੍ਹਾਂ ਦੀਆਂ ਕਿਤਾਬਾਂ ਖਿਲਰੀਆਂ ਪਈਆਂ ਨੇ, ਕਿਧਰੇ ਭਾਂਡੇ ਖਿਲਰੇ ਪਏ ਨੇ। ਆਹ ਵੇਖ ਕੱਪੜਿਆਂ ਦਾ ਕੀ ਹਾਲ ਹੋਇਆ ਪਿਆ ਏ, ਦਿਲ ਤਾਂ ਕਰਦਾ ਏ ਕਿ ਮੈਂ ਕਿਧਰੇ ਨਾ ਜਾਵਾਂ, ਕਰਾਂ ਤਾਂ ਕੀ ਕਰਾਂ, ਨਖੱਸਮਾ ਉਤੋਂ ਬੱਦਲ ਆ ਗਿਆ, ਹਾਲਾਂ ਪਾਥੀਆਂ ਦਾ ਪਵਾੜਾ ਸਾਂਭਣਾ ਆ, ਸਰੀਰ ਵੀ ਜਵਾਬ ਦੇਈ ਜਾਂਦਾ, ਥੱਕ ਕੇ ਚੂਰ ਹੋ ਗਿਆ ਏ। ਲੈ ਮੀਂਹ ਵੀ ਪੈਣਾ ਸ਼ੁਰੂ ਹੋ ਗਿਆ ਏ। ਮੈਂ ਪਹਿਲਾਂ ਪਾਥੀਆਂ ਹੀ ਸਾਂਭ ਲੈਂਦੀ ਆਂ, ਜੇ ਪਾਥੀਆਂ ਗਿੱਲੀਆਂ ਹੋ ਗਈਆਂ ਤਾਂ ਚਾਹ, ਰੋਟੀ ਕਾਦੇ ਨਾਲ ਪਕਾਵਾਂਗੀ, ਲੈ ਇਕ ਕੰਮ ਹੋਰ ਯਾਦ ਆ ਗਿਆ ਈ, ਹਾਲੇ ਤਾਂ ਕੋਠੇ ਤੇ ਮੰਜੀਆਂ ਪਈਆਂ ਨੇ, ਨੀ ਜੀਤੋ ਵੇਖ ਬੀਬੀ ਧੀ, ਤੂੰ ਮੈਨੂੰ ਕੋਠੇ ਤੋਂ ਮੰਜੀਆਂ ਤਾਂ ਫੜਾ ਦੇ, ਨੀ ਜੇ ਮੰਜੀਆਂ ਗਿੱਲੀਆਂ ਹੋ ਗਈਆਂ ਤਾਂ ਫੇਰ, ਨੀ ਰਾਤ ਵੀ ਸਿਰ ਆਉਂਦੀ ਜਾਂਦੀ ਏ। ਓਹੋ ਹੀ ਗੱਲ ਨਾ ਹੋਵੇ, ਜਿਹੜਾ ਦੋ ਘੰਟੇ ਸੌਣਾ ਉਹ ਵੀ ਜ਼ਮੀਨ ਤੇ ਹੀ ਹੱਡ ਰਗੜਨੇ ਪੈਣ।'

'ਲੈ ਚਾਚੀ ਫੜ ਮੰਜੀਆਂ।'

'ਲਿਆ ਫੜਾ ਪੁੱਤਰ' ਬੜੀ ਬੀਬੀ ਧੀ ਏ,'ਫੜ ਫੜ ਚਾਚੀ, ਮੀਂਹ ਬੜਾ ਤੇਜ਼ ਹੁੰਦਾ ਜਾ ਰਿਹਾ ਈ, ਮੈਂ ਤਾਂ ਸਾਰੀ ਹੀ ਭਿੱਜ ਗਈ ਆਂ। ਲੈ ਗੜੇ ਵੀ ਪੈਣੇ ਸ਼ੁਰੂ ਹੋ ਗਏ ਈ। ਲੈ ਚਾਚੀ ਮੰਜੀਆਂ ਤੇਰੀਆਂ ਤਾਂ ਲੱਥ ਗਈਆਂ, ਪਰ ਥੋੜ੍ਹੀਆਂ ਗਿੱਲੀਆਂ ਹੋ ਗਈਆਂ ਨੇ, ਕੋਈ ਨਹੀਂ ਛੇਤੀ ਹੀ ਸੁੱਕ ਜਾਣਗੀਆਂ, ਪਰ ਚਾਚੀ ਤੇਰੀਆਂ ਪਾਥੀਆਂ ਗਿੱਲੀਆਂ ਹੋ ਗਈਆਂ ਨੇ, ਹੁਣ ਪਾਥੀਆਂ ਨੂੰ ਨਾ ਛੇੜੀਂ ਨਹੀਂ ਤਾਂ ਉਹ ਸਾਰੀਆਂ ਗਿੱਲੀਆਂ ਹੋ ਜਾਣਗੀਆਂ। ਮੀਂਹ ਹਟ ਜਾਵੇਗਾ, ਤਾਂ ਤੂੰ ਪਾਥੀਆਂ ਹੇਠੋਂ ਕੱਢ ਕੇ ਬਾਲ ਲਵੀਂ। ਹੱਛਾ ਚਾਚੀ ਮੈਂ ਚਲਦੀ ਆਂ।'

'ਚੰਗਾ ਜੀਤੋ ਰੱਬ ਤੈਨੂੰ ਸੁਖੀ ਰੱਖੇ। ਜਿੰਨਾ ਚਿਰ ਮੀਂਹ ਬੰਦ ਨਹੀਂ ਹੁੰਦਾ ਦੋ ਮਿੰਟ ਮੈਂ ਵੀ ਲੱਕ ਸਿੱਧਾ ਕਰ ਲੈਂਦੀ ਆਂ। ਨਿੱਖਸਮਾ ਮੀਂਹ ਨੂੰ ਪਤਾ ਨਹੀਂ ਕੀ ਹੋ ਗਿਆ ਏ, ਇਹ ਵੀ ਦੋ ਦਿਨ ਨਹੀਂ ਲੰਘਣ ਦਿੰਦਾ, ਮਹੀਨਾ ਜੇਠ ਹਾੜ ਦਾ ਹੋਵੇ ਤਾਂ ਭਲਾ ਰਜਾਈਆਂ ਦਾ ਕੀ ਕੰਮ ਲੋਕ ਸਵਾਟਰ ਪਾਈ ਫਿਰਦੇ ਨੇ, ਜਦੋਂ ਮਾੜੀ ਜਿਹੀ ਗਰਮੀ ਪੈਣੀ ਸ਼ੁਰੂ ਹੁੰਦੀ ਏ ਤਾਂ ਮੀਂਹ ਪੈਣਾ ਸ਼ੁਰੂ ਹੋ ਜਾਂਦਾ ਏ, ਤੇ ਨਾਲ ਨਾਲ ਹੀ ਗੜੇ ਤੇ ਹਨੇਰੀ ਆ ਜਾਂਦੀ ਏ, ਹਨੇਰੀ ਵੀ ਏਨੇ ਜ਼ੋਰ ਦੀ ਆਉਂਦੀ ਏ ਕਿ ਵੱਡੇ ਵੱਡੇ ਦਰਖਤਾਂ ਦੇ ਮੁੱਢ ਹਿੱਲ ਜਾਂਦੇ ਨੇ, ਲੋਕਾਂ ਦਿਆਂ ਮਕਾਨਾਂ ਦੀਆਂ ਛੱਤਾਂ ਉਡ ਜਾਂਦੀਆਂ ਨੇ। ਰੱਬ ਵੀ ਲੋਕਾਂ ਤੇ ਕਰੋਪੀ ਹੋ ਗਿਆ ਏ, ਹਾਹੋ ਰੱਬ ਤਾਂ ਲੋਕਾਂ ਤੇ ਬਾਹਲਾ ਕਰੋਪੀ ਹੋ ਗਿਆ ਏ, ਜੇ ਰੱਬ ਹੋਵੇ ਤਾਂ ਭਲਾ ਇੰਝ ਹੀ ਹੋਵੇ, ਜਿੱਦਾਂ ਹੋਣ ਲੱਗਿਆ ਹੋਇਆ ਏ, ਇਕ ਪਾਸੇ ਮੀਂਹ ਤੇ ਹਨੇਰੀਆਂ, ਤੇ ਦੂਜੇ ਪਾਸੇ ਜ਼ੁਲਮ ਦੀਆਂ ਹਨੇਰੀਆਂ ਲੋਕਾਂ ਤੇ ਅੰਧਾ-ਧੁੰਦ ਗੋਲੀਆਂ, ਗੋਲੀਆਂ ਦਾ ਮੀਂਹ, ਬੰਬਾਂ ਦੇ ਗੋਲੇ, ਖ਼ੂਨ ਦਾ ਮੀਂਹ, ਕੋਈ ਰੱਬ ਰੁੱਬ ਨਹੀਂ, ਰੱਬ ਤਾਂ ਕਹਿੰਦਾ ਸੀ, ਕਿ ਸਭ ਕੁਦਰਤ ਦੇ ਬੰਦੇ ਹਨ, ਰੱਬ ਤਾਂ ਕਹਿੰਦਾ, "ਰਾਮ ਜਪੋ ਜੀ ਐਸੇ ਐਸੇ ਧਰੂ ਪ੍ਰਲਾਦ ਜਪੋ ਹਰ ਜੈਸੇ" ਰਾਮ ਦੇ ਭਗਤ, ਰਾਮ ਦੇ ਭਗਤਾਂ ਨੂੰ ਮੌਤ ਦੀ ਨੀਂਦੇ ਸਵਾਂਈ ਜਾਂਦੇ ਨੇ। ਭਲਾ ਦੱਸ ਕਿਹੜਾ ਰੱਬ, ਕੋਈ ਰੱਬ ਨਹੀਂ ਮੈਂ ਹੁਣ ਕਦੀ ਗੁਰਦੁਆਰੇ ਨਹੀਂ ਜਾਣਾ ਭਾਈ ਜੀ ਪਾਠ ਗ਼ਲਤ ਪੜ੍ਹਦਾ ਏ, ਗੁਰਦੁਵਾਰੇ ਤਾਂ ਜਾਈਦਾ ਏ ਕਿ ਦਿਮਾਗ ਵਿਚ ਕੋਈ ਚੰਗੀ ਗੱਲ ਪੈ ਜਾਵੇਗੀ, ਗੁਰਦੁਆਰੇ ਦੇ ਭਾਈ ਜੀ ਕਹਿੰਦੇ ਨੇ ਕਿ ਰਾਮ ਜਪੋ, ਭਾਈ ਰਾਮ ਦਾ ਸਿਮਰਨ ਕਰੋ, ਜੇ ਕੋਈ ਰਾਮ ਦਾ ਸਿਮਰਨ ਕਰਨ ਲਗਦਾ ਤਾਂ ਕਛੈਹਰੇ ਦੇ ਨੇਫੇ ਵਿਚੋਂ ਪਸਤੌਲ ਕੱਢਕੇ ਗੋਲੀ ਮਾਰ ਦਿੰਦੇ ਨੇ। ਰਾਮ ਦੇ ਭਗਤ ਤਾਂ ਹੁਣ ਗੁਰਦੁਆਰਿਆਂ ਵਿਚ ਨਹੀਂ ਜਾਂਦੇ, ਜਾਨ ਦਾ ਖਤਰਾ, ਉਹ ਗੁਰੂ ਜੀ ਦੇ ਲੰਗਰ ਵਿਚ ਪ੍ਰਸ਼ਾਦਾ ਨਹੀਂ ਛਕਦੇ ਕਿਉਂਕਿ ਉਹ ਰਾਮ ਦੇ ਭਗਤ ਨੇ, ਰਾਮ ਦਿਆਂ ਭਗਤਾਂ ਦਾ ਕੀ ਕੰਮ ਕਿ ਉਹ ਪੰਜਾਬ ਵਿਚ ਰਹਿਣ, ਉਹ ਤਾਂ ਹੁਣ ਕਿਧਰੇ ਹੋਰ ਜਾਣ, ਜਾ ਕੇ ਰਾਮ ਜਪਣ।'

ਚਾਚੀ ਬੜੇ ਡੂੰਘੇ ਖਿਆਲਾਂ ਵਿਚ ਮੰਜੇ ਤੇ ਪਈ ਆਪਣੇ ਦਿਮਾਗ ਨੂੰ ਕੋਸ ਰਹੀ ਸੀ, ਉਸ ਦਾ ਮਨ ਟਿਕ ਨਹੀਂ ਸੀ ਰਿਹਾ, ਉਹ ਹਿੰਦੂਆਂ ਅਤੇ ਸਿੱਖਾਂ ਦੇ ਕਤਲ ਹੁੰਦੇ ਵੇਖ ਨਹੀਂ ਸਕਦੀ, ਉਹ ਚਾਹੁੰਦੀ ਆ ਕਿ ਪੰਜਾਬ ਹੱਸੇ ਤੇ ਵੱਸੇ ਨਾ ਕੋਈ ਵੈਰੀ ਨਾਹੀ ਬਿਗਾਨਾ ਵਾਲੀ ਗੱਲ ਹੋਵੇ, ਚਾਚੀ ਦੀ ਅੱਖ ਲੱਗੀ ਹਾਲੇ ਕੁਝ ਮਿੰਟ ਹੀ ਹੋਏ ਸਨ ਕਿ ਪਿੰਡ ਵਿਚ ਰੋਣ ਕਰਲੌਣ ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ, ਚਾਚੀ ਉਬੜਵਾਹੇ ਉਠ ਖਲੋਤੀ ਤੇ ਬਾਹਰ ਵੱਲ ਨੂੰ ਭੱਜੀ, ਲੋਕ ਗਲੀ ਵਿਚੋਂ ਦੀ ਭੱਜੇ ਜਾ ਰਹੇ ਸਨ,'ਵੇ ਕੀ ਹੋ ਗਿਆ, ਵੇ ਛਿੰਦਿਆ ਕੀ ਹੋ ਗਿਆ, ਨੀ ਜੀਤੋ, ਨੀ ਜੀਤੋ ਤੂੰ ਹੀ ਦੱਸ ਜਾ ਕੀ ਹੋ ਗਿਆ ਤੁਸੀਂ ਮੇਰੀ ਗੱਲ ਕਿਉਂ ਨਹੀਂ ਸੁਣਦੇ, ਵੇ ਮੈਨੂੰ ਵੀ ਕੁਝ ਦਸ ਜਾਵੋ ਤੁਹਾਨੂੰ ਕੀ ਹੋ ਗਿਆ ? ਵੇ ਦੀਪਿਆ ਤੂੰ ਹੀ ਪੁੱਤਰ ਕੁਝ ਦਸ ਜਾਹ ਕੀ ਹੋ ਗਿਆ, ਤੁਸੀਂ ਕਿਧਰ ਨੂੰ ਭੱਜੇ ਜਾਂਦੇ ਓ, ਵੇ ਮਿੰਨਤ ਵਾਲੀ ਗੱਲ ਆ ਦੱਸ ਕੇ ਜਾਵੀਂ ਕੀ ਗੱਲ ਆ।'

'ਚਾਚੀ ਪਿੰਡ ਵਿਚ ਗੋਲੀ ਚੱਲ ਗਈ ਆ, ਹਰੇ ਰੰਗ ਦੀ ਜੀਪ ਆਈ ਸੀ, ਉਸ ਵਿਚ ਤਿੰਨ ਸਪਾਈ ਸੀ, ਉਹਨਾਂ ਨੇ ਲੱਖੀ ਸ਼ਾਹ ਦੀ ਦੁਕਾਨ ਉਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਉਹ ਪੰਦਰਾਂ ਮਿੰਟ ਗੋਲੀਆਂ ਚਲਾਉਂਦੇ ਰਹੇ ਤੇ ਫਿਰ ਉਹ ਸਕੂਲ ਵੱਲ ਨੂੰ ਆਪਣੀ ਜੀਪ ਭਜਾ ਕੇ ਲੈ ਗਏ, ਉਹਨਾਂ ਨੇ ਫਿਰ ਸਕੂਲ ਵਿਚ ਗੋਲੀ ਚਲਾਈ, ਤੇ ਸਾਹਮਣੇ ਡੰਗਰਾਂ ਦੇ ਹਸਪਤਾਲ ਵਿਚ ਵੀ ਗੋਲੀ ਚਲਾਈ, ਤੇ ਆਪਣੀ ਜੀਪ ਕੱਚੇ ਰਾਹ ਸਾਹਮਣੇ ਪਿੰਡ ਨੂੰ ਲੈ ਗਏ।'

'ਹਾਹਾ ! ਹਾਹਾ !! ਸਕੂਲ ਵਿਚ ਗੋਲੀ, ਲੱਖੀ ਸ਼ਾਹ ਦੀ ਦੁਕਾਨ ਤੇ ਗੋਲੀਆਂ, ਡੰਗਰਾਂ ਦੇ ਹਸਪਤਾਲ ਵਿਚ ਗੋਲੀ, ਮੈਂ ਲੁੱਟੀ ਗਈ ਮੇਰਾ ਕੋਈ ਨਹੀਂ ਰਿਹਾ।'

ਚਾਚੀ ਰੋਂਦੀ ਕੁਰਲਾਂਦੀ ਸਕੂਲ ਵੱਲ ਨੂੰ ਭੱਜੀ ਉਥੇ ਸਾਰਾ ਪਿੰਡ ਇਕੱਠਾ ਹੋਇਆ ਹੋਇਆ ਸੀ, ਮਾਸਟਰ ਦਸੌਂਧਾ ਸਿੰਘ ਦੀ ਲਾਸ਼ ਕੁਰਸੀ ਦੇ ਮੋਹਰੇ ਲਹੂ ਨਾਲ ਭਿੱਜੀ ਪਈ ਸੀ, ਚਾਚੀ ਦਾ ਛਿੰਦਾ ਵੀ ਮਾਸਟਰ ਜੀ ਦੇ ਲਾਗੇ ਹੱਥ ਵਿਚ ਆਪਣਾ ਕੈਦਾ ਲਈ ਮੌਤ ਦੀ ਨੀਂਦੇ ਸੁੱਤਾ ਪਿਆ ਸੀ, ਤੇ ਆਪਣੇ ਕੈਦੇ ਵਿਚੋਂ ਪੜ੍ਹ ਰਿਹਾ ਸੀ, "ਅਵਲ ਅੱਲਾ ਨੂਰ ਉਪਾਇਆ, ਕੁਦਰਤ ਦੇ ਸਭ ਬੰਦੇ। ਏਕ ਨੂਰ ਤੇ ਸਭ ਜੱਗ ਉਪਜੇ ਕੌਣ ਭਲੇ ਕੌਣ ਮੰਦੇ !"

ਚਾਚੀ ਨੇ ਆਪਣੇ ਇਕਲੌਤੇ ਪੁੱਤਰ ਨੂੰ ਚੁੱਕ ਲਿਆ। ਉਸ ਦੀ ਮੁੱਠ ਵਿਚੋਂ ਕੈਦਾ ਨਹੀਂ ਸੀ ਛੁੱਟ ਰਿਹਾ ਉਹ ਆਪਣੇ ਪੁੱਤਰ ਨੂੰ ਹਿੱਕ ਨਾਲ ਲਾ ਕੇ ਚੀਕਾਂ ਮਾਰ ਮਾਰ ਰੋ ਰਹੀ ਸੀ, ਉਹ ਆਪਣੇ ਵਾਲ ਖੋਹ ਰਹੀ ਸੀ, ਤੇ ਕਹਿ ਰਹੀ ਸੀ,'ਮੈਂ ਅੱਜ ਇਕੱਲੀ ਹੋ ਗਈ, ਮੇਰਾ ਪਤੀ ਫੌਜ ਵਿਚ ਵੈਰੀਆਂ ਨਾਲ ਲੜਦਾ ਆਪਣੇ ਦੇਸ਼ ਖਾਤਰ ਸ਼ਹੀਦ ਹੋ ਗਿਆ, ਮੈਨੂੰ ਉਸ ਦੀਆਂ ਹੱਡੀਆਂ ਮਿਲੀਆਂ ਤੇ ਉਸ ਦਾ ਫੋਟੋ। ਹਾਏ। ਜਿਸ ਦੇਸ਼ ਖਾਤਰ ਉਹ ਸ਼ਹੀਦ ਹੋਇਆ, ਅੱਜ ਉਸ ਦੇਸ਼ ਵਾਸੀਆਂ ਨੇ ਮੇਰੇ ਪੁੱਤਰ ਦੀ ਵੀ ਜਾਨ ਲੈ ਲਈ।'

'ਚੁੱਪ ਕਰ ਚਾਚੀ, ਹੌਂਸਲਾ ਕਰ ਵੇਖ ਇਸ ਸਾਡੇ ਪੰਜਾਬ ਵਿਚ ਇਕ ਛਿੰਦਾ ਨਹੀਂ ਏਥੇ ਕਈ ਛਿੰਦੇ ਰੋਜ਼ ਸ਼ਹੀਦ ਹੁੰਦੇ ਹਨ।'

'ਵੇਖ, ਉਹ ਵੇਖ ਪੁਲਸ ਆ ਗਈ ਆ, ਚੁੱਪ ਨਾ ਰੋ, ਪੁਲਸ, ਭੱਜੋ ਪੁਲਸ ਫਿਰ ਗੋਲੀ ਚਲਾ ਦੇਵੇਗੀ, ਭੱਜ ਚੱਲੋ ਉਹ ਤੁਹਾਨੂੰ ਵੀ ਮਾਰ ਦੇਣਗੇ, ਹੁਣ ਉਹਨਾਂ ਨੇ ਕੋਈ ਜੀਂਦਾ ਨਹੀਂ ਛੱਡਣਾ, ਉਹ ਸਾਰਿਆਂ ਨੂੰ ਮਾਰ ਜਾਣਗੇ।'

'ਚਾਚੀ ਇਹ ਅਸਲੀ ਪੁਲਸ ਆਈ ਏ, ਸਾਨੂੰ ਸਾਰਿਆਂ ਨੂੰ ਹੌਂਸਲਾ ਦੇਣ।'

ਗੁਰਦੁਆਰੇ ਦੇ ਸਾਹਮਣੇ ਬੋਹੜ ਹੇਠ ਆ ਕੇ ਪੁਲਸ ਦੀ ਮੋਟਰ ਖਲੋ ਗਈ, ਉਸ ਵਿਚੋਂ ਸਾਰੇ ਪੁਲਸ ਕਰਮਚਾਰੀ ਉਤਰ ਕੇ ਖਲੋ ਗਏ, ਪੁਲਸ ਮੁਖੀ ਨੇ ਇਸ਼ਾਰਾ ਕੀਤਾ ਤੇ ਸਾਰਿਆਂ ਸਿਪਾਹੀਆਂ ਨੇ ਆਪਣੀਆਂ ਬੰਦੂਕਾਂ ਪੁੱਠੀਆਂ ਕਰ ਲਈਆਂ, ਪੁਲਸ ਮੁਖੀ ਨੇ ਕਿਹਾ ਇਹ ਬੜੀ ਦੁਖਦਾਈ ਘਟਨਾ ਤੁਹਾਡੇ ਪਿੰਡ ਵਿਚ ਵਾਪਰ ਗਈ ਏ, ਅਸੀਂ ਬਹੁਤ ਛੇਤੀ ਅਤਿਵਾਦ ਤੇ ਕਾਬੂ ਪਾ ਲਵਾਂਗੇ, ਅਸੀਂ ਇਹਨਾਂ ਕਾਤਲਾਂ ਨੂੰ ਬਹੁਤ ਛੇਤੀ ਫੜਨ ਵਿਚ ਕਾਮਯਾਬ ਹੋ ਜਾਵਾਂਗੇ, ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਸ ਪ੍ਰਵਾਰ ਦਾ ਕੋਈ ਮੁਖੀ ਮਰ ਗਿਆ ਹੋਵੇ ਉਸ ਦੇ ਪ੍ਰਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਮਿਲ ਜਾਵੇਗੀ, ਵੀਹ ਹਜ਼ਾਰ ਰੁਪਏ ਸਰਕਾਰ ਨੇ ਦੇਣ ਦਾ ਫੈਸਲਾ ਕੀਤਾ ਹੈ।

'ਸਾਨੂੰ ਨਹੀਂ ਚਾਹੀਦੇ ਤੁਹਾਡੇ 20 ਹਜ਼ਾਰ, ਤੁਸੀਂ ਕੀ ਦਿਉਗੇ ਨੌਕਰੀਆਂ। ਸਰਕਾਰ ਨੇ ਤੇ ਇਹ ਫੈਸਲਾ ਪਹਿਲਾਂ ਵੀ ਮੈਨੂੰ ਸੁਣਾਇਆ ਸੀ ਜਦੋਂ ਮੇਰਾ ਪਤੀ ਫੌਜ ਵਿਚ ਵੈਰੀਆਂ ਨਾਲ ਲੜਦਾ ਸ਼ਹੀਦ ਹੋ ਗਿਆ ਸੀ, ਸਰਕਾਰ ਨੇ ਕਿਹਾ ਸੀ ਕਿ ਜਦੋਂ ਤੇਰਾ ਲੜਕਾ ਜਵਾਨ ਹੋ ਜਾਵੇਗਾ ਉਸ ਨੂੰ ਫੌਜ ਵਿਚ ਭਰਤੀ ਕਰ ਲਿਆ ਜਾਵੇਗਾ, ਜਦੋਂ ਮੇਰਾ ਪੁੱਤਰ ਜਵਾਨ ਹੋ ਗਿਆ ਉਦੋਂ ਮੇਰੇ ਕੋਲੋਂ ਅਤਿਵਾਦੀਆਂ ਨੇ ਖੋਹ ਖੜਿਆ। ਇਹਨਾਂ ਵੈਰੀਆਂ ਨੇ ਮੈਨੂੰ ਅਪਾਹਜ਼ ਬਣਾ ਦਿਤਾ, ਹੁਣ ਮੈਂ ਕਿਸ ਦਾ ਸਹਾਰਾ ਲੈ ਕੇ ਜ਼ਿੰਦਗੀ ਬਤੀਤ ਕਰਾਂਗੀ, ਚਲੇ ਜਾਵੋ, ਨਿਕਲ ਜਾਵੋ, ਸਾਡੇ ਪਿੰਡ ਵਿਚੋਂ ਕਿਧਰੇ ਤੁਹਾਡੀਆਂ ਬੰਦੂਕਾਂ ਸਾਡੇ ਉਤੇ ਨਾ ਚਲ ਜਾਣ, ਸਾਨੂੰ ਨਹੀਂ ਚਾਹੀਦੀਆਂ ਨੌਕਰੀਆਂ, ਜਾਵੋ ਅਤਿਵਾਦੀਆਂ ਨੂੰ ਫੜੋ, ਉਹ ਹੋਰ ਕਈਆਂ ਨੂੰ ਮੌਤ ਦੇ ਘਾਟ ਉਤਾਰ ਜਾਣਗੇ, ਉਹ ਹੋਰ ਕਈਆਂ ਨੂੰ ਮੇਰੇ ਵਾਂਗ ਅਪਾਹਜ਼ ਕਰ ਜਾਣਗੇ, ਉਹ ਕਈਆਂ ਦਾ ਸੁਹਾਗ ਮਿੱਟੀ ਵਿਚ ਮਿਲਾ ਜਾਣਗੇ।'

'ਚਾਚੀ ਹੌਂਸਲੇ ਕੋਲੋਂ ਕੰਮ ਲੈ, ਹੌਂਸਲਾ ਕਰ, ਜਿਹੜੇ ਅਤਿਵਾਦੀ ਨੇ, ਉਹਨਾਂ ਨੂੰ ਕਿਸੇ ਤੇ ਕੋਈ ਤਰਸ ਨਹੀਂ, ਉਹਨਾਂ ਦੀਆਂ ਨਜ਼ਰਾਂ ਵਿਚ ਕੀ ਸਿੱਖ ਤੇ ਕੀ ਹਿੰਦੂ। ਕੀ ਹੋਰ ਗਰੀਬ ਤੇ ਅਮੀਰ। ਉਹ ਸਭ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਈ ਜਾ ਰਹੇ ਨੇ। ਉਹਨਾਂ ਨੂੰ ਕੁਰਸੀ ਚਾਹੀਦੀ ਏ, ਉਹਨਾਂ ਨੂੰ ਕਿਸੇ ਦੀ ਜਾਨ ਦੀ ਕੋਈ ਪ੍ਰਵਾਹ ਨਹੀਂ। ਉਹਨਾਂ ਨੇ ਤੇ ਕਾਮਰੇਡ ਅਰਜਣ ਸਿੰਘ ਤੇ ਸਮੀਤ ਸਿੰਘ, ਤਿਵਾੜੀ ਜਿਹੜਾ ਪੰਜਾਬੀਆਂ ਦੀ ਜਾਨ ਸੀ ਤੇ ਜਥੇਦਾਰ ਪ੍ਰਤਾਪ ਸਿੰਘ ਜੀ ਜਿਹੜੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕ ਗਰੰਥੀ ਸਨ ਤੇ ਜਥੇਦਾਰ ਸੰਤ ਸਿਪਾਹੀ ਲੌਂਗੋਵਾਲ ਵਰਗੇ ਮੌਤ ਦੇ ਘਾਟ ਉਤਾਰ ਦਿਤੇ, ਚਾਚੀ ਤੂੰ ਆਪਣੇ ਦਿਲ ਨੂੰ ਤਕੜਾ ਕਰ ਰੋ ਨਾ।' ਸੁੰਦਰ ਸਿੰਘ ਨੇ ਦਲਾਸਾ ਦਿਤਾ।

ਥਾਣੇਦਾਰ ਸ੍ਰੀ ਰਮੇਸ਼ ਚੰਦ ਨੇ ਚਾਚੀ ਨੂੰ ਆਪਣੀ ਭੈਣ ਕਹਿ ਕੇ ਕੋਲ ਸੱਦਿਆ, ਉਸ ਨੂੰ ਦਿਲਾਸਾ ਦਿਤਾ ਤੇ ਕਿਹਾ, ਵੇਖ ਭੈਣ ਤੂੰ ਸਾਡੇ ਵੱਲ ਵੇਖ, ਰਾਤ ਦਿਨ ਮੋਟਰਾਂ ਭਜਾਈ ਫਿਰਦੇ ਆਂ, ਕਈ ਥਾਵਾਂ ਤੇ ਅਤਿਵਾਦੀਆਂ ਨਾਲ ਡੱਟਵਾਂ ਮੁਕਾਬਲਾ ਹੋ ਜਾਂਦਾ ਏ, ਕਈ ਜਵਾਨ ਸਾਡੇ ਅਤਿਵਾਦੀਆਂ ਨਾਲ ਲੜਦੇ ਸ਼ਹੀਦ ਹੋ ਜਾਂਦੇ ਨੇ। ਅਸੀਂ ਇਕੱਲੇ ਕੀ ਕਰ ਸਕਦੇ ਆਂ, ਤੁਸੀਂ ਵੀ ਸਾਰੇ ਲੋਕ ਜਿੰਨਾ ਚਿਰ ਸਾਡਾ ਸਾਥ ਨਹੀਂ ਦੇਂਦੇ, ਤੁਸੀਂ ਮਨ ਨਾਲ ਫੈਸਲਾ ਕਰ ਲਵੋ, ਅਸੀਂ ਅਤਿਵਾਦ ਤੇ ਵੱਖਵਾਦ ਨੂੰ ਜੜ੍ਹਾਂ ਤੋਂ ਪੁੱਟ ਦੇਣਾ ਏਂ, ਇਹ ਸਾਡੀ ਸਰਕਾਰ ਏ, ਇਹ ਸਾਡੇ ਵੀਰ ਨੇ ਜਿਹੜੇ ਅਤਿਵਾਦੀਆਂ ਨੂੰ ਫੜ ਫੜ ਕੇ ਮਾਰ ਰਹੇ ਨੇ ਤੁਸੀਂ ਸਾਡਾ ਸਾਥ ਦੇਵੋ, ਅਸੀਂ ਤੁਹਾਡੇ ਨਾਲ ਆਂ।

.ਗ਼ਜ਼ਲ

ਪੈਦਲ ਧਿਆਨਪੁਰੀ

ਉਜਾੜ ਦਿਸ ਰਹੇ ਨੇ, ਗਲੀਆਂ ਮਕਾਨ ਵੇਖ
ਕੌਡਾਂ ਤੋਂ ਸਸਤੀ ਜਾ ਰਹੀ, ਬੰਦੇ ਦੀ ਜਾਨ ਵੇਖ।

ਮੁੱਲਾਂ ਤੇ ਭਾਈ ਪੰਡਤ, ਥੈਲੀ ਦੇ ਵੱਟੇ-ਚੱਟੇ,
ਅੱਲਾ ਦਾ ਪਾਕ ਦਾਮਨ, ਛੁਪਦੇ ਸ਼ੈਤਾਨ ਵੇਖ।

ਇਹ ਈਰਖਾ ਤੇ ਸਾੜਾ, ਤਹਿਜ਼ੀਬ ਨਹੀਂ ਅਸਾਡੀ,
ਬਾਈਬਲ, ਰਮਾਇਣ ਵੇਖ ਜਾਂ ਫਿਰ ਕੁਰਾਨ ਵੇਖ।

ਉਠਦੀ ਸੀ ਜ਼ੁਲਮ ਖਾਤਰ, ਤਲਵਾਰ ਜੋ ਕਦੀ,
ਕਰ ਰਹੀ ਏ ਕਿੱਦਾਂ, ਮਜ਼ਲੂਮਾਂ ਦਾ ਘਾਣ ਵੇਖ।

ਕੋਈ ਵਕਤ ਸੀ ਜਦ ਲੋਕੀਂ ਅੱਲਾ ਨੂੰ ਪੂਜਦੇ ਸਨ,
ਬੰਦਿਆਂ ਦੇ ਕੋਲੋਂ ਡਰਦਾ, ਅੱਲਾ ਦਾ ਨਾਮ ਵੇਖ।

ਅਰਾਜਕਤਾ ਨੂੰ ਤਕ ਕੇ, ਹਰ ਇਕ ਦਾ ਸਿਰ ਚਕਰਾਵੇ,
ਕਿੱਧਰ ਨੂੰ ਜਾ ਰਹੇ ਨੇ, ਗੱਭਰੂ-ਜਵਾਨ ਵੇਖ।

ਸਰਕਾਰ ਨਾਂ ਦੀ ਵਸਤੂ, ਮੈਨੂੰ ਨਾ ਦਿਸਦੀ ਕਿੱਧਰੇ,
ਚੋਰਾਂ ਤੇ ਡਾਕੂਆਂ ਦੀ, ਲੱਥ ਗਈ ਲਗਾਮ ਵੇਖ।

ਦੋ .ਗ਼ਜ਼ਲਾਂ

ਪ੍ਰੀਤਮ ਸਿੰਘ ਰਾਹੀ

ਆਪਣੀ ਅਰਥੀ ਆਪ ਉਠਾਈ ਫਿਰਦੇ ਨੇ
ਆਪਣੀ ਰੂਹ ਨੂੰ ਰੋਗ ਲਗਾਈ ਫਿਰਦੇ ਨੇ।

ਰਾਤਾਂ ਨੂੰ ਜੋ ਡਰਕੇ ਅੰਦਰ ਛਹਿੰਦੇ ਨੇ
ਦਿਨ ਵੇਲੇ ਉਹ ਦੀਪ ਜਗਾਈ ਫਿਰਦੇ ਨੇ।

ਸਾਹਾਂ ਦਾ ਜੋ ਲੇਖਾ ਕਰਦੇ ਰਹਿੰਦੇ ਨੇ
ਖੱਲਾਂ ਦੇ ਵਿਚ ਜਾਨ ਲੁਕਾਈ ਫਿਰਦੇ ਨੇ।

ਉਨ੍ਹਾਂ ਦੇ ਦਿਲ ਅੰਦਰ ਦੁਨੀਆਂ ਵਸਦੀ ਹੈ
ਲੋਕਾਂ ਦਾ ਜੋ ਦਰਦ ਸਮਾਈ ਫਿਰਦੇ ਨੇ।

ਮੰਜ਼ਲ ਉਤੇ ਆਖਰ ਉਨ੍ਹਾਂ ਪੁੱਜਣਾ ਹੈ
ਪੈਰਾਂ ਹੇਠਾਂ ਲਾਟ ਲਗਾਈ ਫਿਰਦੇ ਨੇ।

2.

ਹਾਦਸੇ ਕੋਲੋਂ ਦੀ ਜੇ ਇਉਂ ਹੀ ਗੁਜ਼ਰ ਜਾਂਦੇ
ਅਮਲਾਂ ਦੀ ਬਹੀ ਤੋਂ ਨਾਵੇਂ ਹੀ ਉਤਰ ਜਾਂਦੇ


ਅਸੀਂ ਵੀ ਗੁੰਮ ਜਾਣਾ ਸੀ ਖਿਲਾਆਂ ਵਿਚ
ਅਸੀਂ ਵੀ ਜੇ ਉਡਦੇ ਬਾਜਾਂ ਮਗਰ ਜਾਂਦੇ।

ਬਗਾਵਤ ਦੀ ਸਜ਼ਾ ਤੋਂ ਵੀ ਬਚ ਜਾਂਦੇ ਦੋਸਤੋ
ਜੇ ਕੀਤੇ ਗੁਨਾਹਾਂ ਤੋਂ ਕਿਧਰੇ ਮੁਕਰ ਜਾਂਦੇ।

ਜੇ ਬਣਕੇ ਬਿਜਲੀਆਂ ਇਨ੍ਹਾਂ ਤੇ ਟੁੱਟਕੇ ਪੈਂਦੇ
ਇਹ ਬੱਦਲ ਬਲਾਵਾਂ ਦੇ ਕਦੋਂ ਦੇ ਬਿਖਰ ਜਾਂਦੇ।

ਕੋਈ ਤਦਬੀਰ ਜੇ ਕੱਢਕੇ ਮਾਰਦੇ ਇਕ ਅੱਧ ਹੰਭਲਾ
ਤਾਂ ਪੇਚੋ-ਖਮ ਇਹ ਜ਼ਿੰਦਗੀ ਦੇ ਆਪੇ ਸੰਵਰ ਜਾਂਦੇ।

ਮਾਯੂਸ ਤੋ ਹੂੰ ਵਾਅਦੇ ਸੇ ਤੇਰੇ
ਕੁਛ ਆਸ ਨਹੀਂ ਕੁਛ ਆਸ ਭੀ ਹੈ।
ਮੈਂ ਅਪਨੇ ਖਯਾਲੋਂ ਕੇ ਸਦਕੇ
ਤੂ ਪਾਸ ਨਹੀਂ ਔਰ ਪਾਸ ਭੀ ਹੈ।
ਗਮ ਔਰ ਖੁਸ਼ੀ ਮੇਂ ਫਰਕ
ਨਾ ਮਹਿਸੂਸ ਹੋ ਜਹਾਂ
ਮੈਂ ਦਿਲ ਕੋ ਉਸ ਮਕਾਮ ਪੇ
ਲਾਤਾ ਚਲਾ ਗਿਆ।
ਲੇ ਦੇ ਕੇ ਅਪਨੇ ਪਾਸ
ਫਕਤ ਏਕ ਨਜ਼ਰ ਤੋ ਹੈ
ਕਯੂੰ ਦੇਖੇਂ ਜ਼ਿੰਦਗੀ ਕੋ
ਕਿਸੀ ਕੀ ਨਜ਼ਰ ਸੇ ਹਮ।
ਪਹਿਲੇ ਹੰਸ ਕੇ ਮਿਲਤੇ ਹੈਂ
ਫਿਰ ਨਜ਼ਰ ਚੁਰਾਤੇ ਹੈਂ
ਆਸ਼ਨਾ ਸਿਫਤ ਹੈਂ
ਲੋਗ ਅਜਨਬੀ ਦਯਾਰੋਂ ਕੇ।



ਹਰਭਜਨ ਸਿੰਘ ਹੁੰਦਲ

ਕਵੀ ਪੁੱਛਦਾ ਹੈ

ਹੁਣੇ ਦੱਸੋ ਕੀ ਕਹਿਣਾ ਹੈ
ਹੋਰ ਲਹੂ ਕੁਝ ਵਹਿਣਾ ਹੈ ?

ਖਬਰਾਂ ਨੇ ਕੀ ਦੱਸਦੀਆਂ ?
ਲਾਸ਼ਾਂ ਨੇ ਕੀ ਪੁੱਛਦੀਆਂ ?
ਸੰਗੀਨਾਂ ਨੇ ਖਚਰੀ ਹਾਸੀ ਹੱਸਦੀਆਂ ।

ਵਿਹੜੇ ਵਿਚਲੀ ਵੇਲ ਕਿਉਂ ਮੁਰਝਾਈ ਹੈ ?
ਫਿਰ ਪਹਿਲੀ ਰੁੱਤ ਆਈ ਹੈ !
ਮੁੜ ਕੇ ਦਹਿਸ਼ਤ ਨਾਲ ਭਿਆਲੀ ਕਰਨੀ ਹੈ ?
ਫਿਰ ਸੜਕਾਂ ਨੇ ਉਹ ਸ਼ਰਮਿੰਦਗੀ ਜਰਨੀ ਹੈ ।

ਅਫਵਾਹਾਂ ਫਿਰ ਕਾਲੀ ਧੂੜ ਉਡਾਉਣਗੀਆਂ
ਫਿਰ ਜੀਪਾਂ ਕੀ ਘਰ ਘਰ ਗੇੜੇ ਲਾਉਣਗੀਆ ?
ਫਿਰ ਤੋਪਾਂ ਕੀ ਰੁੱਤਾਂ ਫਰਜ਼ ਨਿਭਾਉਣਗੀਆਂ ?

ਹਾਲੀ ਵੀ ਕੋਈ ਘਾਟ ਤੁਹਾਨੂੰ ਲੱਗਦੀ ਹੈ
ਕਿਉਂ ਪੁੱਠੀ ਵਾ ਵਗਦੀ ਹੈ ?
ਫਿਰ ਵੇਲੇ ਸਿਰ ਘਰ ਪਰਤਣ ਦਾ ਖੌਫ ਰਹੇਗਾ
ਨਿਰਦੋਸ਼ੀ ਸੰਤਾਪ ਸਹੇਗਾ ।

ਫਿਰ ਕਾਤਲ ਤੇ ਡਾਕੂ ਸੁਰਖੀ ਬੱਲਣਗੇ
ਧਮਕੀ-ਪੱਤਰ ਘੱਲਣਗੇ ।
ਅੱਲੜ ਗੁੰਡੇ ਥਾਣੇ ਕੁੱਟਾਂ ਝੱਲਣਗੇ ।

ਘਰ ਨੂੰ ਫੂਕਣ ਵਾਲੀ ਕਿਹੜੀ ਘਾਟ ਰਹੀ
ਚਾਨਣ ਵਾਲੀ ਕਿਥੇ ਸਾਡੀ ਵਾਟ ਰਹੀ ।
ਪੈਰ ਪੈਰ ਤੇ ਕੁਰਸੀ ਹੇਠੋਂ ਡੋਲ ਰਹੀ,
ਝੰਡੀ ਵਾਲੀ ਕਾਰ ਭਲਾ ਕੀ ਬੋਲ ਰਹੀ ।

ਦੂਜਿਆਂ ਉਤੇ ਦੋਸ਼ ਬੜੇ ਧਰ ਚੁੱਕੇ ਹੋ ।
ਕੀ ਕੀ ਨਹੀਂ ਕਰ ਚੁਕੇ ਹੋ ।
ਨਾਲ ਕਾਤਲਾਂ ਕਿਵੇਂ ਮੁਹੱਬਤ ਕਰਦੇ ਹੋ ?
ਕਿਸ ਤੇ ਟੇਕਾਂ ਧਰਦੇ ਹੋ ।

ਇਹ ਕਿਹੜੀ ਗੱਲ ਹੈ ਅੱਗ ਤੁਸਾਂ ਸੁਲਗਾ ਦਿਤੀ
ਇਹ ਕਿਹੜੀ ਹੈ ਜ਼ਹਿਰ-ਪੁੜੀ ਛਿੜਕਾ ਦਿਤੀ
ਏਸ ਅੱਗ ਦੇ ਵਿਚ ਤੁਸਾਂ ਵੀ ਸੜਨਾ ਹੈ
ਹਾਲ-ਪਾਹਰਿਆ ਕਰਨਾ ਹੈ ।

ਗੁਰੂਦਵਾਰੇ ਹੁਣ ਦੱਸੋ ਕੀ ਕਹਿੰਦੇ ਨੇ
ਕਿਉਂ ਸਹਿਮੇ ਜਹੇ ਰਹਿੰਦੇ ਨੇ ?
ਇਹ ਗੁਰੂਆਂ ਦੀ ਧਰਤੀ ਕੀ ਕੀ ਝੱਲੇਗੀ
ਕਿਸ ਦਿਨ ਨ੍ਹੇਰੀ ਠੱਲ੍ਹੇਗੀ ।

ਪੰਜਾਬ-ਸਥਿਤੀ–ਕੁਝ ਕਵਿਤਾਵਾਂ

–ਹਰਭਜਨ ਸਿੰਘ ਹੁੰਦਲ

ਨੀਰੂ ਵਾਂਗੂੰ, ਕਿੱਥੇ ਬਹਿਕੇ
ਆਪਣੀ ਬੀਨ ਵਜਾਉਂਦੇ ਹੋ ।
ਅੱਖਾਂ-ਮੀਟੀ, ਸੁਹਣੇ ਦਿਨ ਲੰਘਾਉਂਦੇ ਹੋ ।

ਹੁਣ ਵੇਲਾ ਹੈ ਜ਼ਰਾ ਨਿਖੇੜਾ ਕਰ ਦੇਵੋ
ਦੋਸ਼ੀ ਉਤੇ ਉਂਗਲ ਹੁਣ ਵੀ ਧਰ ਦੇਵੋ
ਵੱਸਦਾ, ਰੱਸਦਾ
ਨਹੀਂ ਤੇ ਨਗਰ ਸੜ ਜਾਵੇਗਾ
ਫਿਰ ਕਿਹੜਾ ਮਹਿਮਾਨ ਭਲਾ ਘਰ ਆਵੇਗਾ ।

ਤੁਖਣਾ ਦੇ ਕੇ ਬੜੇ ਨਜ਼ਾਰੇ ਵੇਖ ਲਏ,
ਬੰਦੂਕਾਂ ਦੇ ਸੁਹਣੇ ਕਾਰੇ ਵੇਖ ਲਏ,
ਭੂਤਰਿਆਂ ਦੇ ਲਾਡ ਕਦੋਂ ਬੰਦ ਕਰਨੇ ਨੇ,
ਕਿੰਨਾ ਚਿਰ ਹੁਣ ਹੋਰ ਤਮਾਸ਼ੇ ਜਰਨੇ ਨੇ,

ਫੇਰ ਧਰਮ ਨੂੰ ਖਤਰਾ ਕਹਿ ਕਹਿ ਰੋਣਾ ਹੈ
ਫਿਰ ਉਹੀਓ ਕੁਝ ਹੋਣਾ ਹੈ
ਹੁਣ ਦੱਸੋ ਕੀ ਕਹਿੰਦੇ ਹੋ ?
ਕਿਹੜੀ ਖੁੱਡੇ ਰਹਿੰਦੇ ਹੋ !!

ਪੰਜਾਬ ਦਾ ਗੀਤ

ਹਰਭਜਨ ਸਿੰਘ ਹੁੰਦਲ

ਹੇ ਧਰਤੀ ਦੇਸ ਪੰਜਾਬ ਦੀਏ, ਇਹ ਕੀ ਤੈਨੂੰ ਦੱਸ ਹੋਇਆ ਹੈ
ਕਿਸ ਕਿਸ ਨੇ ਤੇਰੀ ਰੱਤ ਡੋਲ੍ਹੀ, ਕਿਸ ਕਿਸਨੇ ਤੈਨੂੰ ਕੋਹਿਆ ਹੈ

ਤੂੰ ਬੜੇ ਤਸੀਹੇ ਝੱਲੇ ਨੇ
ਤੂੰ ਝੱਲੇ ਕਹਿਰ ਅਵੱਲੇ ਨੇ
ਕੀ ਟੁੱਕਿਆ ਤੇਰੇ ਹਿਰਦੇ ਚੋਂ
ਕੀ ਹਿਰਦੇ ਅੰਦਰ ਮੋਇਆ ਹੈ ?

ਤੈਨੂੰ ਪਿੰਡ ਗਿਰਾਈਂ ਵੱਸਦੀ ਨੂੰ
ਫੁੱਲ ਤਾਜ਼ੇ ਵਾਂਗੂੰ ਹਸਦੀ ਨੂੰ
ਨਾ ਦੋਖੀ ਕੋਲੋਂ ਜਰ ਹੋਇਆ
ਉਸ ਅੱਕ ਬਰੂਹੀਂ ਚੋਇਆ ਹੈ,

ਇਕ ਨੂੰ ਤਾਂ ਕਹਿਣ ਕਸਾਈ ਸੀ
ਦੂਜਾ ਤਾਂ ਸਾਡਾ ਭਾਈ ਸੀ
ਰਲ ਦੋਹਾਂ ਚਾੜ੍ਹੇ ਚੰਦ ਨਵੇਂ
ਇਹ ਦੋਹਾਂ ਨੂੰ ਕੀ ਹੋਇਆ ਹੈ ?

ਇਹ ਕੌਣ ਘੁਮਾਈ ਫਿਰਦਾ ਹੈ ?
ਉਂਗਲ ਤੇ ਨਚਾਈ ਫਿਰਦਾ ਹੈ ।
ਇਹ ਕਿਸ ਨੂੰ ਫਾਇਦਾ ਪਹੁੰਚ ਰਿਹਾ,
ਇਹ ਕਿਸ ਨੇ ਡੰਗ ਚਭੋਇਆ ਹੈ ?

ਭੁੱਲ ਭਗਤ ਸਿੰਘ ਸਰਦਾਰਾਂ ਨੂੰ
ਮੂੰਹ ਲਾਈਏ ਕਿਉਂ ਮੂੰਹ-ਮਾਰਾਂ ਨੂੰ
ਇਹ ਤਾਰਾਂ ਕਿੱਥੋਂ ਹਿਲਦੀਆਂ
ਇਹ ਕਿੱਥੇ ਹੱਥ ਲੁਕੋਇਆ ਹੈ ?

ਗੁਰੂਆਂ ਦੀ ਬਾਣੀ ਭੁੱਲ ਚੱਲੇ
ਹਰ ਪਿਆਰ-ਕਹਾਣੀ ਭੁੱਲ ਚੱਲੇ
ਇਹ "ਵੇਖ ਕਬੀਰਾ ਰੋਇਆ ਹੈ"

ਇਹ ਕਿਹੜਾ ਧਰਮ ਸਖਾਉਂਦਾ ਹੈ ?
ਮਾਂ-ਜਾਏ ਕਤਲ ਕਰਾਉਂਦਾ ਹੈ
ਇਹ ਛੱਟਾ ਕੌਣ ਪਿਆ ਦਿੰਦਾ
ਬੀ ਕਿੱਕਰ ਦਾ ਕਿਸ ਬੋਇਆ ਹੈ

ਘਰ ਜਾ ਕੇ ਕੀ ਕੀ ਦੱਸਾਂਗੇ ?
ਨਿਰਦੋਸ਼ ਮਰੇ, ਕੀ ਹੱਸਾਂਗੇ ?
ਹਰ ਗਲੀ, ਮਹੱਲਾ ਦਹਿਲ ਗਿਆ
ਹਰ ਵਿਹੜਾ ਪੀੜ-ਪਰੋਇਆ ਹੈ

ਤੂੰ ਉਠ ਤੇ ਅੱਖਾਂ ਖੋਲ੍ਹ ਜ਼ਰਾ
ਸਭ ਦੋਸਤ, ਦੁਸ਼ਮਣ ਟੋਲ ਜ਼ਰਾ
ਕਿਸ ਟਾਂਕੇ ਲਾਏ ਜ਼ਖਮਾਂ ਨੂੰ
ਕਿਸ ਖੰਜਰ ਪੇਟ ਖਭੋਇਆ ਹੈ ?

ਨਾ ਕੋਈ ਅੱਖ ਬੁਰੀ ਹੋਵੇ
ਨਾ ਬੁੱਕਲ ਵਿਚ ਛੁਰੀ ਹੋਵੇ
ਨਾ ਲੱਗੇ ਨਜ਼ਰ ਗੁਲਾਬਾਂ ਨੂੰ
ਮਿੱਧਿਆਂ ਵੀ, ਫੁੱਟ ਖਲੋਇਆ ਹੈ

ਸਾਥੀਓ !

ਕੋਈ ਗੀਤ ਦੀ ਮਿਸ਼ਾਲ ਵੀ ਜਗਾਓ ਸਾਥੀਓ,
ਬੋਲ ਉੱਜਲੇ ਹਵਾਵਾਂ 'ਚ ਖਿੰਡਾਓ ਸਾਥੀਓ ।

ਤੁਸੀਂ ਚੜ੍ਹਦੀ ਸਵੇਰ ਦਾ ਸੰਦੇਸ਼ ਹੋ ਨਿਰੇ,
ਕਾਲੀ ਰਾਤ ਦੀ ਚੰਗੇਰ ਕੁਝ ਪਾਓ ਸਾਥੀਓ ।

ਗੱਲਾਂ ਗੱਲਾਂ ਨਾਲ ਬੜੇ ਲੋਕ ਤਾਰੇ ਤੋੜਦੇ,
ਤਾਰੇ ਤੋੜ ਕੇ ਹਥੇਲੀ ਤੇ ਸਜਾਓ ਸਾਥੀਓ ।

ਯੁੱਧ ਚਿੜੀਆਂ ਤੇ ਬਾਜਾਂ ਦਾ ਹਮੇਸ਼ ਤੋਂ ਰਿਹਾ,
ਇਹਨੂੰ ਜਿੱਤ ਦੇ ਮੁਕਾਮ ਤੇ ਪਹੁੰਚਾਓ ਸਾਥੀਓ ।

ਜਿਥੇ ਕਿਤੇ ਵੀ ਮਨੁੱਖ ਨਾਲ ਧੱਕਾ ਹੋ ਰਿਹਾ,
ਪੈਰ ਪੈਰ ਉਤੇ ਲੜ, ਅੜ, ਜਾਓ ਸਾਥੀਓ ।

ਬੁੱਢੇ ਬੋਹੜ ਦੀਆਂ ਜੜ੍ਹਾਂ ਹੋਈਆਂ ਬਹੁਤ ਬੋਦੀਆਂ,
ਮੁੱਢ ਏਸਦੇ ਨੂੰ ਫੜਕੇ ਹਿਲਾਓ ਸਾਥੀਓ ।

ਉਹਨਾਂ ਕੋਲ ਹੈ ਪੁਲੀਸ, ਜੇਲ੍ਹ, ਫੌਜਾਂ ਭਾਰੀਆਂ,
ਤੁਸੀਂ ਏਕਤਾ ਦੀ ਢਾਲ ਬਣ ਆਓ ਸਾਥੀਓ ।

ਪਾੜੇ ਪਾਉਣਗੇ ਤੇ ਬਾਰ ਬਾਰ ਲਾਰੇ ਲਾਉਣਗੇ,
ਭੇਤ ਸਾਰੀਆਂ ਚਲਾਕੀਆਂ ਦਾ ਪਾਓ ਸਾਥੀਓ ।

ਬਿਨਾਂ ਜੂਝਿਆਂ ਕਲੇਸ਼ ਸਾਡੇ ਨਹੀਂ ਮੁੱਕਣੇ,
ਸਾਰੇ ਪੈਂਤੜੇ ਤੇ ਚਾਲਾਂ ਸਿੱਖ ਜਾਓ ਸਾਥੀਓ ।

ਸਾਥੋਂ ਬਿਨਾਂ ਕਿਸੇ ਹੋਰ ਨਹੀਂ ਸਿਰ ਚੁੱਕਣਾ,
ਸਿਰ ਚੁੱਕਿਆ ਤਾਂ ਮੁੜ ਨਾ ਝੁਕਾਓ ਸਾਥੀਓ ।

ਕਦੇ ਗੀਤ, ਕਦੇ ਬੋਲ, ਕਦੇ ਨਾਹਰਾ ਮਾਰਕੇ,
ਕੰਨਾਂ ਬੋਲਿਆਂ ਨੂੰ ਖੋਲ੍ਹ ਕੇ ਸੁਣਾਓ ਸਾਥੀਓ ।

ਗਜ਼ਲ

(ਸੰਤ ਲੌਂਗੋਵਾਲ ਦੇ ਨਾਂ)

ਹੱਥਾਂ ਉੱਤੇ ਸੀਸ ਨਹੀਂ, ਦਸਤਾਰ ਉਠਾਈ ਫਿਰਦੇ ਹਾਂ
ਆਪਣੀਆਂ ਹੀ ਕਰਤੂਤਾਂ ਦਾ ਭਾਰ ਉਠਾਈ ਫਿਰਦੇ ਹਾਂ

ਮਿੱਤਰ, ਵੈਰੀ, ਸਹਿਯੋਗੀ ਦੀ, ਭੋਰਾ ਵੀ ਪਹਿਚਾਣ ਨਹੀਂ
ਆਪਣੇ ਬਾਜ਼ੂ ਕੱਟਣ ਲਈ, ਤਲਵਾਰ ਉਠਾਈ ਫਿਰਦੇ ਹਾਂ

ਜਿਹੜੇ ਰੁੱਖ ਦੀ ਛਾਂਵੇਂ ਬੈਠੇ, ਉਸ ਦੀ ਖੈਰ ਮਨਾਏ ਨਾ
ਕੈਸੇ ਭੈੜੇ ਮੌਸਮ ਦੇ ਆਸਾਰ ਉਠਾਈ ਫਿਰਦੇ ਹਾਂ

ਹਿਰਦੇ ਡੰਡਾ-ਥੋਹਰ ਲਗਾਕੇ, ਪਾਣੀ ਦਿੰਦੇ ਆਪ ਰਹੇ
ਕਿੰਨੀ ਸੁਹਣੀ ਖੇਤੀ ਦੇ, ਇਕਰਾਰ ਉਠਾਈ ਫਿਰਦੇ ਹਾਂ

ਅੰਮ੍ਰਿਤ ਵੇਲੇ ਪਾਠ ਕਰੀਦਾ, ਸੰਧਿਆ ਵੇਲੇ ਹੱਤਿਆਵਾਂ
ਅਸੀਂ ਦੁਮੂੰਹੀਂ ਸੱਪਣੀ ਦਾ ਕਿਰਦਾਰ ਉਠਾਈ ਫਿਰਦੇ ਹਾਂ

ਥੀਏਟਰ ਨੂੰ ਸਮਰਪਿਤ ਅਜਮੇਰ ਔਲਖ

ਅਜਮੇਰ ਔਲਖ ਦੇ ਨਾਟਕ ਹੇਠਲੀ ਕਿਸਾਨੀ ਦੇ ਦੁੱਖਾਂ ਦਰਦਾਂ ਦੀ ਕਲਾਤਮਿਕ ਆਵਾਜ਼ ਹਨ। ਇਸ ਸ਼੍ਰੇਣੀ ਨੂੰ ਦਰਪੇਸ਼ ਸਮੱਸਿਆਵਾਂ ਉਸ ਦੇ ਨਾਟਕਾਂ ਦਾ ਧੁਰਾ ਹਨ। ਉਹ, ਉਸ ਦੀ ਪਤਨੀ ਮਨਜੀਤ, ਉਸ ਦਾ ਦਾਮਾਦ ਤੇ ਤਿੰਨੇ ਧੀਆਂ ਪੰਜਾਬੀ ਥੀਏਟਰ ਨੂੰ ਸਮਰਪਿਤ ਹਨ। 'ਲੋਕ ਕਲਾ ਮੰਚ, ਮਾਨਸਾ' ਵਲੋਂ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿਚ ਇਕ ਲਹਿਰ ਵਜੋਂ ਨਾਟਕ ਖੇਡੇ ਜਾਂਦੇ ਹਨ। ਨਿਸ਼ਚਿਤ ਰੂਪ ਵਿਚ ਉਸ ਨੇ ਗੁਰਸ਼ਰਨ ਸਿੰਘ ਦੇ ਕੰਮ ਨੂੰ ਹੀ ਅੱਗੇ ਤੋਰਿਆ ਪਰ ਪੇਸ਼ਕਾਰੀ 'ਚ ਉਸ ਨੇ ਆਪਣੀ ਵਿਲੱਖਣਤਾ ਸਥਾਪਤ ਕਰ ਲਈ ਹੈ। ਅਜਮੇਰ ਔਲਖ ਵਿਚਲੇ ਸੁਹਿਰਦ ਕਲਾਕਾਰ ਦੀ ਹੀ ਪ੍ਰਾਪਤੀ ਹੈ ਕਿ ਅਜ ਪੰਜਾਬੀ ਨਾਟਕ ਭਾਰਤ ਦੀਆਂ ਅਗਾਂਹਵਧੂ ਬੋਲੀਆਂ ਦੇ ਹਾਣ ਦਾ ਹੋ ਗਿਆ ਹੈ।

ਅਜਮੇਰ ਔਲਖ ਦੀ ਇੱਛਾ ਹੈ ਕਿ ਪੰਜਾਬੀ ਥੀਏਟਰ ਆਪਣੇ ਲੰਬੇ ਸਫਰ 'ਤੇ ਹੋਰ ਵੱਡੀਆਂ ਪੁਲਾਂਘਾ ਪੁੱਟੇ। ਪਿਛਲੇ ਦਿਨੀਂ ਉਸ ਨੇ ਬਹੁਤ ਹੀ ਖੁੱਲ੍ਹੇ-ਡੁਲ੍ਹੇ ਅੰਦਾਜ਼ ਵਿਚ ਗੱਲਾਂ ਕੀਤੀਆਂ ਜਿਨ੍ਹਾਂ 'ਚੋਂ ਕੁਝ ਪਾਠਕਾਂ ਦੀ ਭੇਟ ਹਨ :

? ਔਲਖ ਸਾਬ੍ਹ! ਪਹਿਲੀ ਵੇਰ ਤੁਹਾਡੇ ਨਾਲ ਜਾਣ ਪਛਾਣ ਫਰੀਦਕੋਟ ਵਿਖੇ ਯੂਨੀਵਰਸਿਟੀ ਦੇ ਯੁਵਕ ਮੇਲੇ ਵਿਚ ਤੁਹਾਡਾ ਇਕ ਨਾਟਕ ਵੇਖ ਕੇ ਹੋਈ। ਉਸ ਤੋਂ ਇਕ ਰਾਤ ਪਹਿਲਾਂ ਤੁਹਾਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਨਕਸਲਬਾੜੀ ਲਹਿਰ ਉਦੋਂ ਜ਼ੋਰਾਂ 'ਤੇ ਸੀ ਸ਼ਾਇਦ ਏਸ ਨਾਲ ਸਬੰਧਤ ਹੋਣ ਕਰਕੇ ਹੀ ਤੁਹਾਨੂੰ .....

— ਗ੍ਰਿਫਤਾਰ ਮੈਨੂੰ ਇਸੇ ਲਹਿਰ ਸਬੰਧੀ ਹੀ ਕੀਤਾ ਗਿਆ ਸੀ ਪਰ ਮੈਂ ਜਿਹੜਾ ਨੈਕਸਲਾਈਟ ਮੂਵਮੈਂਟ ਨਾਲ ਜੁੜਿਆ ਹੋਇਆ ਸੀ ਉਹ ਇਕ ਸੁਹਿਰਦ ਇਨਸਾਨ ਦੇ ਤੌਰ 'ਤੇ ਸੀ। ਮੈਂ ਇਹ ਸਮਝਦਾ ਸੀ ਬਈ ਇਹ ਠੀਕ ਨੇ ....। ਮੇਰਾ ਆਰਗੇਨਾਈਜ਼ੇਸ਼ਨ ਨਾਲ ਕੋਈ ਸਬੰਧ ਨਹੀਂ ਸੀ। ਲੇਕਿਨ ਮੈਨੂੰ ਐਂ ਲਗਦਾ ਸੀ ਬਈ ਇਹ ਬੰਦੇ ਕੁਸ਼ ਕਰਨ ਵਾਲੇ ਹੈਗੇ ਐਂ ... ਉਂਜ ਮੈਂ ਮੁੱਢ ਤੋਂ ਈ ਕਮਿਊਨਿਸਟ ਮੂਵਮੈਂਟ ਤੋਂ ਪ੍ਰਭਾਵਤ ਸੀ .... ਸਾਡਾ ਪਿੰਡ ਮੁਜਾਰਿਆਂ ਦਾ ਪਿੰਡ ਸੀ ....।

? ਕਿਹੜਾ ਪਿੰਡ ਸੀ ਤੁਹਾਡਾ ?

— ਕਿਸ਼ਨਗੜ੍ਹ ਫਰਵਾਹੀ। ਸਰਦਾਰਾਂ ਦਾ ਪਿੰਡ ਸੀ। ਉਦੋਂ ਬਟਾਈ ਟੁੱਟ ਰਹੀ ਸੀ ਤੇ ਮੈਂ ਛੋਟੇ ਹੁੰਦੇ ਨੇ ਉਸ ਵੇਲੇ ਜੋ ਸਾਡੇ 'ਤੇ ਸਰਦਾਰਾਂ ਦਾ ਜਾਂ ਪੁਲੀਸ ਦਾ ਤਸ਼ੱਦਦ ਸੀ ਅੱਖੀਂ ਵੇਖਿਆ ਸੀ .... ਜੋ ਮੁਸ਼ਕਲਾਂ ਮੁਜਾਰਿਆਂ ਨੂੰ ਹੁੰਦੀਆਂ ਸਨ .... ਉਸ ਵੇਲੇ ਸਾਡਾ ਸਾਰਾ ਪਿੰਡ ਈ ਕਮਿਊਨਿਸਟ ਪ੍ਰਭਾਵ ਥੱਲੇ ਸੀ ....।

? ਤੁਸੀਂ ਉਦੋਂ ਕਿਡੇ ਕੁ ਸੀ ? ਤੁਹਾਡਾ ਜਨਮ ਕਦੋਂ ਹੋਇਆ ?

— ਮੇਰੀ ਅਸਲੀ ਜਨਮ ਤਰੀਕ ਤਾਂ ਪਤਾ ਨਹੀਂ ਪਰ ਜਿਹੜਾ ਕਾਗਜ਼ਾਂ 'ਚ ਐ ਉਹ 19 ਅਗਸਤ 1942 ਐ .... ਮੇਰੀ ਮਾਂ ਦੇ ਕਹਿਣ ਮੁਤਾਬਕ ਤਾਂ ਮੈਂ ਏਦੂੰ ਵੱਡਾ ਐਂ ....।

? ਇਹ ਕਿਹੜੇ ਵਰ੍ਹੇ ਦੀਆਂ ਗੱਲਾਂ ਐਂ ?

— ਇਹੋ 1948-49-50 .... 7-8 ਸਾਲ ਦਾ ਹੋਊਂਗਾ ....।

? ਤੁਹਾਡੇ ਪਰਿਵਾਰ ਦੀ ਪਿੰਡ ਦੀ ਮੁਜਾਰਾ ਤਹਿਰੀਕ ਵਿਚ ਕੋਈ ਸਿੱਧੀ ਪਾਰਟੀਸੀਪੇਸ਼ਨ ਸੀ ?

— ਨਹੀਂ ਸਾਡੇ ਪਰਿਵਾਰ ਦਾ ਕੋਈ ਸਿੱਧਾ ਸਬੰਧ ਨਹੀਂ ਸੀ ... ਮੇਰੇ ਪਿਤਾ ਇਕ ਸਾਧਾਰਨ ਕਿਸਮ ਦੇ ਇਨਸਾਨ ਸਨ ... ਉਂ ਉਹ ਪਿੰਡ ਦੇ ਪੂਰੀ ਤਰ੍ਹਾਂ ਨਾਲ ਸਨ ... ਸਾਡੇ ਪਿੰਡ 'ਚੋਂ ਦੋ ਕੁ ਅਜਿਹੇ ਸਨ ਜੋ ਸਰਦਾਰਾਂ ਕੋਲ ਜਾ ਕੇ ਚੁਗਲੀ ਕਰਦੇ ਹੁੰਦੇ ਸਨ ... ਭੇਤ ਦੀਆਂ ਗੱਲਾਂ ਦੱਸ ਦਿੰਦੇ ਸੀ .... ਇਕ ਦਿਨ ਲੋਕਾਂ ਨੇ ਪਰੋਗਰਾਮ ਬਣਾਇਆ ਬਈ ਆਪਾਂ ਨੇ ਉਨ੍ਹਾਂ ਨੂੰ ਕੁੱਟਣੈ .... ਕੁੱਟਣ ਗਏ ਤਾਂ ਉਨ੍ਹਾਂ ਚ ਮੇਰੇ ਤਾਇਆ ਜੀ ..... ਮੇਰੇ ਤਾਇਆ ਜੀ ਥੋੜ੍ਹੇ ਜੇ ਜ਼ਿਆਦਾ ਐਗਰੈਸਿਵ ਸਨ ... ਉਦੋਂ ਹੋ ਸਕਦੇ ਸਾਡੇ ਫਾਦਰ ਸਾਬ੍ਹ ਵੀ ਵਿਚ ਹੋਣ .... ਏਸੇ ਤਰ੍ਹਾਂ ਸਾਡੇ ਘਰਾਂ 'ਚੋਂ ਮੇਰੇ ਚਾਚਾ ਜੀ ਲਗਦੇ ਸੀ ਪਤਾ ਨਹੀਂ ਕੀ ਗੱਲ ਸੀ ਭੱਜੇ ਜੇ ਫਿਰਦੇ ਸੀ, ਮਗਰ ਪੁਲਸ ਫਿਰਦੀ ਸੀ .... ਉਨ੍ਹਾਂ ਦੇ ਉਤੋਂ ਦੀ ਬੰਦੂਕ ਵੀ ਚਲਾਈ ..... ਇਹੋ ਜੇ ਬਹੁਤ ਸੀਨ ਵੇਖਣ ਨੂੰ ਮਿਲਦੇ ਸਨ ... ਪਰ ਉਦੋਂ ਸਰਦਾਰਾਂ ਦਾ ਜ਼ੋਰ ਘਟ ਰਿਹਾ ਸੀ .... ਮੈਂ ਵੀ ਆਪਣੇ ਪਿੰਡ ਦੇ ਮੁੰਡਿਆਂ ਦਾ ਲੀਡਰ ਹੁੰਦਾ ਸੀ ... ਇਕ ਮੈਂ ਹੁੰਦਾ ਸੀ ਇਕ ਲਾਲਿਆਂ ਦਾ ਮੁੰਡਾ ਸੀ ਜੀਹਦੇ ਚਾਚੇ ਤਾਏ ਧੜਵਈ ਲੱਗੇ ਹੁੰਦੇ ਸੀ ... ਅਸੀਂ ਨਾਅਰੇ ਲਾਉਣੇ ... ਪਾਈਆਂ ਮਣ ਬੰਦ ਕਰੋ ... ਬਿਸਵੇਦਾਰੀ ਖਤਮ ਕਰੋ .... ਇਨ੍ਹਾਂ ਗੱਲਾਂ ਦਾ ਮੇਰੇ 'ਤੇ ਬੜਾ ਪ੍ਰਭਾਵ ਐ ...।

? ਪਹਿਲੋਂ ਪਹਿਲ ਤੁਸੀਂ ਹੋਰ ਕਿਸੇ ਢੰਗ ਨਾਲ ਵੀ ਕਮਿਊਨਿਸਟ ਲਹਿਰ ਵਿਚ ਹਿਸਾ ਲਿਆ ?

— ਮੈਂ ਨਿੱਕਾ ਜਿਹਾ ਹੁੰਦਾ ਸਟੇਜਾਂ 'ਤੇ ਗੀਤ ਵੀ ਗਾਉਂਦਾ ਹੁੰਦਾ .... ਇਕ ਤਾਂ ਮੈਨੂੰ ਯਾਦ ਐ ... ਇਹ ਤਾਂ ਦੂਹਰੀਆਂ ਪੁਸ਼ਾਕਾਂ ਪਾਉਂਦੇ (ਉਦੋਂ ਮੈਂ ਪੁਸ਼ਾਕਾਂ ਨੂੰ ਪੁਛਾਕਾਂ ਕਹਿੰਦਾ ਹੁੰਦਾ), ਤੈਨੂੰ ਠਿੱਬੇ ਛਿੱਤਰ ਨਾ ਥਿਆਉਂਦੇ, ਹੁਣ ਹੋ ਜਾ ਤੂੰ ਹੁਸ਼ਿਆਰ, ਕਰ ਜੱਟਾ ਮਾਰੋ ਮਾਰ, ਜਾ ਕੇ ਵੈਰੀ ਦੇ ਬੂਹੇ 'ਤੇ ਖੜ੍ਹ ਜਾ ... ਵੈਰੀ ਦੇ ਟਾਕਰੇ ਨੂੰ .... ਤਿਆਰ ਹੋ ਕੇ ਤੂੰ ਖੜ੍ਹ ਜਾ ਵੈਰੀ ਦੇ ਟਾਕਰੇ ਨੂੰ .... ਅਮਰ ਸਿੰਘ ਸ਼ੌਕੀ ਦਾ ਇਹ ਗੀਤ ਹੁੰਦਾ "ਦੁਨੀਆਂ ਮਤਲਬ ਦੀ ਏਥੇ ਕੋਈ ਨਾ ਕਿਸੇ ਦਾ ਬੇਲੀ" .... ਇਹਦੀ ਤਰਜ 'ਤੇ ਮੈਂ ਇਹ ਗੀਤ ਬਣਾਇਆ ਸੀ ... ਆਪ ਲਿਖਿਆ ਸੀ .... ਮੇਰੇ ਤੇ ਤਾਂ ਏਨਾ ਪ੍ਰਭਾਵ ਸੀ ਕਿ ਇਕ ਵੇਰ ਅਸੀਂ ਸਾਡੇ ਇਲਾਕੇ ਦੇ ਧਰਮ ਸਿੰਘ ਫੱਕਰ ਨਾਂ ਦੇ ਕਾਮਰੇਡ ਕੋਲ ਚਲੇ ਗਏ ਬਈ ਸਾਨੂੰ ਕੌਮਨਿਸ਼ਟ ਬਣਾ .... ਉਹ ਖੈਰ ਬਹੁਤ ਜ਼ਿਆਦਾ ਸਿਆਣਾ ਬੰਦਾ ਸੀਗਾ ... ਉਹ ਨੇ ਸਾਨੂੰ ਇਹੋ ਰਾਇ ਦਿਤੀ ਬਈ "ਬੱਚਿਓ ਤੁਸੀਂ ਪੜ੍ਹੋ, ਪੜ੍ਹ ਕੇ ਈ ਇਸ ਗੱਲ ਦਾ ਜ਼ਿਆਦਾ ਪਤਾ ਲੱਗਦੈ ... ਸਾਨੂੰ ਤਾਂ ਮੌਕਾ ਨੀਂ ਮਿਲਿਆ ਏਨਾ ਪੜ੍ਹਨ ਦਾ ..." ਵੈਸੇ ਉਹਦੀ ਲਾਲ ਲਹਿਰ 'ਚ ਬੜੀ ਕੁਰਬਾਨੀ ਸੀ ....।



ਅਜਮੇਰ ਸਿੰਘ ਔਲਖ

? ਫੇਰ ਤੁਸੀਂ ਪੜ੍ਹਨ ਲਗ ਪੇ ?

— ਪੜ੍ਹਨ ਮੈਂ ਵੱਡੀ ਉਮਰ 'ਚ ਈ ਲੱਗਿਆ .... ਪਹਿਲਾਂ 1948 'ਚ ਇਕ ਵੇਰ .... ਉਦੋਂ ਮੈਂ ਹਟ ਗਿਆ ਸੀ ... ਘਰਦਿਆਂ ਨੇ ਡੰਗਰਾਂ ਮਗਰ ਲਾ 'ਤਾ ... ਫੇਰ ਡੰਗਰ ਨਾ ਚਾਰੇ ਫੇਰ ਲਗ ਪਿਆ ... ਅਸੀਂ ਚਾਰ ਭਰਾ ਈ ਭਰਾ ਆਂ ... ਮੈਂ ਦੋ ਨੰਬਰ 'ਤੇ ਆਂ .... ਵੱਡੇ ਭਰਾ ਨੇ ਇਕ ਵੇਰੀ ਮੈਨੂੰ ਪੜ੍ਹਨ ਲਾਇਆ ਉਦੋਂ ਉੜਦੂ ਹੁੰਦਾ ਸੀ ... ਉਹ ਜਿਹੜਾ ਟੀਚਰ ਹੁੰਦਾ ਸੀ .... ਮੈਂ ਉਦੋਂ ਅਸਲ 'ਚ ਤਾਂ ਪੜ੍ਹਨ ਲੱਗਿਆ ਸੀ ਕਿ ਮੇਰਾ ਇਕ ਦੋਸਤ ਹੁੰਦਾ ਸੀ ਜੀਹਨੂੰ ਘਰਦਿਆਂ ਨੇ ਪੜ੍ਹਨ ਲਾ 'ਤਾ ... ਮੇਰਾ ਉਹ ਦੇ ਬਿਨਾਂ ਜੀਆ ਨੀਂ ਸੀ ਲਗਦਾ ਹੁੰਦਾ .... ਮੈਂ ਕਿਹਾ ਬਈ ਮੈਨੂੰ ਵੀ ਲਾ ਦਿਉ ... ਮੇਰਾ ਮਤਲਬ ਸੀ ਬਈ ਮੈਂ ਉਹ ਨੂੰ ਹਟਾ ਦਿਆਂ, ਮੈਂ ਕੋਸ਼ਿਸ਼ ਵੀ ਕੀਤੀ ਬਈ ਤੂੰ ਹਟ ਜਾ ਪੜ੍ਹਨੋ ਆਪਾਂ ਖੇਡਿਆਂ ਕਰਾਂਗੇ, ਫੇਰ ਅਸੀਂ ਹਟ ਵੀ ਗਏ ਦੋਏ .... ਮਗਰੋਂ ਮੈਂ ਉੜਦੂ ਹਟਣ ਤੋਂ ਬਾਅਦ ਲੱਗਿਆ ....।

? ਮੈਟ੍ਰਿਕ ਕਦੋਂ ਕੀਤੀ ?

— ਮੈਟ੍ਰਿਕ ਮੈਂ ਕੀਤੀ ਸੀ ਸਰਕਾਰੀ ਹਾਈ ਸਕੂਲ ਭੀਖੀ ਤੋਂ 1958 'ਚ। ਅੱਠਵੀਂ ਤੋਂ ਹਾਕਮ ਮੇਰਾ ਦੋਸਤ ਸੀ ...।

? ਹਾਕਮ ਸੁਭਾਂ ਵਾਲਾ ?

— ਹਾਂ ਪ੍ਰਸਿੱਧ ਨੈਕਸਲਾਈਟ ਹਾਕਮ ਸੁਭਾਂ ਵਾਲਾ। ਉਹ ਮੇਰਾ ਕਲਾਸ ਫੈਲੋ ਤੇ ਚੰਗਾ ਮਿੱਤਰ ਰਿਹੈ ਤੇ ਬੀ. ਏ. ਤਕ ਅਸੀਂ ਇਕ ਪਰਿਵਾਰ ਵਾਂਗੂ ... ਅਸੀਂ ਪਹਿਲਾਂ ਪੜ੍ਹਨ ਗਏ ਸੀ ਅੰਮ੍ਰਿਤਸਰ ਐਗਰੀਕਲਚਰ ਕਰਨ ਵਾਸਤੇ ਪਰ ਉਨ੍ਹਾਂ ਐਗਰੀਕਲਚਰ ਸਾਨੂੰ ਦਿੱਤੀ ਨਾ, ਸਾਨੂੰ ਉਨ੍ਹਾਂ ਨਾਨ-ਮੈਡੀਕਲ ਦੇ ਦਿਤੀ। ਅਸੀਂ ਨਾਭਾ ਹੋਸਟਲ 'ਚ ਰਹਿਣ ਲੱਗੇ। ਫੇਰ ਸਾਨੂੰ ਪਤਾ ਲੱਗਾ ਕਿ ਸਾਥੋਂ ਘੱਟ ਨੰਬਰਾਂ ਵਾਲਿਆਂ ਨੂੰ ਉਨ੍ਹਾਂ ਨੇ ਐਗਰੀਕਲਚਰ ਦਿਤੀ ਸੀ। ਸਾਨੂੰ ਬੜਾ ਗੁੱਸਾ ਆਇਆ ਤੇ ਅਸੀਂ ਇਕ ਵੱਡੀ ਸਾਰੀ ਚਿੱਠੀ ਲਿਖੀ ਪ੍ਰਿੰਸੀਪਲ ਨੂੰ ਕਿ ਅਸੀਂ ਬਠਿੰਡੇ ਜ਼ਿਲੇ ਤੋਂ ਇਥੇ ਆਏ ਸੀ ... ਸਾਡੇ ਨਾਂ ਕੱਟ ਦਿਤੇ ਜਾਣ .... ਉਨ੍ਹਾਂ ਨੇ ਕੱਟ 'ਤੇ ... ਉਂ ਇਕ ਕਾਰਨ ਇਹ ਵੀ ਸੀ ਕਿ ਕੈਮਿਸਟਰੀ ਮੈਨੂੰ ਘੱਟ ਆਉਂਦੀ ਸੀ ਜਦੋਂ ਮੈਂ ਲੈਬਾਰਟਰੀ 'ਚ ਜਾਂਦਾ ਤਾਂ ਮੈਨੂੰ ਹਉਂਕ ਜੀ ਚੜ੍ਹ ਜਾਂਦੀ .... ਹਾਕਮ ਸਾਇੰਸ 'ਚ ਹੁਸ਼ਿਆਰ ਸੀ ਪਰ ਉਹ ਦੋਸਤੀ ਨਾਤੇ ....।

? ਫੇਰ ਪੜ੍ਹਾਈ ਕਿੱਥੇ ਕੀਤੀ ?

— ਹਾਲਾਤ ਬਦਲ ਗਏ ਸਨ। ਸਾਡੇ ਪਿੰਡ ਦਾ ਜਿਹੜਾ ਸਰਦਾਰ ਸੀ ਨਾ ਉਹ ਪਟਿਆਲੇ ਰਹਿਣ ਲੱਗ ਗਿਆ ਸੀ। ਉਹ ਨੇ ਕਿਹਾ ਸੀ ਕਿ ਤੁਸੀਂ ਦਸਵੀਂ ਕਰ ਲਓ ਮੈਂ ਨੌਕਰੀ ਦੁਆ ਦਿਆਂਗਾ। ਮੈਂ ਉਥੇ ਚਲਿਆ ਗਿਆ। ਸਰਦਾਰ ਦੀ ਘਰਵਾਲੀ ਗੁਜ਼ਰ ਚੁਕੀ ਸੀ ਤੇ ਲੜਕਾ ਉਹ ਦਾ ਲੁਧਿਆਣੇ ਪੜ੍ਹਦਾ ਸੀ। ਉਥੇ ਮੈਂ ਗਿਆਨੀ ਕਰਨੀ ਸ਼ੁਰੂ ਕਰ ਦਿੱਤੀ .... ਪਿੱਛੋਂ ਉਥੇ ਈ ਪ੍ਰਾਈਵੇਟ ਬੀ. ਏ. ਕੀਤੀ .... ਹਾਂ ਸੱਚ ਹਾਕਮ ਨੂੰ ਵੀ ਮੈਂ ਉਥੇ ਈ ਬੁਲਾ ਲਿਆ ਕਿ ਆਪਾਂ ਪੜ੍ਹਾਂਗੇ .... ਮੈਂ ਇਕ ਗਿਆਨੀ ਕਾਲਜ ਵਿਚ ਟਿਊਸ਼ਨ ਕਰਦਾ .... ਪਿੱਛੋਂ ਐਮ. ਏ. ਪ੍ਰਾਈਵੇਟਲੀ ਬੰਦ ਕਰ ਦੇਣ ਕਰਕੇ ਮੈਨੂੰ ਐਮ. ਏ. 'ਚ ਬਾਕਾਇਦਾ ਦਾਖਲਾ ਲੈਣਾ ਪਿਆ ....।

? ਇਸ ਦੌਰਾਨ ਵੀ ਮਾਰਕਸਿਜ਼ਮ ਜਾਂ ਕਮਿਊਨਿਜ਼ਮ ਵੱਲ ਰੁਝਾਨ ਰਿਹਾ ?

— ਬੀ. ਏ. ਤੱਕ ਜਿਹੜੀ ਮੇਰੀ ਸੁਸਾਇਟੀ ਰਹੀ ਉਹਦੇ 'ਚ ਸਾਡਾ ਲਿੰਕ ਹੋਇਆ ਇੰਡੋ-ਸੋਵੀਅਤ ਕਲਚਰਲ ਸੁਸਾਇਟੀ ਨਾਲ .... ਕਾਮਰੇਡਾਂ ਨਾਲ ਸੰਬੰਧ ਜੋੜਨ ਦੀ ਕੋਸ਼ਿਸ਼ ਵੀ ਕੀਤੀ ਕਿਉਂਕਿ ਇੱਛਾ ਮੇਰੀ ਇਹ ਸੀ ਕਿ ਮੈਂ ਪਾਲਟੀਸ਼ਨ ਬਣਾਂ ਪਰ ਮੈਂ ਬਾਅਦ 'ਚ ਦੇਖਿਆ ਕਿ ਮੇਰੇ 'ਚ ਪਾਲਟੀਸ਼ਨਾਂ ਵਾਲੇ ਗੁਣ ਨਹੀਂ ਸਨ। ਐਮ. ਏ. ਦੌਰਾਨ ਮੈਂ ਚੈਖਵ, ਗੋਰਕੀ, ਆਦਿ ਦਾ ਸਾਹਿਤ ਤੇ ਡਾਇਲੈਕਟੀਕਲ ਮੈਟੀਰੀਅਲਇਜ਼ਮ ਪੜ੍ਹਿਆ।

? ਪੰਜਾਬੀ ਸਾਹਿਤ ਕਿੰਨਾ ਕੁ ਪੜ੍ਹਿਆ ?

— ਐਮ. ਏ. ਦੌਰਾਨ ਮੈਂ ਪੰਜਾਬੀ ਦੇ ਅਮੂਮਨ ਸਾਰੇ ਵਧੀਆ ਰਾਈਟਰ ਪੜ੍ਹ ਲਏ ਸਨ .... ਗੁਰਬਖਸ਼ ਸਿੰਘ, ਸੇਖੋਂ ਵਿਰਕ, ਗੁਰਦਿਆਲ ਸਿੰਘ ... ਡਾ. ਅਤਰ ਸਿੰਘ ਬਾਰੇ ਮੇਰੇ ਤੇ ਸ਼ੁਰੂ ਤੋਂ ਈ ਪ੍ਰਭਾਵ ਸੀ ਕਿ ਇਹ ਬੜਾ ਸਿਆਣਾ ਬੰਦੈ ... ਮੈਂ ਸੰਗਾਲੂ ਕਿਸਮ ਦਾ ਹੋਣ ਕਰਕੇ ਕਦੇ ਗੱਲ ਨਹੀਂ ਸੀ ਕੀਤੀ ਪਰ ਮੈਨੂੰ ਲਗਦਾ ਸੀ ਕਿ ਇਹ ਬੰਦਾ ਇੰਟਲੈਕਚੁਅਲ ਹੈ .... ਅਤਰ ਸਿੰਘ ਮੇਰੇ ਅਧਿਆਪਕ ਸਨ। ਉਨ੍ਹਾਂ ਕਲਾਸ ਵਿਚ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਬਾਰੇ ਬੜਾ ਭਾਵੁਕ ਲੈਕਚਰ ਦਿਤਾ, ਮੈਂ ਤੇ ਜੋਗਾ ਸਿੰਘ (ਉਹ ਮੇਰਾ ਮਿੱਤਰ ਤੇ ਕਲਾਸ ਫੈਲੋ ਸੀ) ਉਦੋਂ ਈ ਜਾ ਕੇ 'ਮੜ੍ਹੀ ਦਾ ਦੀਵਾ' ਖਰੀਦ ਲਿਆਏ ... ਮੈਨੂੰ ਬੜਾ ਅਪੀਲ ਕੀਤਾ, ਜਗਸੀਰ ਵਲੋਂ ਵੀ ਰੌਣਕੀ ਚੰਗਾ ਲਗਦਾ ਸੀ, ਕਿਉਂਕਿ ਉਹ ਲੜਦੈ, ਵਿਰੋਧ ਜ਼ਾਹਰ ਕਰਦੈ ... ਮੇਰੇ ਤੇ ਏਨਾ ਪ੍ਰਭਾਵ ਸੀ ਕਿ ਹੋ ਸਕਦੈ ਕਿ ਮੇਰੇ 'ਪੀਤੇ' ਦੇ ਪਿੱਛੇ ਕਿਤੇ "ਰੌਣਕੀ" ਖੜ੍ਹਾਂ ਹੋਵੇ .... ਤੁਸੀਂ ਬਾਅਦ 'ਚ ਇਹ ਨੋਟ ਕੀਤਾ ਹੋਵੇ ਕਿ ਨਾ ਕਿ ਮੇਰੇ ਨਾਟਕਾਂ ਦੇ ਪਾਤਰ ਵੀ ਜ਼ਿੰਦਗੀ 'ਚ ਸਟਰਗਲ ਕਰਦੇ ਹਨ, ਮੈਨੂੰ ਲਗਦੈ ਬਈ ਉਹ ਹਾਰਦੇ ਨਹੀਂ ....।

? ਸਭ ਤੋਂ ਪਹਿਲਾਂ ਤੁਸੀਂ ਲਿਖਣ ਵਾਲੇ ਪਾਸੇ ਕਦੋਂ ਆਏ ?

— ਸਭ ਤੋਂ ਪਹਿਲਾਂ ਮੈਂ .... ਗੁਰਸ਼ਰਨ ਸਿੰਘ ਨੇ ਇਕ ਨਾਟਕ ਖੇਡਿਆ ਸੀ ਰਾਮਪੁਰੇ, ਨਾਨਕ ਸਿੰਘ ਦੇ ਨਾਵਲ 'ਕੋਈ ਹਰਿਓ ਬੂਟ ਰਹਿਓ ਰੀ' ਤੇ ਆਧਾਰਿਤ ਸੀ ... ਮੈਂ ਉਹ ਨਾਟਕ ਦੇਖਿਆ। ਉਨ੍ਹਾਂ ਦਿਨਾਂ 'ਚ ਗੈਰ ਸਰਕਾਰੀ ਕੇਂਦਰੀ ਪੰਜਾਬੀ ਲੇਖਕ ਸਭਾ ਚਲ ਰਹੀ ਸੀ, ਮੈਂ ਵੀ ਉਹ ਦਾ ਸਰਗਰਮ ਮੈਂਬਰ ਸਾਂ .... ਨਾਵਲ ਮੈਂ ਪੜ੍ਹਿਆ ਨਹੀਂ ਸੀ, ਸੁਣਿਆ ਸੀ ਮੈਨੂੰ ਲੱਗਾ ਕਿ ਨਾਨਕ ਸਿੰਘ ਫਜ਼ੂਲ ਪਾਤਰਾਂ ਨੂੰ ਆਦਰਸ਼ਿਆ ਰਿਹੈ ....।

? ਗੁਰਸ਼ਰਨ ਸਿੰਘ ਦਾ ਵੀ ਤੁਹਾਡੇ 'ਤੇ ਪ੍ਰਭਾਵ ਪਿਆ ?

— ਹਾਂ ਪਿਆ ਪਰ ਰੀਐਕਸ਼ਨ ਵਜੋਂ। ਗੁਰਸ਼ਰਨ ਸਿੰਘ ਨੇ ਤਾਂ ਪਾਤਰ ਨਾਵਲ ਵਾਂਗ ਹੀ ਪੇਸ਼ ਕੀਤੇ ਸਨ .... ਮੈਂ ਨਾਵਲ ਪੜ੍ਹੇ ਬਿਨਾਂ ਨਾਟਕ ਵੇਖ ਕੇ ਹੀ ਨਾਟਕ ਲਿਖਿਆ "ਪਾਤਰ ਬਗਾਵਤ ਕਰਦੇ ਨੇ" .... ਮੈਨੂੰ ਪਤਾ ਸੀ ਨਾਨਕ ਸਿੰਘ ਦੇ ਜਿਹੋ ਜਿਹੇ ਪਾਤਰ ਹੁੰਦੇ ਹਨ ਉਹ ਜ਼ਿੰਦਗੀ 'ਚ ਨਹੀਂ ਮਿਲਦੇ ... ਮੈਂ ਨਾਟਕ 'ਚ ਪੇਸ਼ ਕੀਤਾ ਕਿ ਪਾਤਰ ਕਹਿੰਦੇ ਹਨ ਕਿ ਜਿਵੇਂ ਸਾਨੂੰ (ਨਾਨਕ ਸਿੰਘ) ਪੇਸ਼ ਕੀਤੈ ਅਸੀਂ ਉਵੇਂ ਨਹੀਂ ਅਸੀਂ ਤਾਂ ਐਂ ਆਂ ....।

? ਇਸ ਤੋਂ ਪਹਿਲਾਂ ਕੁਝ ਨਹੀਂ ਸੀ ਲਿਖਿਆ ?

— ਨਹੀਂ ਐਂ ਤਾਂ ਦਸਵੀਂ ਬਾਅਦ ਈ ਮੈਂ ਇਕ ਨਾਵਲ ਲਿਖਤਾ ਸੀਗਾ, ਉਹ ਦਾ ਨਾਉਂ ਸੀ "ਬਿਸਵੇਦਾਰੀ" ਜਾਂ "ਹਰਾਮਜ਼ਾਦਾ", ਪੂਰਾ ਸੀ, ਵੱਡੀ ਕਹਾਣੀ ਸੀ। ਉਹ ਮੈਂ 66-67 ਤਕ ਸਾਂਭ ਕੇ ਰੱਖਿਆ, ਫੇਰ ਕੋਈ ਮੁੰਡਾ ਆ ਗਿਆ ਮੇਰੇ ਕੋਲ ਆਪਣਾ ਨਾਵਲ ਲੈ ਕੇ ਕਿ ਮੈਂ ਇਹ ਛਪਾਉਣੈ। ਮੈਂ ਉਹ ਨੂੰ ਆਪਣਾ ਨਾਵਲ ਦੇ ਕੇ ਕਿਹਾ ਕਾਕਾ ....

? ਕਹਾਣੀਆਂ ਵੀ ਲਿਖੀਆਂ ?

— ਨਕਸਲਬਾੜੀ ਲਹਿਰ ਸਮੇਂ ਮੈਂ 'ਸਿਆੜ', 'ਹੇਮ ਜੋਤੀ', 'ਸਰਦਲ' ਆਦਿ 'ਚ ਕਹਾਣੀਆਂ ਲਿਖਦਾ ਹੁੰਦਾ ਸੀ। ਪਰ ਮੈਨੂੰ ਇਹ ਲੱਗਿਆ ਕਿ ਲੋਕਾਂ ਨੇ ਮੈਨੂੰ ਨਾਟਕਾਂ ਰਾਹੀਂ ਹੀ ਪਛਾਣਿਆ ... ਜਦ ਮੈਨੂੰ ਰਸਪਾਂਸ ਮਿਲਿਆ ਤਾਂ ਮੈਨੂੰ ਜਾਪਿਆ ਕਿ ਮੈਂ ਗੱਲ ਐਂ ਈ ਕਰ ਸਕਦੈਂ ....।

? ਫੇਰ ਨਾਟਕ ਵੱਲ ਆ ਗਏ ?

— ਅਸਲ ਵਿਚ ਮੇਰਾ ਪਹਿਲਾ ਨਾਟਕ ਸੀ 'ਈਬਰਾ ਕਦੀਬਰਾ'। ਮੈਂ ਸੈਮੂਅਲ ਬੈਕਟ ਪੜ੍ਹਿਆ ਸੀ। ਮੈਨੂੰ ਲੱਗਾ ਕਿ ਉਹ ਕਹਿੰਦਾ ਹੈ ਕਿ ਲਾਈਫ ਇਜ਼

ਬਾਕੀ ਪੰਨਾ 21 ਉਤੇ

ਪੰਨਾ 20 ਦੀ ਬਾਕੀ ... ਔਲਖ

ਮੀਨਿੰਗਲੈਸ ... ਉਹ ਲਾਈਫ 'ਚ ਬੰਦੇ ਦਾ ਫੇਥ ਘਟਾਉਂਦੇ। ਮੈਂ ਆਪਣੇ ਤੌਰ 'ਤੇ ਦੱਸਿਆ ਕਿ ਲਾਈਫ ਇਜ਼ ਮੀਨਿੰਗਫੁੱਲ .... ਉਸ ਨਾਟਕ ਦੀਆਂ ਬਹੁਤ ਸਾਰੀਆਂ ਗੱਲਾਂ ਮੈਂ ਆਪਣੇ ਦੂਸਰੇ ਨਾਟਕ ... ਜੀਹਨੂੰ ਮੈਂ ਆਪਣਾ ਪਹਿਲਾ ਚੰਗਾ ਨਾਟਕ ਮੰਨਦੈਂ "ਅਰਬਦ ਨਰਬਦ ਧੁੰਦੂਕਾਰਾ" .... ਉਹ ਦੇ 'ਚ ਪਾ 'ਤੀਆਂ ਸੀ ... 'ਈਬਰਾ ਕਦੀਬਰਾ' ਖੇਡਿਆ ਬਹੁਤ ... ਸੁਰਜੀਤ ਸਿੰਘ ਸੇਠੀ ਨੇ ਇਕ ਮੁਕਾਬਲਾ ਕਰਾਇਆ ਸੀ। ਉਹ ਦੇ 'ਚ ਇਹ ਨਾਟਕ ਫਸਟ ਆ ਗਿਆ ... ।

? ਤੁਸੀਂ ਡਾਇਰੈਕਟ ਕੀਤਾ ਸੀ ?

— ਹਾਂ ਲਿਖਿਆ ਵੀ ਮੈਂ ਤੇ ਡਾਇਰੈਕਟ ਵੀ ਮੈਂ ਈ ਕੀਤਾ । ਸਾਡੇ ਵਿਦਿਆਰਥੀ ਲੈ ਕੇ ਗਏ ਸਨ ... ਐਵੇਂ ਚਾਉ ਸੀ ਬਈ ਲੈ ਕੇ ਜਾਣੈ .... ਉਹ ਫਸਟ ਈ ਆ ਗਿਆ ਤੇ ਮੈਂ ਖਵਨੀ ਸੈਕਿੰਡ ਜਾਂ ਥਰਡ ਬੈਸਟ ਡਾਇਰੈਕਟਰ ਵੀ ਆ ਗਿਆ ... ਮੋਰ ਓਵਰ ਉਹ ਦੇ ਸੈਮੂਅਲ ਬੈਕਟ ਦੇ ਪਾਤਰ ਸੀ ਨਾ 'ਵੇਟਿੰਗ ਫਾਰ ਦਾ ਗੋਦੋ' ਵਾਲੇ, ਉਨ੍ਹਾਂ 'ਚੋਂ ਦੋ ਪਾਤਰ ਲੈ ਕੇ ਆਪਣੇ ਢੰਗ ਨਾਲ ਪਾਏ ਸਨ ... ਉਥੇ ਲੋਕਾਂ ਕਿਹਾ ਬਈ ਬੜੀ ਡੂੰਘੀ ਗੱਲ ਕੀਤੀ ਐ .... ਭਾਵੇਂ ਗੱਲ ਓਡੀ ਡੂੰਘੀ ਨਾ ਵੀ ਹੋਵੇ ਪਰ ਮੈਂ ਸਿਨਸੀਅਰ ਸਾਂ, ਕੋਈ ਗੱਲ ਕਹਿਣੀ ਚਾਹੁੰਦਾ ਸਾਂ ... ਪਰ ਉਹ ਐਕਸ਼ਨ ਦੇ ਪੱਖੋਂ ਫਸਟ ਆ ਗਿਆ ... ।

? ਇਹ ਦਾ ਮਤਲਬ ਹੈ ਕਿ ਨਾਟਕ ਦੇ ਖੇਤਰ ਵਿਚ ਤੁਹਾਡੀ ਇਹ ਪਹਿਲੀ ਪ੍ਰਾਪਤੀ ਸੀ ?

— ਇਹ ਠੀਕ ਐ ਪਰ ਅਸਲ ਰਿਕਗਨੀਸ਼ਨ ਮੈਨੂੰ .... ਬਾਅਦ 'ਚ ਮੈਂ ਇਕ ਪਲੇਅ ਖੇਡਿਆ .... ਫਰੀਦਕੋਟ ਕਾਲਜ ਵਿਚ "ਸੱਸ ਚੰਦਰੀ ਦਾ ਭੂਤ" ਇਹ ਨਾਟਕ ਅਸਲ 'ਚ ਗੁਰਚਰਨ ਸਿੰਘ ਜਸੂਜਾ ਦਾ ਨਾਟਕ ਸੀ 'ਭਾਬੋ ਦਾ ਭੂਤ' ... ਮੈਂ ਬਹੁਤ ਚਿਰ ਪਹਿਲਾਂ ਪੜ੍ਹਿਆ ਸੀ .... ਇਸ ਦੀ ਪੇਸ਼ਕਾਰੀ ਨੇ ਮੈਨੂੰ ਸਭ ਤੋਂ ਵੱਧ ਤਸੱਲੀ ਦਿੱਤੀ ... ਮੈਂ ਤਾਂ ਜੇਲ੍ਹ ਵਿਚ ਸੀ ਪਰ ਨਾਟਕ ਖੇਡਣ ਵਾਲੀਆਂ ਬੱਚੀਆਂ ਨੇ ਮੈਨੂੰ ਦੱਸਿਆ .... ਕਿ ਬੜੀ ਤਾਰੀਫ ਹੋਈ ..... ਗੁਰਦਿਆਲ ਸਿੰਘ ਨੇ ਪਤਾ ਨਹੀਂ ਅਚੇਤ ਤੌਰ 'ਤੇ ਜਾਂ ਸੁਚੇਤ ਤੌਰ 'ਤੇ ਕਿ ਮੈਂ ਕੋਈ ਗੱਲ ਕਰ ਸਕਦੈਂ। ਉਸ ਤੋਂ ਬਾਅਦ ਮੈਂ "ਬਗਾਨੇ ਬੋਹੜ ਦੀ ਛਾਂ" ਲਿਖਿਆ .... ਇਹ ਨਾਟਕ ਮੈਂ ਪੂਰੀ ਸੰਜੀਦਗੀ ਨਾਲ ਲਿਖਿਆ .... ਬਸ ਕੁਦਰਤੀ ਇਹ ਨਾਟਕ ਇਹੋ ਜਿਹਾ ਨਿਕਲਿਆ ਕਿ ਜਿਥੇ ਵੀ ਜਾਈਏ ... ਸਟੇਟ ਪੱਧਰ ਦਾ ਇਨਾਮ ਇਹ ਨੂੰ ਮਿਲਿਆ .... ਫੇਰ ਬੇਹੱਦ ਵਾਰ ਇਹ ਨਾਟਕ ਸਟੇਜ ਹੋਇਆ ਬੜੀ ਵਾਹਵਾ ਖੱਟੀ ... ।

? ਤੁਹਾਡੇ ਸਾਹਿਤ ਰਚਨਾ ਦੇ ਪਹਿਲੇ ਦੌਰ ਦੀ ਕੋਈ ਪ੍ਰੇਰਨਾ .... ?

— ਪ੍ਰੇਰਨਾ ... ਜੇ ਤਾਂ ਕਿਸੇ ਕੁੜੀ ਬਾਰੇ ਕਹਿ ਰਹੇ ਹੋ ਤਾਂ ਮੈਂ ਬੜਾ ਸਪੱਸ਼ਟ ਹਾਂ ਕਿ ਪ੍ਰੇਰਨਾ ਰੁਮਾਂਸ ਤੋਂ ਨਹੀਂ ਮਿਲਦੀ, ਪ੍ਰੇਰਨਾ ਤਾਂ ਜ਼ਿੰਦਗੀ ਤੋਂ ਹੀ ਮਿਲਦੀ ਹੈ ...।

? ਚਲੋ ਇਉਂ ਈ ਸਹੀ, ਕੋਈ ਕੁੜੀ ਜ਼ਿੰਦਗੀ 'ਚ ਆਈ ਕਿ ਨਹੀਂ ?

— ਇਹ ਤਾਂ ਬੜਾ ਦਿਲਚਸਪ ਕਿੱਸਾ ਐ ... ਸਾਡੇ ਪਿੰਡ ਜਦੋਂ ਸਰਦਾਰ ਜ਼ਮੀਨ ਛੱਡ ਕੇ ਲੋਕਾਂ ਨੂੰ ਦੇਣ ਲੱਗੇ ਤਾਂ ਕੁਝ ਬਾਹਰਲੇ ਲੋਕ ਆਏ, ਜ਼ਮੀਨ ਲੈਣ ਵਾਸਤੇ .... ਪਤਾ ਨਹੀਂ ਕਿਹੜੇ ਜ਼ਿਲੇ ਦੇ ਸੀਗੇ ... ਉਨ੍ਹਾਂ ਦੇ ਨਾਲ ਇਕ ਕੁੜੀ ਆਈ ... ਕੁੜੀ ਪੜ੍ਹੀ ਲਿਖੀ ਸੀ, ਸਾਡੇ ਪਿੰਡ 'ਚ ਮੈਂ ਪਹਿਲੀ ਵੇਰ ਸੁਣਿਆ ਸੀ ਕਿ ਕੁੜੀ ਪੜ੍ਹੀ ਲਿਖੀ ਹੋਵੇ ... ਉਹ ਅੱਠ ਕੁ ਜਮਾਤਾਂ ਪੜ੍ਹੀ ਸੀ ਤੇ ਮੈਂ ਸਮਝਦਾ ਸੀ ਮੈਂ ਵੀ ਪੜ੍ਹਿਆ ਲਿਖਿਆ ਹਾਂ .... ਉਹ ਦਾ ਨਾਂ ਦਰਸ਼ਨ ਸੀ, ਮੈਂ ਉਹਦੇ ਵੱਲ ਖਿਚਿਆ ਗਿਆ ਪਰ ਮੇਰੀ ਹਿੰਮਤ ਨਾ ਪਵੇ ਉਹ ਨੂੰ ਕੁਝ ਕਹਾਂ .... ਸਰਦਾਰਾਂ ਨੇ ਜਿਹੜਾ ਘਰ ਉਨ੍ਹਾਂ ਨੂੰ ਦਿੱਤਾ ਸੀ ਉਸ ਦੇ ਨਾਲ ਲਗਵਾਂ ਨਾਈਆਂ ਦਾ ਘਰ ਸੀ, ਉਹ ਨਾਇਣ ਮੇਰੀ ਮਾਸੀ ਲਗਦੀ ਹੁੰਦੀ, ਹੁਣ ਵੀ ਜਿਉਂਦੀ ਐ .... ਮੈਂ ਉਹ ਦੇ ਬਹਾਨੇ ਉਨ੍ਹਾਂ ਦੇ ਘਰ ਬਹਿ ਜਾਂਦਾ, ਉਹ ਉਥੇ ਆ ਜਾਂਦੀ, ਪਰ ਮੈਥੋਂ ਕਿਹਾ ਕਦੇ ਵੀ ਕੁਛ ਨਾ ਗਿਆ .... ਮੈਂ ਉਦੋਂ ਦਸਵੀਂ 'ਚ ਹੁੰਦਾ ਸੀ, ਫੇਰ ਅਸੀਂ ਭੀਖੀ ਰਹਿੰਦੇ ਹੁੰਦੇ, ਮੈਂ, ਕਾਮਰੇਡ ਹਾਕਮ ਤੇ ਭੀਖੀ ਦਾ ਇਕ ਹੋਰ ਮੁੰਡਾ ਗੁਰਚਰਨ ਚਾਹਲ ... ਅਸੀਂ ਤਿੰਨੇ ਇਕ ਕਮਰੇ 'ਚ ਰਹਿੰਦੇ ਹੁੰਦੇ ... ਮੈਂ ਝੂਠੀ ਮੂਠੀ ਗੱਲ ਬਣਾ ਕੇ ਉਨ੍ਹਾਂ ਨੂੰ ਦੱਸਦਾ ਰਹਿੰਦਾ ਬਈ ਮੇਰਾ ਉਹਦੇ ਨਾਲ ਪੂਰਾ ਇਸ਼ਕ ਐ ... ਉਹ ਕਿਹਾ ਕਰਨ ਐਵੇਂ ਮਾਰਦੈਂ .... ਇਕ ਦਿਨ ਅੱਧੀ ਰਾਤ ਨੂੰ ਮੈਂ ਕਿਹਾ ... ਮੈਨੂੰ ਤਾਂ ਉਹ ਯਾਦ ਆਉਂਦੀ ਐ, ਮੈਂ ਤਾਂ ਮਿਲਣ ਜਾਊਂ ... ਹੁਣੇ ਜਾਊਂ ... ਹਾਕਮ ਦਸਵੀਂ ਤਕ ਬਾਹਲਾ ਆਦਰਸ਼ਵਾਦੀ ਜਿਹਾ ਸੀ, ਕਹਿਣ ਲੱਗਾ, ਆਪਾਂ ਪੜ੍ਹਨੈ ਆਪਣੇ ਇਮਤਿਹਾਨ ਆ ਗੇ .... ਉਹ ਜਿੰਨਾ ਕਹੇ ਮੇਰੇ 'ਚ ਵਿਰੋਧ ਪੈਦਾ ਹੋਵੇ ... ਮੈਂ ਤਾਂ ਜ਼ਰੂਰ ਜਾਊਂ .... ਪਿੰਡ ਜਾਊਂ ... ਉਹ ਹਾਰ ਕੇ ਮੈਨੂੰ ਕੁੱਟਣ ਲੱਗਗੇ.... ਮੈਂ ਕਹਾਂ ਮੈਨੂੰ ਤਾਂ ਉਹ ਨੇ ਟੈਮ ਦਿਤਾ ਹੋਇਐ, ਮੈਂ ਤਾਂ ਜਾਊਂ ... ਨਾ ਕੋਈ ਟੈਮ ਦਿਤਾ ਵਿਆ, ਨਾ ਕੋਈ ਗੱਲ ਨਾ ਕੋਈ ਬਾਤ .... ਅਖੀਰ ਉਹ ਕੁੱਟ ਕੁੱਟ ਕੇ ਹਾਰਗੇ, ਕਹਿੰਦੇ ਜਾ ਬਈ ... ਮੈਂ ਰਾਤ ਨੂੰ ਅੱਧੀ ਰਾਤ ਸਾਈਕਲ ਲਿਆ, ਤੁਰ ਤਾਂ ਪਿਆ ... ਫੇਰ ਸੋਚਾਂ ਬਈ ਰਾਹ 'ਚ ਜੇ ਡਾਕੂ ਮਿਲ ਪੇ, ਕੋਈ ਜੰਗਲੀ ਜਾਨਵਰ ਮਿਲ ਪਿਆ ਫੇਰ ... ਡਰ ਬੀ ਲੱਗੇ ... ਮੈਂ ਪਿੰਡ ਆ ਗਿਆ, ਪਿੰਡ ਆ ਕੇ ਸਰਦਾਰਾਂ ਦੇ ਘਰ ਮੂਹਰੇ ਖੜ੍ਹ ਕੇ ਉਥੋਂ ਮੁੜ ਕੇ ਰਾਤੋ ਰਾਤ ਵਾਪਸ ਪਹੁੰਚ ਗਿਆ ... ਮੈਂ ਤਾਂ ਉਹ ਦਾ ਏਨਾ ਸ਼ੈਦਾਈ ਸੀ ਕਿ ਕਮਰੇ 'ਚ ਲਿਖ ਕੇ ਲਾਇਆ ਹੋਇਆ ਸੀ, 'ਦਰਸ਼ਨ ਦੇਖ ਜੀਵਾਂ ਦਰਸ਼ਨ ਤੇਰਾ' ....ਏਸੇ ਤਰ੍ਹਾਂ ਪਟਿਆਲੇ ਦੇ ਇਕ ਗਿਆਨੀ ਕਾਲਜ 'ਚ ਇਕ ਕੁੜੀ ਹੁੰਦੀ ਸੀ ਪ੍ਰਿਤਪਾਲ, ਉਹ ਕੁੜੀ ਝਿਉਰਾਂ ਦੀ ਸੀ ਰੰਗ ਵੀ ਕਾਲਾ ਸੀ ... ਉਦੋਂ ਸਾਡੇ 'ਤੇ ਗੁਰਬਖਸ਼ ਸਿੰਘ ਦਾ ਬੜਾ ਪ੍ਰਭਾਵ ਹੁੰਦਾ ... ।



ਔਲਖ ਤੇ ਉਸ ਦੀ ਕਲਾਕਾਰ ਪਤਨੀ ਮਨਜੀਤ ਔਲਖ ।

? ਹਮੇਸ਼ਾ ਗੁਰਬਖਸ਼ ਸਿੰਘੀ ਰਿਸ਼ਤੇ ਹੀ ਰਹੇ ਜਾਂ ...?

— ਏਸ ਰੂਪ 'ਚ ਹਮੇਸ਼ਾ ਗੁਰਬਖਸ਼ ਸਿੰਘ ਹੀ ਛਾਇਆ ਰਿਹਾ ।

? ਅੱਛਾ, ਇਹ ਦੱਸੋ ਤੁਹਾਡਾ ਵਿਆਹ ਕਦੋਂ ਹੋਇਆ ?

— ਵਿਆਹ ਮੇਰਾ ਖਨੀ 66 'ਚ ਖਨੀ 67 'ਚ ਹੋਇਆ ਸੀ .....

? ਇਹ ਅਰੇਂਜਡ ਮੈਰਿਜ ਸੀ ?

— ਹਾਂ, ਅਰਜੇਂਡ ਸੀ । ਸਾਡੇ ਪਿੰਡ ਦੇ ਕਿਸੇ ਬੰਦੇ ਨੇ ਰਿਸ਼ਤਾ ਕਰਾਇਆ ਸੀ ... ਘਰਦਿਆਂ ਨੇ ਮੈਨੂੰ ਚਿੱਠੀ ਲਿਖੀ ਕਿ ਤੈਨੂੰ ਵੇਖਣ ਵਾਲੇ ਆਏ ਐ, ਜਦੋਂ ਗੱਲ ਚੱਲੀ ਮੈਂ ਐਮ. ਏ. 'ਚ ਪੜ੍ਹਦਾ ਸੀ .... ਮੈਂ ਘਰਦਿਆਂ ਨੂੰ ਚਿੱਠੀ ਲਿਖੀ ... ਇਹ ਗੱਲ ਮੇਰੇ ਸਹੁਰੇ ਨੂੰ ਬੜੀ ਪਸੰਦ ਆਈ, ਉਹ ਪੁਲੀਸ 'ਚ ਹੌਲਦਾਰ ਸੀ ਪਤਾ ਨਹੀਂ ਪੁਲੀਸ ਆਲੇ ਨੂੰ ਇਹ ਗੱਲ ਕਿਵੇਂ ਚੰਗੀ ਲੱਗੀ ... ਮੈਂ ਕਿਹਾ ਕਿ ਮੈਨੂੰ ਦਿਖਾਉਣ ਤੋਂ ਪਹਿਲਾਂ ਆਪਣਾ ਜਿਹੜਾ ਘਰ ਢਹਿਆ ਹੋਇਐ ਪਰਲੇ ਪਾਸੇ ਆਲਾ ਉਹ

ਬਾਕੀ ਪੰਨਾ 22 ਉਤੇ

ਦਿਖਾ ਦਿਓ, ਕੰਧਾਂ ਢਹੀਐਂ ਉਹ ਦਿਖਾ ਦਿਓ, ਜ਼ਮੀਨ ਜਿਹੜੀ ਗਹਿਣੇ ਰੱਖੀ ਹੋਈ ਐ ਉਹ ਦਿਖਾ ਦਿਓ ... ਮੇਰਾ ਸਹੁਰਾ ਭਾਵੁਕ ਕਿਸਮ ਦਾ ਬੰਦਾ ਸੀ। ਉਹ ਨੂੰ ਮਿਲਣ ਦਾ ਮੌਕਾ ਮੈਨੂੰ ਬਹੁਤ ਘੱਟ ਮਿਲਿਆ ... ਮੇਰੇ ਵਿਆਹ ਤੋਂ ਪਹਿਲਾਂ ਉਹ ਦਾ ਦਿਹਾਂਤ ਹੋ ਗਿਆ ਸੀ ... ਉਹ ਕਹਿੰਦਾ ਰਿਸ਼ਤਾ ਮੈਂ ਏਸੇ ਬੰਦੇ ਨੂੰ ਕਰਨੈਂ ਪਰ ਜੇ ਸਰਵਿਸ 'ਚ ਹੋਵੇ ..... ਜਿਵੇਂ ਧੀਆਂ ਵਾਲਿਆਂ ਨੂੰ ਹੁੰਦੈ ... ਬਾਈਚਾਨਸ ਇਹ ਹੋਇਆ ਬਈ ਕਿਸੇ ਕਾਰਨ ਮੈਨੂੰ ਨਹਿਰੂ ਮੈਮੋਰੀਅਲ ਕਾਲਜ 'ਚ ਨੌਕਰੀ ਮਿਲ ਗੀ .... ਮੈਂ ਸੋਚਿਆ ਸੀ ਪੰਜਾਬੀ ਐਮ. ਏ. ਦਾ ਤਾਂ ਕੋਈ ਮੁੱਲ ਨੀਂ ਪੈਂਦਾ ਮੈਂ ਅੰਗਰੇਜ਼ੀ ਐਮ. ਏ. ਜਾਇਨ ਈ ਕੀਤੀ ਸੀ ਕਿ ਨੌਕਰੀ ਮਿਲ ਗੀ ... ।

? ਤੁਹਾਡੀ ਪਤਨੀ ਮਨਜੀਤ ਔਲਖ ਪੰਜਾਬੀ ਰੰਗਮੰਚ ਦੀ ਚਰਚਿਤ ਅਦਾਕਾਰਾ ਹੈ। ਇਹ ਰੁਚੀ ਉਨ੍ਹਾਂ 'ਚ ਪਹਿਲਾਂ ਹੀ ਸੀ ਜਾਂ ...?

— ਜਦੋਂ ਮੈਨੂੰ ਨਾਟਕ ਦੀ ਮਾੜੀ ਮੋਟੀ ਜਾਚ ਆਈ ਤਾਂ ਮੈਂ ਦੇਖਿਆ ਕਿ ਮਨਜੀਤ 'ਚ ਅਦਾਕਾਰੀ ਦੀਆਂ ਖੂਬੀਆਂ ਹਨ .... ਦੂਜੇ, ਆਰੰਭ ਵਿਚ ਮੇਰਾ ਕੰਮ ਕਾਲਜ ਪੱਧਰ ਦਾ ਹੀ ਸੀ ਫੇਰ ਮੈਂ ਸੋਚਿਆ ਗਾਹਾਂ ਚਲੀਏ ... ਭਾਸ਼ਾ ਵਿਭਾਗ ਦਾ ਮੁਕਾਬਲਾ ਸੀ ਮੈਂ ਪ੍ਰਾਈਵੇਟ ਐਂਟਰੀ ਭਰ ਦਿੱਤੀ ... ਕਾਲਜ ਦੇ ਨਾਂ 'ਤੇ ਮਾਪੇ ਆਵਦੀਆਂ ਕੁੜੀਆਂ ਨੂੰ ਡਰਾਮਾ ਕਰਨ ਦੇ ਦਿੰਦੇ ਸਨ, ਬਾਹਰ ਨਹੀਂ, ਇਕ ਵੇਰ ਕੁਝ ਕੁੜੀਆਂ ਮੌਕੇ 'ਤੇ ਆਈਆਂ ਨਾ .... ਫੇਰ ਮਨਜੀਤ ਤੇ ਮੇਰੀਆਂ ਧੀਆਂ ਇਸ ਵਿਚ ਹਿੱਸਾ ਲੈਣ ਲੱਗੀਆਂ .... ।

? ਇੰਨੀਂ ਦਿਨੀਂ ਮਨਜੀਤ ਔਲਖ ਨੇ ਪੰਜਾਬੀ ਫਿਲਮ 'ਪਟੋਲਾ' ਵਿਚ ਕਾਫੀ ਵੱਡਾ ਰੋਲ ਕੀਤੈ। ਤੁਸੀਂ ਕਿਵੇਂ ਸੋਚਦੇ ਹੋ ਕਿ ਤੁਹਾਨੂੰ ਇਹ ਇਕ ਕਦਮ ਅੱਗੇ ਜਾਪਦਾ ਹੈ ?

— ਫਿਲਮ ਦੀ ਏਡੀ ਗੱਲ ਨਹੀਂ ... ਫਿਲਮ ਸਾਲਾ ਬਿਜ਼ਨਸ ਤਾਂ ਹੈ ਨੀਂ ... ਸਾਡਾ ਤਾਂ ਥੀਏਟਰ ਈ ਸਭ ਕੁਝ ਐ .... ਇਹ ਤਾਂ ਐਵੇਂ ਐਕਸਪੀਰੀਐਂਸ ਦੇ ਤੌਰ 'ਤੇ ..... ਜਦੋਂ ਇਹ ਦੇ ਨਾਲ ਗੱਲ ਕੀਤੀ ਕਿ ਤੈਨੂੰ ਕਿਵੇਂ ਲਗਦੈ, ਤੇਰਾ ਜੀਆ ਕਰਦੈ ? .... ਇਹ ਕਹਿੰਦੀ ਬਈ ਕੰਮ ਤਾਂ ਆਪਣਾ ਥੀਏਟਰ ਈ ਐ ... ਦੂਜੇ, ਮੇਰੇ ਦਿਮਾਗ 'ਚ ਆਇਆ ਬਈ ਜਗਜੀਤ (ਫਿਲਮ ਡਾਇਰੈਕਟਰ) ਨੇ ਕਿਹੈ ਕਿ 'ਬਗਾਨੇ ਬੋਹੜ ਦੀ ਛਾਂ' ਫਿਲਮ ਬਣਾਵਾਂਗੇ ... ਫਰਜ਼ ਕਰੋ ਇਸ ਫਿਲਮ 'ਚ ਮਨਜੀਤ ਨੂੰ ਰੋਲ ਮਿਲਦੈ ਤਾਂ ਉਸ ਨੂੰ ਫਿਲਮ ਤਕਨੀਕ ਦਾ ਤਜਰਬਾ ਹੋ ਜਾਵੇਗਾ ਮੈਨੂੰ ਵੀ ... ।

? ਜਗਜੀਤ ਨਾਲ ਕਿਵੇਂ ਵਾਹ ਪੈ ਗਿਆ ?

— ਪਹਿਲਾਂ ਚਿੱਠੀ ਪੱਤਰ ਰਾਹੀਂ ... ਫਿਲਮਾਂ ਫੁਲਮਾਂ ਮੈਂ ਬਹੁਤ ਘੱਟ ਦੇਖਦਾਂ ... ਪੰਜਾਬੀ ਫਿਲਮ ਤਾਂ ਜਵਾਂ ਈ ਨੀ ਦੇਖਦਾ ... ਜਗਜੀਤ ਬਾਰੇ ਮੈਨੂੰ ਐਂ ਵੀ ਨੀਂ ਸੀ ਪਤਾ ਬਈ ਇਹ ਕਿਹੋ ਜਿਹਾ ਬੰਦੈ ... ਇਹ ਨੇ ਮੇਰੇ ਡਰਾਮੇ ਬੰਬਈ ਖੇਡੇ ... ਫੇਰ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਾਲਾਨਾ ਸਮਾਗਮ ਸੀ ਚੰਡੀਗੜ੍ਹ ਉਥੇ ਮਿਲਿਆ ... ਮੈਨੂੰ ਲੱਗਿਆ ਬਈ ਇਹ ਬੰਦਾ ਠੀਕ ਐ .... ਹੋਰ ਕਈ ਪਾਸਿਓਂ .... ਫਿਲਮਾਂ ਬਾਰੇ ਗੱਲਾਂ ਪੁੱਜੀਆਂ ਪਰ ਮੈਂ ਜੁੜਨਾ ਨਹੀਂ ਚਾਹਿਆ .... ਜਗਜੀਤ ਨੂੰ ਮਿਲ ਕੇ ਮੈਨੂੰ ਏਨੀ ਕੁ ਤਸੱਲੀ ਹੋਈ ਕਿ ਜੇ ਇਹ ਬੰਦਾ ਮੰਨ ਜਾਂਦੈ ਤਾਂ ਮੈਂ ਸਮਝਦੈਂ ਇਹਦੇ ਨਾਲ ਮਿਲਕੇ ਕੋਈ ਵਧੀਆ ਪੰਜਾਬੀ ਫਿਲਮ ਬਣਾਈ ਜਾ ਸਕਦੀ ਹੈ .... ਅਸੀਂ ਬਣਾਵਾਂਗੇ ਵੀ ... ।

? ਪੰਜਾਬੀ ਨਾਟਕ ਅਤੇ ਰੰਗ ਮੰਚ ਦੇ ਭਵਿਖ ਬਾਰੇ ਤੁਸੀਂ ਕੀ ਸੋਚਦੇ ਹੋ ?

— ਮੇਰੀ ਇਕ ਇੱਛਾ ਐ .... ਥੀਏਟਰ ਨੂੰ ਹਾਲੇ ਤੱਕ ਲੋਕ ਮਾਧਿਅਮ ਬਣਾ ਰਹੇ ਨੇ, ਫਿਲਮਾਂ 'ਚ ਜਾਣ ਦਾ ... ਹੁਣ ਪਿੰਡਾਂ 'ਚ ਥੀਏਟਰ ਕਰਨ ਦਾ ਮੌਕੈ ... ਸਾਨੂੰ ਕਰਨਾ ਚਾਹੀਦਾ ਐ .... ਸਾਧਨ ਸਾਨੂੰ ਮਿਲਦੇ ਐ ਨਹੀਂ ਮਿਲਦੇ, ਸਰਕਾਰ ਕੁਝ ਕਰਦੀ ਐ ਕਿ ਨਹੀਂ .... ਪੰਜਾਬ ਦੇ ਲੋਕ ਥੀਏਟਰ ਨੂੰ ਬਹੁਤ ਕਬੂਲ ਕਰਦੇ ਐ, ਜਿੰਨਾ ਵੀ ਤੁਸੀਂ ਇਸ ਨੂੰ ਆਰਟਿਸਟਿਕ ਢੰਗ ਨਾਲ ਪੇਸ਼ ਕਰੋ ... ਮੈਂ ਹਾਲਾਂ ਕਿ ਓਨੀ ਪੂਰੀ ਤਰ੍ਹਾਂ ਆਰਟਿਸਟਿਕ ਢੰਗ ਨਾਲ ਪੇਸ਼ ਨਹੀਂ ਕਰਦਾ, ਮੇਰੀਆਂ ਮਜ਼ਬੂਰੀਆਂ ਨੇ ... ।



ਅਜਮੇਰ ਸਿੰਘ ਔਲਖ, ਫਿਲਮ ਅਭਿਨੇਤਰੀ ਦਿਲਜੀਤ ਕੌਰ ਅਤੇ ਪੰਜਾਬੀ ਫਿਲਮ ਨਿਰਦੇਸ਼ਕ ਜਗਜੀਤ ਸਿੰਘ, ਔਲਖ ਦੇ ਨਾਟਕ 'ਇਕ ਰਮਾਇਣ ਹੋਰ' ਦੇ ਮੰਚਨ ਬਾਰੇ ਵਿਚਾਰ ਕਰਦੇ ਹੋਏ।

? ਆਰਟਿਸਟਿਕ ਢੰਗ ਦਾ ਕੀ ਮਤਲਬ ?

— ਆਰਟਿਸਟਿਕ ਢੰਗ ਦਾ ਮਤਲਬ ਐ ... ਮੇਰੇ ਕੋਲ ਲੋਕ ਆਉਂਦੇ ਐ, ਬਈ ਅਸੀਂ ਗੁਰਸ਼ਰਨ ਸਿੰਘ ਦੇ ਬਹੁਤ ਡਰਾਮੇ ਕਰਾ ਲੇ, ਤੁਸੀਂ ਕਰੋ ਉਥੇ ਜਾ ਕੇ। ਮੇਰੀ ਇੱਛਾ ਹੁੰਦੀ ਐ ਕਿ ਗੁਰਸ਼ਰਨ ਸਿੰਘ ਤੋਂ ਅੱਗੇ ਚੱਲ ਕੇ ਗੱਲ ਕੀਤੀ ਜਾਵੇ ... ਮੈਂ ਕਹਿਨਾ ਬਈ ਕੱਲ੍ਹ ਨੂੰ ਮੇਰੀ ਗੱਲ ਖੜ੍ਹਗੀ ਤਾਂ ਕੋਈ ਹੋਰ ਗਾਹਾਂ ਤੋਰੇ ... ਗੱਲ ਐਂ ਈ ਤੁਰੂ ... ਗੁਰਸ਼ਰਨ ਸਿੰਘ ਨੇ ਗੱਲ ਕੀਤੀ, ਬਹੁਤ ਵਧੀਆ ਕੀਤੀ ... ਉਹਦੀ ਬੜੀ ਦੇਣ ਐ .... ਉਹਦੀ ਬਹੁਤ ਤਕੜੀ ਕੰਟਰੀਬਿਊਸ਼ਨ ਐ .... ਹੁਣ ਜੇ ਕੋਈ ਆਵੇ .... ਕੋਈ ਬੰਦਾ ਪੰਜਾਬ 'ਚੋਂ ਕੇਵਲ ਤਿੰਨ ਕੁੜੀਆਂ ਲੈ ਕੇ ਪੰਜਾਬ 'ਚ ਥੀਏਟਰ ਕਰੇ, ਲਗਾਤਾਰ ਕਰੇ .... ਸਾਲ 10 ਜਾਂ 20 .... ਗੁਰਸ਼ਰਨ ਸਿੰਘ ਦੀਆਂ ਆਵਦੀਆਂ ਲਿਮੀਟੇਸ਼ਨਜ਼ ਨੇ ਮੇਰੀਆਂ ਆਵਦੀਆਂ .... ਮੇਰੀ ਵੱਡੀ ਕੁੜੀ ਜਾਂਦੀ ਐ ਥੀਏਟਰ ਕਰਨ, ਹੁਣ ਉਹ ਵਿਆਹੀ ਗਈ, ਮੈਂ ਉਹ ਨੂੰ ਹੁਣ ਓਸ ਤਰ੍ਹਾਂ ਨਹੀਂ ਲਿਜਾ ਸਕਦਾ ਜਿਵੇਂ ਆਵਦੀ ਧੀ ਦੇ ਤੌਰ 'ਤੇ ਲਿਜਾ ਸਕਦਾ ਸੀ ... ਪਿੰਡਾਂ 'ਚ ਥੀਏਟਰ ਪੁਚਾਉਣ ਲਈ ਹੁਣ ਫੁਲਲ ਫਲੇਜਡ ਕਲਾਕਾਰ ਚਾਹੀਦੇ ਹਨ ... ਜੀਹਦੇ 'ਚ ਮੁੰਡੇ ਹੋਣ, ਕੁੜੀਆਂ ਹੋਣ, ਆਰਟਿਸਟਿਕ ਥੀਏਟਰ ਹੋਵੇ ... ਪੰਜਾਬੀ ਥੀਏਟਰ ਦਾ ਭਵਿਖ ਬੜਾ ਰੌਸ਼ਨ ਐ .... ।

—ਗੁਰਮੀਤ ਸਿੰਘ

ਅਜਾਇਬ ਕਮਲ



ਉਸ ਤੇ ਰੰਗ ਬਰੰਗੇ ਪੰਛੀ ਬਹਿੰਦੇ ਨੇ,
ਸੁਣਿਆ ਹੈ ਇਸ ਘਰ ਵਿਚ ਸੁਪਨੇ ਰਹਿੰਦੇ ਨੇ।

ਦੁਨੀਆਂ ਦੇ ਵਿਚ ਸੱਚ ਦਾ ਪੱਲਾ ਫੜਦੇ ਜੋ,
ਓਹੀ ਤੱਤੀਆਂ ਤਵੀਆਂ ਉਤੇ ਬਹਿੰਦੇ ਨੇ।

ਜਿਉਂ ਕੋਈ ਚਾਹੇ ਇਹਨਾਂ ਨੂੰ ਪ੍ਰਯੋਗ ਲਵੇ,
ਦੇਖੋ ਅੱਖਰ ਕਿੰਨੀ ਹਿੰਸਾ ਸਹਿੰਦੇ ਨੇ।

ਭਾਵਾਂ ਦੀ ਵੀ ਅਪਣੀ ਭਾਸ਼ਾ ਹੁੰਦੀ ਹੈ,
ਆਪੋ ਵਿਚ ਇਹ ਗੱਲਾਂ ਕਰਦੇ ਰਹਿੰਦੇ ਨੇ।

ਪਥਰਾਂ ਨਾਲ ਬਥੇਰਾ ਮੱਥਾ ਮਾਰ ਲਿਆ,
ਨਾ ਇਹ ਕੋਈ ਗਲ ਸੁਣਦੇ, ਨਾ ਕਹਿੰਦੇ ਨੇ।

ਦੁਨੀਆਂ ਦੇ ਵਿਚ ਫਿਰ ਵੀ ਕਿੰਨਾ ਨੇਰ੍ਹਾ ਹੈ,
ਭਾਵੇਂ ਰੋਜ਼ ਹੀ ਸੂਰਜ ਚੜ੍ਹਦੇ ਲਹਿੰਦੇ ਨੇ।

ਪੰਜਾਬੀਅਤ

ਰਜਿੰਦਰ ਸਿੰਘ ਬੇਦੀ ਜਿਨ੍ਹਾਂ ਦਿਨਾਂ 'ਚ ਰੂਸ ਗਏ ਉਦੋਂ ਫੈਜ਼ ਵੀ ਉਥੇ ਗਿਆ ਹੋਇਆ ਸੀ। ਇਕ ਦਿਨ ਇਕ ਸੰਮੇਲਨ 'ਚ ਉਨ੍ਹਾਂ ਦੋਹਾਂ ਨੂੰ ਸੱਦਿਆ ਗਿਆ। ਰੂਸੀਆਂ ਨੇ, ਚਾਹੇ ਉਹ ਨੇਤਾ ਸਨ, ਜਾਂ ਲੇਖਕ ਬਹੁਤ ਲੰਬੇ ਭਾਸ਼ਨ ਦਿੱਤੇ। ਫੈਜ਼ ਦੇ ਚਿਹਰੇ ਤੋਂ ਉਕਤਾਹਟ ਨਜ਼ਰ ਆ ਰਹੀ ਸੀ, ਬੇਦੀ ਵੀ ਬੇਚੈਨ ਸੀ। ਜਦੋਂ ਆਖਰੀ ਭਾਸ਼ਨ ਹੋ ਰਿਹਾ ਸੀ ਉਹ ਵੀ ਏ ਲੰਮਾ ਸੀ ਕਿ ਮੁੱਕਣ ਵਿਚ ਹੀ ਨਹੀਂ ਸੀ ਆ ਰਿਹਾ। ਬੇਦੀ ਨੇ ਫੈਜ਼ ਦੀ ਉਕਤਾਹਟ ਮਹਿਸੂਸ ਕੀਤੀ ਤੇ ਫੈਜ਼ ਨੇ ਬੇਦੀ ਦੀ ਪਰ ਉਹ ਦੂਰ ਦੂਰ ਬੈਠੇ ਸਨ ਇਸ ਲਈ ਕੋਈ ਗੱਲ ਨਾ ਕਰ ਸਕੇ।

ਅਖੀਰ ਜਦੋਂ ਭਾਸ਼ਨ ਖਤਮ ਹੋਇਆ ਤੇ ਲੋਕ ਬਾਹਰ ਜਾਣ ਲੱਗੇ ਤਾਂ ਬੇਦੀ ਕਾਹਲੀ ਨਾਲ ਫੈਜ਼ ਕੋਲ ਆ ਗਏ। ਇਸ ਤੋਂ ਪਹਿਲਾਂ ਕਿ ਉਹ ਉਸ ਦਾ ਹਾਲ ਚਾਲ ਪੁਛਦੇ ਫੈਜ਼ ਨੇ ਛੱਤ ਵੱਲ ਮੂੰਹ ਕਰਦਿਆਂ ਇਕ ਉਚੀ ਅਵਾਜ਼ 'ਚ ਠੇਠ ਪੰਜਾਬੀ 'ਚ ਇਕ ਗਾਲ੍ਹ ਕੱਢੀ ਉਸ ਤੋਂ ਇਕ ਛਿਣ ਬਾਅਦ ਬੇਦੀ ਨੇ ਵੇਖਿਆ ਫੈਜ਼ ਦੇ ਚਿਹਰੇ ਤੋਂ ਬੇਚੈਨੀ ਤੇ ਉਕਤਾਹਟ ਗਾਇਬ ਹੋ ਗਈ ਸੀ। - [illegible]



ਹੇ ਬਾਬਾ ਨਾਨਕ

ਰਣਜੀਤ ਮਾਧੋਪੁਰੀ

ਬਾਬਾ ਨਾਨਕ —
ਤੇਰੇ ਅੱਜ ਗੁਰਪੁਰਬ 'ਤੇ
ਕਈ ਮੂੰਹਾਂ 'ਚੋਂ ਤੇਰੇ ਨਾਂ ਦੇ ਫੁੱਲ ਕਿਰਨੇ ਨੇ
ਤੇ ਸੁੱਚੀ ਮਹਿਕ ਹੈ ਜੂਠੀ ਹੋਣੀ।
ਝੂਠਿਆਂ ਵਿਚ ਹੋਣੀਆਂ ਨੇ ਤੇਰੇ ਸੱਚ ਦੀਆਂ ਗੱਲਾਂ
ਇਂਜ ਸੱਚ ਦੀ ਬੜੀ ਬੇਅਦਬੀ ਹੋਣੀ।
ਕਦੇ ਕਦਾਈਂ ਵਰ੍ਹੇ-ਛਿਮਾਹੀਂ
ਬੁੱਧੀਜੀਵੀ ਸੁੱਤ-ਵਿਗੁੱਤੇ,
ਤੇਰੇ ਜਨਮ ਦਿਹਾੜੇ ਉਤੇ
ਜਦ ਵੀ ਤੇਰਾ ਨਾਂ ਲੈਂਦੇ ਨੇ,
ਤੇਰੀ ਬਾਣੀ 'ਤੇ 'ਗੋਸ਼ਟਿ' ਕਰਦੇ
ਖੁਦ ਨਾਨਕ ਬਣ ਬਹਿੰਦੇ ਨੇ।
ਤੇ ਫਿਰ ਕਹਿੰਦੇ ਨੇ —
ਚੱਕ ਦਿਓ ਫੱਟੇ ਲਾ ਦਿਓ ਅੱਗਾਂ।
ਸਿਰ ਫਿਰਿਆਂ ਦੀਆਂ ਲਾਹ ਲਓ ਪੱਗਾਂ।

ਬਾਬਾ ਨਾਨਕ —
ਮਲਿਕ ਭਾਗੋ ਤੇ ਬਾਬਰ ਅੱਜ ਕੱਲ੍ਹ
ਚਿੱਟਾ ਬਾਣਾ ਪਹਿਨ ਪਚਰ ਕੇ
ਤੇਰੇ ਨਾਮ ਦਾ ਪਾਣੀ ਭਰਦੇ
ਕੁੜ ਕੁੜ ਕਰਦੇ, ਬੁੜ ਬੁੜ ਕਰਦੇ
ਨੋਟਾਂ ਪਿਛੇ, ਵੋਟਾਂ ਪਿਛੇ
ਪੈਰਾਂ ਉਤੇ ਪੱਗਾਂ ਧਰਦੇ
ਉਹ ਹੁਣ ਤੈਥੋਂ ਕਦ ਡਰਦੇ ਨੇ
ਆਪੂੰ ਟੋਇਆਂ ਵਿਚ ਬਹਿਕੇ,
ਉਚਾ ਤੇਰਾ ਨਾਂ ਕਰਦੇ ਨੇ
ਤੇਰੇ ਵਾਂਗੂੰ ਕਿਸੇ ਨੇ ਬਾਬਾ —
ਬਾਲਾ ਤੇ ਮਰਦਾਨਾ ਅੱਜ ਕੱਲ੍ਹ
ਯਾਰ ਬਣਾ ਕੇ ਕੀ ਕਰਨਾ ਹੈ ?
ਪੈਰ ਪੈਰ 'ਤੇ ਗਰਜ਼ਾਂ ਖੜ੍ਹੀਆਂ
ਸ਼ਾਨ ਸ਼ੌਕਤ ਦੀਆਂ ਮਰਜ਼ਾਂ ਖੜ੍ਹੀਆਂ
ਭਵਨਾਂ ਵਾਲਿਆਂ ਸੰਗ ਯਾਰੀ ਲਾ ਕੇ
ਸਭ ਨੇ ਆਪਣਾ ਢਿੱਡ ਭਰਨਾ ਹੈ
ਲੋਕ ਦਰਦ ਦੀਆਂ ਗੱਲਾਂ ਕਰਕੇ
ਕਿਸ ਭੜੂਏ ਨੇ ਭੁੱਖਿਆਂ ਮਰਨਾ ਹੈ ?

ਅੱਜ ਕੱਲ੍ਹ ਤੇਰੇ 'ਧਰਮੀ ਬੰਦੇ'
ਧਰਮ ਕਰਮ ਦੀ ਓਟੇ ਬਹਿ ਕੇ
ਗੈਰ ਕਾਨੂੰਨੀ ਕੋਟੇ ਲੈ ਕੇ
ਤੇਰੇ ਨਾਂ 'ਤੇ ਵੱਡੇ ਵੱਡੇ ਹੱਟ ਚਲਾਉਂਦੇ ਨੇ
ਤੇ ਖਬਰੇ ਤੇਰੀ ਰਿਸ਼ਵਤ ਖਾਤਰ
ਬਣਦਾ ਸਰਦਾ ਗੋਲਕ ਪਾਉਂਦੇ ਨੇ।
ਆਪੂੰ ਵੱਡਿਆਂ ਬਣਨ ਦੀ ਖਾਤਰ
ਤੈਨੂੰ ਵਡਿਆਉਂਦੇ ਨੇ।

ਬਾਬਾ ਨਾਨਕ —
ਤੇਰੇ ਇਕ ਓਂਕਾਰ ਦਾ
ਰਸਤਾ ਹੋ ਗਿਆ ਸਸਤਾ
ਬੰਦੇ ਤੇਰੇ,
ਲਾਈ ਫਿਰਦੇ ਥਾਂ ਥਾਂ ਗੁਰੂਧਾਮ ਤੇ ਡੇਰੇ
ਅਗਮ-ਅਗੋਚਰ ਤੇਰੀ ਬਾਣੀ
ਅੱਜ ਕੱਲ੍ਹ ਬਣ ਗਈ ਉਲਝੀ ਤਾਣੀ
ਜੋ ਵੀ ਇਸ ਦੇ ਤੰਦ ਸੁਲਝਾਵੇ
ਤੇਰੇ 'ਨਾਮ' ਦੇ ਪਰਦੇ ਹੇਠਾਂ ਗੁਰੂ ਕਹਾਵੇ
ਇੰਜ ਬੰਦਾ, ਤੇਰੇ ਬੰਦਿਆਂ ਵਿਚ
ਵੰਡੀਆਂ ਪਾਵੇ, ਵਿੱਥਾਂ ਪਾਵੇ
ਭਾਈਆਂ ਦੇ ਸੰਗ ਭਾਈ ਲੜਾਵੇ।

ਬਾਬਾ ਨਾਨਕ —
ਅੱਜ ਕੱਲ੍ਹ ਜੇ ਤੂੰ ਨਨਕਾਣਾ ਜਾਣਾ ਹੋਵੇ
ਤਾਂ ਪਾਸਪੋਰਟ ਤੇ ਫੋਟੋ ਲਾ ਕੇ
ਨੋਟ ਕਿਸੇ ਦੀ ਜ਼ੇਬ 'ਚ ਪਾ ਕੇ
ਤੈਨੂੰ ਹੱਦ ਪਾਰ ਕਰਨ ਲਈ,
ਸਰਕਾਰੇ ਤੇ ਦਰਬਾਰੇ
ਸੌ ਸੌ ਚੱਕਰ ਲਾਉਣਾ ਪੈਣਾ।
ਫਿਰ ਵੀ ਹੱਦਾਂ ਉਤਲੇ ਰਾਖੇ
ਤੈਨੂੰ ਕੋਈ ਜਸੂਸ ਸਮਝ ਕੇ
ਤੇਰੇ ਪਿੱਛੇ ਪੈ ਜਾਵਣਗੇ
ਤੈਨੂੰ ਧਮਕਾਵਣਗੇ
ਤੇ ਫਿਰ ਆਖਣਗੇ —
ਇਹ ਤਾਂ ਹੈ ਕੋਈ ਅਤਿਵਾਦੀ
ਜਾਂ ਫਿਰ ਹੈ ਸਰਕਾਰੀ ਬੰਦਾ
ਇਹਤਾਂ ਲਗਦੈ ਗੋਰਖ ਧੰਦਾ
ਇਹਨੂੰ ਫੜ ਕੇ ਅੰਦਰ ਤਾੜੋ
ਦੁਸ਼ਮਣ ਦੇਸ਼ ਦੇ ਭੇਤ ਜਾਣ ਲਓ
ਨਹੀਂ ਦਸਦਾ ਤਾਂ ਗੋਲੀ ਮਾਰੋ।

ਸੋ ਪਿਆਰੇ ਨਾਨਕ —
ਤੇਰੀ ਇਸ ਜਨਮ ਭੋਇੰ 'ਤੇ ਅੱਜ ਕੱਲ੍ਹ
ਜ਼ੁਲਮ-ਪਾਪ ਦਾ ਮੀਂਹ ਵਰ੍ਹਦਾ ਹੈ
ਤੇਰੇ ਸਤਿਨਾਮ ਦੀ ਨਹੀਂ ਵੁਕਤ ਕੋਈ
ਬੰਦਾ ਬੰਦਿਆਂ ਕੋਲੋਂ ਡਰਦਾ ਹੈ।

ਅਤਿਵਾਦੀ ਆਜ਼ਾਦੀ ਵੱਲ ਨਹੀਂ ਗ਼ੁਲਾਮੀ ਦੀਆਂ ਜ਼ੰਜੀਰਾਂ ਵੱਲ ਵੱਧ ਰਹੇ ਹਨ


—ਦਰਸ਼ਨ ਸਿੰਘ ਕੈਨੇਡੀਅਨ—

ਪਾਕਿਸਤਾਨ ਦੀ ਹੀ ਤਰ੍ਹਾਂ ਖਾਲਿਸਤਾਨ ਦਾ ਸੰਕਲਪ ਵੀ ਅੰਗਰੇਜ਼ ਸਾਮਰਾਜ ਦੀ "ਪਾੜੋ ਤੇ ਰਾਜ ਕਰੋ" ਦੀ ਨੀਤੀ ਦੀ ਹੀ ਉਪਜ ਹੈ। ਆਜ਼ਾਦੀ ਤੋਂ ਇਕਦਮ ਪਹਿਲਾਂ ਤੇ ਬਾਅਦ ਦੇ ਸਾਲਾਂ ਵਿਚ ਖਾਲਿਸਤਾਨ ਵਰਗੇ ਪਾੜੂ ਤੇ ਵੱਖਵਾਦੀ ਸੰਕਲਪ ਨੂੰ ਸਿੱਖ ਜਨ ਸਮੂਹਾਂ ਵਿਚੋਂ ਵੀ ਉਕਾ ਹੀ ਕੋਈ ਹੁੰਗਾਰਾ ਨਹੀਂ ਸੀ ਮਿਲਦਾ ਕਿਉਂਕਿ ਦੇਸ਼ ਲੋਕੀਂ ਵੰਡ ਦੀ ਅਪਾਰ ਤਬਾਹੀ ਦੇ ਭਿਆਨਕ ਅਨੁਭਵ ਵਿਚੋਂ ਲੰਘ ਚੁਕੇ ਸਨ ਤੇ ਸਿੱਖ ਜਨਤਾ ਦੇ ਵੱਡੇ ਹਿਸੇ ਦੇਸ਼ ਦੀ ਮੁਖ ਕੌਮੀ ਜਮਹੂਰੀ ਧਾਰਾ ਨਾਲ ਜੁੜੇ ਹੋਏ ਸਨ। ਇਸ ਲਈ ਸਿੱਖ ਫਿਰਕੂ ਆਗੂ ਵੀ ਸਿੱਖ ਰਾਜ ਦੀ ਗੱਲ ਕਰਨ ਤੋਂ ਸੰਕੋਚ ਕਰਦੇ ਸਨ। ਜਦੋਂ ਛੇਵੇਂ ਦਹਾਕੇ ਦੇ ਅੰਤਲੇ ਸਾਲਾਂ ਵਿਚ ਜਗਜੀਤ ਸਿੰਘ ਚੌਹਾਨ ਵਰਗੇ ਪਾਖੰਡੀ ਰਾਜਸੀ ਆਗੂ ਨੇ ਖਾਲਿਸਤਾਨ ਦਾ ਸ਼ੋਸ਼ਾ ਛੱਡਿਆ ਤਾਂ ਬਹੁਤੇ ਲੋਕੀਂ ਇਸ ਨੂੰ ਇਕ ਮਖੌਲ ਤਸੱਵਰ ਕਰਦੇ।1972 ਵਿਚ ਆਨੰਦਪੁਰ ਸਾਹਿਬ ਦੇ ਮਤੇ ਰਾਹੀਂ ਅਕਾਲੀ ਆਗੂਆਂ ਨੇ ਸਿੱਖਾਂ ਦੇ ਬੋਲ ਬਾਲੇ ਵਾਲੇ ਪੰਜਾਬ ਦੀ ਮੰਗ ਕਰਕੇ ਨਿਰੋਲ ਸਿਖ ਰਾਜ ਦੇ ਬੀਜ ਬੀਜੇ ਦੂਜੇ ਪਾਸੇ ਹਾਕਮ ਕਾਂਗਰਸ ਪਾਰਟੀ ਦੇ ਕੁਝ ਬੇਅਸੂਲੇ ਤੇ ਕੁਰਸੀ ਦੇ ਭੁੱਖੇ ਆਗੂਆਂ ਨੇ ਅਕਾਲੀ ਦਲ ਨੂੰ ਪਰੇਸ਼ਾਨ ਤੇ ਕਮਜ਼ੋਰ ਕਰਨ ਲਈ ਮੁੱਠੀ ਭਰ ਖਾਲਿਸਤਾਨੀਆਂ ਦੀ ਪਿਠ ਠੋਕਣੀ ਤੇ ਸਰਪ੍ਰਸਤੀ ਅਰੰਭ ਦਿਤੀ। 1981 ਵਿਚ ਅਕਾਲੀ ਆਗੂਆਂ ਨੇ ਅਮਰੀਕਨ ਸਿਖ ਗੰਗਾ ਸਿੰਘ ਢਿੱਲੋਂ ਤੋਂ ਪ੍ਰੇਰਨਾ ਲੈ ਕੇ "ਸਿੱਖ ਇਕ ਵੱਖਰੀ ਕੌਮ" "ਸਿੱਖਾਂ ਨਾਲ ਵਿਤਕਰੇ" ਦਾ ਰਾਗ ਅਲਾਪ ਕੇ ਖਾਲਿਸਤਾਨ ਲਈ ਸਿਧਾਂਤਕ ਬੁਨਿਆਦ ਪ੍ਰਦਾਨ ਕੀਤੀ ਤੇ ਪਿਛੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਸਿਧੇ ਢੰਗ ਨਾਲ ਖਾਲਿਸਤਾਨ ਦੀ ਮੰਗ ਪ੍ਰਚਾਰਨੀ ਸ਼ੁਰੂ ਕੀਤੀ। 1986 ਦੇ ਅਪਰੈਲ ਮਹੀਨੇ ਦਮਦਮੀ ਟਕਸਾਲ ਤੇ ਸਰਬ ਹਿੰਦ ਸਿਖ ਵਿਦਿਆਰਥੀ ਫੈਡਰੇਸ਼ਨ ਦੀ ਪੰਥਕ ਦੀ ਸਥਾਪਨਾ ਦਾ ਐਲਾਨ ਕਰਕੇ ਵਿਦੇਸ਼ਾਂ ਤੋਂ ਇਸ ਨੂੰ ਮਾਨਤਾ ਪ੍ਰਦਾਨ ਕਰਨ ਦੀ ਮੰਗ ਕੀਤੀ ਅਤੇ ਅੱਜ ਖਾਲਿਸਤਾਨੀ ਅਤਿਵਾਦੀ ਭਾਰਤ ਵਿਰੁੱਧ ਇਕ ਹਥਿਆਰਬੰਦ ਲੜਾਈ ਲੜ ਰਹੇ ਹਨ ਜੋ ਸਾਡੇ ਸਮੂਹ ਦੇਸ਼ ਵਾਸੀਆਂ ਲਈ ਜੀਣ-ਮਰਨ ਦਾ ਇਕ ਪ੍ਰਸ਼ਨ ਬਣ ਚੁਕਿਆ ਹੈ।

ਸਾਮਰਾਜੀ ਸੰਕਲਪ

ਇਸ ਪਿਛੋਕੜ ਵਿਚ ਅੱਜ ਤੋਂ ਚੰਦ ਸਾਲ ਪਹਿਲੇ ਆਮ ਲੋਕੀਂ ਦੋਨੋਂ ਹਿੰਦੂ ਤੇ ਸਿਖ ਖਾਲਿਸਤਾਨੀ ਸੰਕਲਪ ਦਾ ਮਖੌਲ ਉਡਾਉਂਦੇ ਸਨ। ਅਜ ਅਕਾਲੀ ਫਿਰਕੂ ਰਾਜਸੀ ਪਹੁੰਚ,ਹਿੰਦੂ ਫਿਰਕੂ ਲੀਡਰਾਂ ਦੀ ਤੰਗ ਨਜ਼ਰੀ ਤੇ ਕਾਂਗਰਸ ਪਾਰਟੀ ਦੀ ਮੌਕਾਪ੍ਰਸਤ ਨੀਤੀ ਕਾਰਨ ਕਾਫੀ ਲੋਕਾਂ ਦੀ ਇਹ ਧਾਰਨਾ ਬਣ ਚੁਕੀ ਹੈ ਕਿ ਖਾਲਿਸਤਾਨ ਦੀ ਸਥਾਪਨਾ ਅਟੱਲ ਹੈ,ਦਲੀਲ ਕੁਝ ਇਸ ਤਰ੍ਹਾਂ ਚਲਦੀ ਹੈ ਜਿਸ ਚੀਜ਼ ਦਾ ਨਾਂ ਰਖ ਹੋ ਜਾਵੇ ਉਹ ਅਵੱਸ਼ ਹੀ ਬਣ ਕੇ ਰਹਿੰਦੀ ਹੈ। ਅਤੇ ਹੋਰ ਅੱਗੇ "ਦੇਖੋ ਜੀ ਪਹਿਲਾਂ ਆਖਦੇ ਸਨ ਪਾਕਿਸਤਾਨ ਕਦੇ ਨਹੀਂ ਬਣ ਸਕਦਾ ਉਹ ਬਣ ਗਿਆ। ਫੇਰ ਪਾਕਿਸਤਾਨੀ ਕਹਿੰਦੇ ਸਨ ਬੰਗਲਾ ਦੇਸ਼ ਕਦਾਚਿਤ ਨਹੀਂ ਬਨਣ ਦੇਵਾਂਗੇ, ਉਹ ਬਣ ਚੁਕਿਆ ਹੈ। ਫੇਰ ਸਾਡੇ ਕੁਝ ਸੂਰਮੇ ਆਗੂ ਆਖਦੇ ਸਨ ਕਿ ਪੰਜਾਬੀ ਸੂਬਾ ਉਨ੍ਹਾਂ ਦੀਆਂ ਲਾਸ਼ਾਂ ਉਤੇ ਬਣੇਗਾ। ਅਜ ਉਹ ਲਾਸ਼ਾਂ ਤਾਂ ਸਹੀ ਸਲਾਮਤ ਤੁਰੀਆਂ ਫਿਰਦੀਆਂ ਹਨ ਪਰ ਪੰਜਾਬੀ ਸੂਬਾ ਬਣਕੇ ਖਾਲਿਸਤਾਨ ਵੱਲ ਪੁਲਾਂਘਾਂ ਪੁਟ ਰਿਹਾ ਹੈ।"

ਜਨ ਸਾਧਾਰਣ ਦੀਆਂ ਉਪਰੋਕਤ ਧਾਰਨਾਵਾਂ ਨੂੰ ਖਾਲਿਸਤਾਨੀ ਅਤਿਵਾਦੀਆਂ ਹਥੋਂ ਹੋ ਰਹੇ ਨਿਰਦੋਸ਼ ਹਿੰਦੂ ਭਰਾਵਾਂ ਤੇ ਅਸਹਿਮਤ ਸਿਖਾਂ ਦੇ ਕਤਲਾਂ, ਸੈਂਕੜੇ ਹਿੰਦੂ ਪਰਿਵਾਰਾਂ ਦੇ ਸਰਹੱਦੀ ਇਲਾਕੇ ਵਿਚੋਂ ਉਜਾੜੇ, ਬਾਕੀ ਦੇਸ਼ ਅੰਦਰ ਸਿਖਾਂ ਨੂੰ ਹਿੰਦੂ ਫਿਰਕੂ ਸੰਗਠਨਾਂ ਵਲੋਂ ਦਿਤੀਆਂ ਜਾ ਰਹੀਆਂ ਧਮਕੀਆਂ ਤੇ ਬਹੁਤ ਹਾਲਤਾਂ ਵਿਚ ਪ੍ਰਸ਼ਾਸਨ ਦੀ ਬੇਬਸੀ ਕਾਰਣ, ਦਿਨੋਂ ਦਿਨ ਬੱਲ ਮਿਲ ਰਿਹਾ ਹੈ। ਇਸ ਵਰਤਾਰੇ ਦਾ ਪ੍ਰਭਾਵ ਇੰਨਾ ਪ੍ਰਬਲ ਹੁੰਦਾ ਜਾ ਰਿਹਾ ਹੈ ਕਿ ਚੰਡੀਗੜ੍ਹ ਵਿਚ ਇਕ ਪ੍ਰਭਾਵਸ਼ੀਲ ਧਰਮ ਨਿਰਪੱਖ ਸਿੱਖ ਬੁਧੀਮਾਨ ਨੇ ਮੈਨੂੰ ਖੁਦ ਕਿਹਾ, "ਹੁਣ ਖਾਲਿਸਤਾਨ ਤਾਂ ਬਣ ਜਾਣਾ ਹੈ, ਮੈਂ ਹਰਿਆਣੇ ਵਿਚੋਂ ਆਪਣੀ ਜ਼ਮੀਨ ਵੇਚ ਰਿਹਾ ਹਾਂ।" ਉਪਰੰਤ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਨੂੰ ਇਹ ਦੱਸਿਆ ਗਿਆ ਕਿ 'ਇਨਕਲਾਬੀ' ਖੱਬੀ ਪਾਰਟੀ ਦੇ ਪ੍ਰਸਿਧ ਆਗੂ ਦਾ ਵਿਚਾਰ ਹੈ ਕਿ ਅਤਿਵਾਦੀਆਂ ਵਿਰੁਧ ਸੰਘਰਸ਼ ਵਿਚ "ਇਨਕਲਾਬੀ



ਕਾਰਕੁਨ" ਸਰਵਾਉਣ ਦਾ ਕੀ ਲਾਭ ਹੈ ਜਦੋਂ ਕਿ ਖਾਲਿਸਤਾਨ ਤਾਂ ਬਣ ਵੀ ਜਾਣਾ ਹੈ — ਆਪਾਂ ਬਾਅਦ ਵਿਚ ਖਾਲਿਸਤਾਨ ਵਿਚ ਇਨਕਲਾਬ ਕਰ ਲਵਾਂਗੇ।"

ਉਪਰੋਕਤ ਸੰਦਰਭ ਵਿਚ ਇਹ ਗੰਭੀਰ ਪ੍ਰਸ਼ਨ ਉਠਦਾ ਹੈ ਕਿ ਕੀ ਅਜੋਕੇ ਭਾਰਤ ਤੇ ਸੰਸਾਰ ਵਿਚ ਖਾਲਿਸਤਾਨ ਦੀ ਸਥਾਪਨਾ ਸੰਭਵ ਹੈ ? ਕੀ ਇਹ ਧਾਰਨਾ ਯਥਾਰਥ ਤੇ ਆਧਾਰਤ ਹੈ ਜਾਂ ਘੋਰ ਰਾਜਸੀ ਅਗਿਆਨਤਾ ਤੋਂ ਉਪਜਦੀ ਹੈ ?

ਬਣ ਕੇ ਰਹੇਗਾ ਖਾਲਿਸਤਾਨ

ਇਤਿਹਾਸ ਸਾਖੀ ਹੈ ਕਿ ਕਿਸੇ ਵੀ ਦੇਸ਼ ਵਿਚੋਂ ਨਵੇਂ ਵੱਖਰੇ ਰਾਜ ਕੇਵਲ ਉਸ ਸਮੇਂ ਉਪਜਦੇ ਹਨ ਜਦੋਂ ਉਸ ਦੇਸ਼ ਦਾ ਰਾਜਸੀ ਢਾਂਚਾ ਢਹਿ ਢੇਰੀ ਹੋ ਜਾਵੇ। ਪਹਿਲੇ ਸੰਸਾਰ ਯੁੱਧ ਤੋਂ ਬਾਅਦ ਯੂਰਪ ਤੇ ਪੱਛਮੀ ਏਸ਼ੀਆ ਵਿਚ ਅਨੇਕ ਦੇਸ਼ ਫਿਨਲੈਂਡ, ਪੋਲੈਂਡ, ਚੈਕੋਸਲਵਾਕੀਆ, ਯੁਗੋਸਲਾਵੀਆ, ਸੀਰੀਆ, ਲੈਬਨਾਨ, ਈਰਾਕ, ਬਾਲਟਕ, ਦੇਸ਼ ਆਦਿ ਉਸ ਸਮੇਂ ਹੋਂਦ ਵਿਚ ਆਏ ਜਦੋਂ ਉਸ ਸਮੇਂ ਦੀਆਂ ਤਿੰਨ ਵੱਡੀਆਂ ਸਲਤਨਤਾਂ, ਜ਼ਾਰਸ਼ਾਹੀ ਰੂਸ, ਆਟੋਮਾਨ, ਤੁਰਕ ਤੇ ਹੈਪਸਬਰਗੀ ਆਸਟਰੀਆ, ਹੰਗਰੀ, ਜੰਗ ਜਾਂ ਇਨਕਲਾਬ ਕਾਰਣ ਢਹਿ ਢੇਰੀ ਹੋ ਗਈਆਂ। 1947 ਵਿਚ ਪਾਕਿਸਤਾਨ ਇਸ ਕਰਕੇ ਹੋਂਦ ਵਿਚ ਆ ਗਿਆ ਕਿਉਂਕਿ ਭਾਰਤੀ ਰਾਜ ਦੇ ਉਸ ਸਮੇਂ ਦੇ ਅੰਗਰੇਜ਼ ਸਾਮਰਾਜੀ ਪ੍ਰਭੂ ਖੁਦ ਇਸ ਨੂੰ ਸਥਾਪਤ ਕਰਨ ਉਤੇ ਤੁਲੇ ਹੋਏ ਸਨ ਤੇ ਸਾਡੇ ਕੌਮੀ ਆਗੂ ਇਸ ਨੂੰ ਰੋਕਣ ਲਈ ਇਕ ਗ੍ਰਹਿ ਯੁੱਧ ਲੜਨ ਤੋਂ ਕਤਰਾਂਦੇ ਸਨ। ਬੰਗਲਾ ਦੇਸ਼ ਇਸ ਕਰਕੇ ਵਜੂਦ ਵਿਚ ਆ ਗਿਆ ਕਿਉਂਕਿ ਉਥੇ ਦੀ ਸਮੂਹ ਵਸੋਂ ਪਾਕਿਸਤਾਨੀ ਗੁਲਾਮੀ ਵਿਰੁਧ ਬਾਗੀ ਹੋ ਗਈ।ਭਾਰਤ ਨੇ ਉਨ੍ਹਾਂ ਦੀ ਹਥਿਆਰਬੰਦ ਸਹਾਇਤਾ ਕੀਤੀ ਅਤੇ ਤੀਜਾ ਬੰਗਲਾਦੇਸ਼ ਮੁਖ ਪਾਕਿਸਤਾਨੀ ਸ਼ਕਤੀ ਕੇਂਦਰ ਤੋਂ 1500 ਮੀਲ ਦੀ ਦੂਰੀ ਉਤੇ ਸਥਿਤ ਸੀ। ਪੰਜਾਬੀ ਸੂਬੇ ਦੀ ਮੰਗ ਇਸ ਲਈ ਪ੍ਰਵਾਨ ਚੜ੍ਹੀ ਕਿ ਸਾਰੇ ਦੇਸ਼ ਅੰਦਰ ਭਾਸ਼ਾਈ ਸੂਬਿਆਂ ਦਾ ਅਸੂਲ ਬਹੁਤ ਪਹਿਲੇ ਲਾਗੂ ਹੋ ਚੁਕਾ ਸੀ ਤੇ ਨਾਲ ਹੀ ਇਹ ਕੋਈ ਅਲਗ ਕੁਲ ਅਖਤਿਆਰ ਦੇਸ਼ ਨਹੀਂ,ਕੇਵਲ ਭਾਰਤ ਦੇ ਅੰਦਰ ਇਕ ਪ੍ਰਸ਼ਾਸਨਕ ਵੰਡ ਤੋਂ ਵੱਧ ਕੁਝ ਨਹੀਂ ਸੀ।

ਅਤਿਵਾਦੀਆਂ ਵਲੋਂ ਖਾਲਿਸਤਾਨ ਸਥਾਪਤ ਕਰਨ ਦੇ ਯਤਨਾਂ ਦੀ ਉਪਰੋਕਤ ਕਿਸੇ ਵੀ ਪ੍ਰਸਥਿਤੀ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਨਿਰਸੰਦੇਹ ਅਜੋਕਾ ਦੇਸ਼ ਇਕ ਗੰਭੀਰ ਸਮੱਸਿਆਵਾਂ ਨਾਲ ਦੋ ਚਾਰ ਹੈ ਜਿਹਾ ਕਿ ਭੁੱਖ ਨੰਗ, ਗਰੀਬੀ, ਭ੍ਰਿਸ਼ਟਾਚਾਰ, ਧੱਕੇਸ਼ਾਹੀ, ਲੁੱਟ ਖਸੁੱਟ, ਭਾਸ਼ਾਈ, ਫਿਰਕੂ, ਜਾਤੀਪਾਤੀ ਵੰਡ ਦੇ ਨਾਲ ਉਸ ਤੇ ਪੂਰਬੀ ਖੇਤਰ ਵਿਚ ਕੁਝ ਥਾਈਂ ਆਦਿਵਾਸੀ ਬਗਾਵਤਾਂ ਉਪਰੰਤ ਹਾਕਮ ਪਾਰਟੀ ਆਪਣੇ ਸੌੜੇ ਹਿਤਾਂ ਦੀ ਪਾਲਣਾ ਕਰਦੀ ਹੋਈ ਕਈ ਸਮੱਸਿਆਵਾਂ ਨੂੰ ਮਾਮੂਲੀ ਤੌਰ ਹੱਲ ਕਰਨ ਦੀ ਥਾਂ ਹੋਰ ਉਲਝਾਉਂਦੀ ਹੈ। ਵਿਰੋਧ ਦੀਆਂ ਸਰਮਾਏਦਾਰ ਪਾਰਟੀਆਂ ਅਵਸਰਵਾਦੀ ਪੈਂਤੜੇ ਲੈਂਦੀਆਂ ਹਨ ਤੇ ਖੱਬੇ ਪੱਖੀ ਪਾਰਟੀਆਂ ਵਿਚ ਵੰਡ ਹੈ ਅਤੇ ਉਨ੍ਹਾਂ ਦਾ ਜਨਤਕ ਆਧਾਰ ਅਜੇ ਥੋੜਾ ਹੈ — ਇਸ ਹਾਲਤ ਵਿਚ ਸਮੂਹ ਦੇਸ਼ ਭਾਰਤ ਦੇਸ਼ ਦੀ ਆਜ਼ਾਦੀ ਤੇ ਅਖੰਡਤਾ ਬਾਰੇ ਚਿੰਤਾਤਰ ਹਨ।

ਪਰ ਇਹ ਅਜੋਕੀ ਸਥਿਤੀ ਕੇਵਲ ਇਕ ਅਧੂਰਾ ਪੱਖ ਹੈ। ਸਾਕਾਰਾਤਮਕਪੱਖ ਤੋਂ ਨਿਗਾਹ ਮਾਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਹਿੰਦ ਮਹਾਂ ਸਾਗਰ ਵਿਚਾਲੇ ਵਸਦੇ ਦੋ ਦਰਜਨ ਦੇਸ਼ਾਂ ਵਿਚ ਭਾਰਤ ਦੀ ਫੌਜ ਸਭ ਤੋਂ ਸ਼ਕਤੀਸ਼ਾਲੀ ਦੇਸ਼ ਦੇ ਲਿਹਾਜ ਨਾਲ ਇਹ ਸੰਸਾਰ ਵਿਚ ਦੂਜੇ ਨੰਬਰ ਉਤੇ ਹੈ ਤੇ ਕੁਦਰਤੀ ਵਸੀਲਿਆਂ ਨਾਲ ਭਰੀ ਹੈ। ਅੱਜ ਇਹ ਦੇਸ਼ ਹਮੇਸ਼ਾਂ ਤੋਂ ਵੱਧ ਇਕ ਜੁਟ ਹੈ। ਦੇਸ਼ ਦਾ ਕੋਨਾ-ਕੋਨਾ ਆਵਾਜ਼ਾਈ ਤੇ ਸੰਚਾਰ ਸਾਧਨਾਂ ਨਾਲ ਜੜੁਤ ਹੈ। ਸਰਮਾਏਦਾਰੀ ਵਿਕਾਸ ਕਾਰਨ ਦੇਸ਼ ਵਿਚ ਇਕ ਸੰਯੁਕਤ ਮੰਡੀ ਬਣ ਚੁਕੀ ਹੈ। ਆਰਥਕ ਪੱਖ ਤੋਂ ਜਿਹੜਾ ਦੇਸ਼ 1947 ਤੋਂ ਪਹਿਲਾਂ ਚਾਕੂ ਤੇ ਸੂਈ ਵੀ ਨਹੀਂ ਬਣਾ ਸਕਦਾ ਸੀ, ਅਜ ਹਰ ਭਾਂਤ ਦੀਆਂ ਆਧੁਨਿਕ ਮਸ਼ੀਨਾਂ ਦਾ ਉਤਪਾਦਨ ਕਰਦਾ ਹੈ। ਸੰਸਾਰ ਵਿਚ ਉਦਯੋਗਿਕ ਪੱਖ ਤੋਂ ਇਹ ਦਸਵੇਂ ਨੰਬਰ ਉਤੇ ਹੈ। ਭਾਰਤ ਪਾਸ ਸਾਇੰਸ ਤੇ ਤਕਨੀਕ ਦੇ ਖੇਤਰ ਵਿਚ ਏਨੇ ਮਾਹਰ ਹਨ ਕਿ ਕੇਵਲ ਰੂਸ ਤੇ ਅਮਰੀਕਾ ਹੀ ਇਸ ਤੋਂ ਅੱਗੇ ਹਨ।

ਸੰਸਾਰ ਭਰ ਵਿਚੋਂ ਭਾਰਤ ਦੀ ਫੌਜੀ ਤਾਕਤ ਚੌਥੇ ਨੰਬਰ ਉਤੇ ਹੈ, ਇਸ਼ ਦੀ ਹਵਾਈ ਸੈਨਾ ਸੰਸਾਰ ਵਿਚ ਪੰਜਵੇਂ ਨੰਬਰ ਤੇ ਜਲ ਸੈਨਾ ਅਠਵੇਂ ਨੰਬਰ ਉਤੇ ਹੈ। ਦੇਸ਼ ਦੇ ਰਾਜ ਉਤੇ ਇਕ ਹੰਢੀ ਹੋਈ ਤੇ ਚੁਸਤ ਸਰਮਾਏਦਾਰ ਜਮਾਤ ਕਾਬਜ਼ ਹੈ ਜੋ ਕਦਾਚਿਤ ਦੇਸ਼ ਦੀ ਕਿਸੇ ਨਵੀਂ ਵੰਡ ਨੂੰ ਪ੍ਰਵਾਨ ਨਹੀਂ ਕਰੇਗੀ। ਉਪਰੰਤ ਦੇਸ਼ ਦੇ ਲੋਕੀਂ ਪ੍ਰਪੱਕ ਰਾਜਸੀ ਸੂਝ ਦੇ ਮਾਲਕ ਹਨ ਤੇ ਇਕ 100 ਸਾਲ ਪੁਰਾਣਾ ਸਾਮਰਾਜੀ ਵਿਰੋਧੀ ਕੌਮੀ ਜਮਹੂਰੀ ਲਹਿਰ ਉਨ੍ਹਾਂ ਦਾ ਅਨਮੋਲ ਵਿਰਸਾ ਹੈ। ਉਪਰੰਤ ਕਈ ਤਰੁਟੀਆਂ ਦੇ ਬਾਵਜੂਦ ਦੇਸ਼ ਅੰਦਰ ਇਕ ਤਕੜੀ ਖੱਬੇ ਪੱਖੀ ਲਹਿਰ ਹੈ। ਜਿਸ ਦਾ ਸੰਭਾਵਤ ਸ਼ਕਤੀ ਕਾਫੀ ਤਕੜੀ ਹੈ। ਉਪਰੋਕਤ ਅਵਸਥਾ ਵਿਚ ਕੋਈ ਵੱਖਵਾਦੀ ਆਤੰਕਵਾਦੀ ਭਾਰਤੀ ਜਨਤਾ ਦੀ ਇਸ ਤਾਕਤ ਨੂੰ ਭਾਂਜ ਨਹੀਂ ਦੇ ਸਕਦਾ। ਜਿਹੜੇ ਲੋਕ ਆਰਜੀ ਮੁਸ਼ਕਲਾਂ ਤੋਂ ਘਬਰਾ ਕੇ ਜਾਂ ਰਾਜਸੀ ਅਗਿਆਨ ਕਾਰਨ ਭਾਰਤੀ ਰਾਜ ਦੇ ਢਹਿ ਢੇਰੀ ਹੋਣ ਅਤੇ ਖਾਲਿਸਤਾਨ ਦੀ ਸਥਾਪਤੀ ਅਵਸ਼ ਸਮਝਦੇ ਹਨ ਉਹ ਬੁਧੂਆਂ ਦੀ ਬਹਿਸਤ ਵਿਚ ਵਸਦੇ ਹਨ।

ਬਾਕੀ ਪੰਨਾ 24 ਤੇ

ਪੰਨਾ 23 ਦੀ ਬਾਕੀ

ਵਖਵਾਦ ਦਾ ਪਤਨ

ਇਸ ਪੱਖ ਤੋਂ ਆਧੁਨਿਕ ਇਤਿਹਾਸ ਕੁਝ ਹੋਰ ਗਵਾਹੀਆਂ ਵੀ ਪੇਸ਼ ਕਰਦਾ ਹੈ ਤੀਸਰੇ ਸੰਸਾਰ ਦੇ ਕਈ ਇਕ ਭਾਰਤ ਨਾਲੋਂ ਕਿਤੇ ਕਮਜ਼ੋਰ ਦੇਸ਼ਾਂ ਨੂੰ ਜਿਹਾ ਕਿ ਨਾਇਜੀਰੀਆ ਨੂੰ, ਬਾਇਫਰਾਂ ਵਿਚ, ਇਥੀਓਪੀਆ ਨੂੰ ਇਰੀਤਰੀਆ ਵਿਚ ਤੇ ਇਰਾਕ ਨੂੰ ਆਪਣੇ ਕੁਰਦ ਇਲਾਕੇ ਵਿਚ ਸਾਮਰਾਜੀਆਂ ਵਲੋਂ ਉਤਸ਼ਾਹਤ ਤੇ ਸਮਰਥਨ ਨਾਲ ਕੀਤੀਆਂ ਵੱਖਵਾਦੀ ਬਗਾਵਤਾਂ ਦਾ ਸਾਹਮਣਾ ਕਰਨਾ ਪਿਆ ਹੈ। ਇਨ੍ਹਾਂ ਦੇਸ਼ਾਂ ਵਿਚ ਹਰ ਥਾਂ ਵਖਵਾਦ ਨੂੰ ਮੂੰਹ ਦੀ ਖਾਣੀ ਪਈ ਹੈ। ਭਾਰਤ ਵਿਚ ਵੀ ਵੱਖਵਾਦੀ ਅਤਿਵਾਦ ਦਾ ਅਵੱਸ਼ ਹੀ ਇਹੀ ਹਸ਼ਰ ਹੋਵੇਗਾ।

ਹੁਣ ਇਕ ਪ੍ਰਸ਼ਨ ਹੋਰ ਰਹਿ ਜਾਂਦਾ ਹੈ ਕਿ ਕੀ ਪਾਕਿਸਤਾਨ ਦੇ ਸਿੱਧੇ ਫੌਜੀ ਦਖਲ ਨਾਲ ਅਤਿਵਾਦੀ ਸਫਲ ਹੋ ਸਕਦੇ ਹਨ ? ਭਾਰਤੀ ਮਹਾਂਦੀਪ ਵਿਚ ਜੋ ਸ਼ਕਤੀ ਦਾ ਸੰਤੁਲਨ ਹੈ, ਉਸ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਜੇਕਰ ਪਾਕਿਸਤਾਨ ਨੇ ਭਾਰਤ ਉਪਰ ਹਮਲਾ ਕਰਨ ਦੀ ਬੱਜਰ ਗਲਤੀ ਕਰ ਲਈ ਤਾਂ ਉਸ ਦਾ ਉਹੀ ਹਾਲ ਹੋਵੇਗਾ ਜੋ 1965 ਤੇ 1971 ਵਿਚ ਹੋ ਚੁਕਾ ਹੈ। ਰਹੀ ਗੱਲ ਵੱਖਵਾਦੀਆਂ ਦੇ ਵੱਡੇ ਪ੍ਰਿਤਪਾਲਕ ਅਮਰੀਕਾ ਦੀ। ਜੇਕਰ ਅਮਰੀਕੀ ਸਾਮਰਾਜ ਆਪਣੇ ਸਿੱਧੇ ਜਾਂ ਅਸਿੱਧੇ ਦਖਲ ਨਾਲ ਲੀਬੀਆ, ਸੀਰੀਆ, ਅੰਗੋਲਾ ਤੇ ਨਿਕਾਰਗੁਆ ਵਰਗੇ ਦੇਸ਼ਾਂ ਨੂੰ ਥੱਲੇ ਨਹੀਂ ਲਾ ਸਕਿਆ ਤਾਂ ਭਾਰਤ ਵਿਚ ਉਸ ਨੂੰ ਕਿੰਨੀ ਕੁ ਸਫਲਤਾ ਪ੍ਰਾਪਤ ਹੋ ਸਕਦੀ ਹੈ ? ਉਪਰੰਤ ਜੇਕਰ ਅਮਰੀਕਾ ਕਿਸੇ ਪਾਗਲਪਨ ਵਿਚ ਆਪਣੀ ਆਰ. ਡੀ. ਐਫ. (ਤੁਰੰਤ ਕਾਰਵਾਈ ਫੌਜ) ਨਾਲ ਕੋਈ ਕਾਰਵਾਈ ਕਰ ਬੈਠੇ ਤਾਂ ਭਾਰਤ ਹਰ ਸਮੇਂ ਆਪਣੇ ਪਰਖੇ ਹੋਏ ਮਿੱਤਰ ਸੋਸ਼ਲਿਸਟ ਦੇਸ਼ਾਂ ਖਾਸ ਕਰ ਸੋਵੀਅਤ ਰੂਸ ਦੀ ਨਿਰਣਾਇਕ ਸਹਾਇਤਾ ਉਤੇ ਹਰ ਸਮੇਂ ਟੇਕ ਰਖ ਸਕਦਾ ਹੈ।

ਗੁਰੀਲਾ ਜੰਗ ਬਾਰੇ

ਇਕ ਹੋਰ ਮਾਮਲਾ ਵਿਚਾਰ ਗੋਚਰ ਹੈ। ਕਈ ਲੋਕੀਂ ਪੁੱਛਦੇ ਹਨ ਕਿ ਪੰਜਾਬ ਦਾ ਅਜੋਕਾ ਅਤਿਵਾਦ ਗੁਰੀਲਾ ਜੰਗ ਦੀ ਸ਼ਕਲ ਧਾਰ ਸਕਦਾ ਹੈ ?

ਇਸ ਸਵਾਲ ਦਾ ਉਤਰ ਵੀ ਨਹੀਂ ਵਿਚ ਹੈ, ਭਾਵੇਂ ਧਾਰਮਕ ਉਤੇਜਨਾ ਤੇ ਪਾਕਿਸਤਾਨ ਦੀ ਸਹਾਇਤਾ ਨਾਲ ਥੋੜੇ ਸੰਗਠਤ ਅਤਿਵਾਦੀ ਵੀ ਇਕੇ ਦੁੱਕੇ ਕਤਲ ਤੇ ਡਾਕੇ ਕਾਫੀ ਸਮੇਂ ਤੱਕ ਜਾਰੀ ਰੱਖ ਸਕਦੇ ਹਨ ਪਰ ਪੰਜਾਬ ਅੰਦਰ ਕੋਈ ਗੁਰੀਲਾ ਜੰਗ ਨਹੀਂ ਚਲ ਸਕਦੀ। ਗੁਰੀਲਾ ਜੰਗ ਲਈ ਵਿਸ਼ਾਲ ਜਨ ਸਮੂਹਾਂ ਦੀ ਸਰਗਰਮ ਹਮਾਇਤ ਤੇ ਜੰਗ ਵਿਚ ਸ਼ਮੂਲੀਅਤ ਦੀ ਲੋੜ ਪੈਂਦੀ ਹੈ। ਚੀਨ, ਵੀਅਤਨਾਮ, ਅਲਜੀਰੀਆ ਆਦਿ ਦੇਸਾਂ ਦੇ ਮੁਕਤੀ ਸੰਗਰਾਮਾਂ ਦਾ ਇਹੀ ਸਬਕ ਹੈ।

ਅਜੋਕੇ ਪੰਜਾਬ ਦੀ ਰਾਜਸੀ ਪ੍ਰਸਥਿਤੀ ਇਹ ਹੈ ਕਿ ਕੁਲ ਵਸੋਂ ਦਾ ਅੱਧਾ ਭਾਗ, ਹਿੰਦੂ ਤੇ ਹਰੀਜਨ ਭਾਗ, ਅਤਿਵਾਦ ਦੇ ਕੱਟੜ ਵਿਰੋਧੀ ਹਨ, ਕਿਉਂਕਿ ਅਤਿਵਾਦੀ ਉਨ੍ਹਾਂ ਨੂੰ ਆਪਣੇ ਨੰਬਰ ਇਕ ਦੁਸ਼ਮਣ ਦਸਦੇ ਹਨ। ਸੀਮਾ ਖੇਤਰ ਦੇ ਕੁਝ ਇਲਾਕਿਆਂ ਨੂੰ ਛੱਡ ਕੇ, ਜਿਥੇ ਅੱਤਵਾਦੀਆਂ ਨੂੰ ਸਿੱਖ ਜਨਤਾ ਦੇ ਇਕ ਹਿੱਸੇ ਦੀ ਹਮਾਇਤ ਪ੍ਰਾਪਤ ਹੈ, ਬਾਕੀ ਸਾਰੇ ਪੰਜਾਬ ਵਿਚ ਸਿੱਖਾਂ ਦੇ ਵਿਸ਼ਾਲ ਜਨ ਸਮੂਹ ਕਤਲਾਂ, ਡਕੈਤੀਆਂ ਤੇ ਗੁੰਡਾ ਗਰਦੀ ਦੇ ਵਿਰੁਧ ਹਨ ਤੇ ਅਮਨ ਦੀ ਕਾਮਨਾ ਕਰਦੇ ਹਨ। ਉਪਰੰਤ ਸਿੱਖਾਂ ਵਿਚੋਂ ਨਰਮ ਦਲੀਏ ਅਕਾਲੀ, ਨਾਮਧਾਰੀਏ, ਰਾਧਾ ਸਵਾਮੀ ਤੇ ਨਿਰੰਕਾਰੀਆਂ ਦੇ ਪੈਰੋਕਾਰ, ਕਮਿਊਨਿਸਟ ਤੇ ਕਾਂਗਰਸ ਦੇ ਹਮਾਇਤੀ ਵੀ ਅਤਿਵਾਦ ਦੇ ਵਿਰੋਧੀ ਹਨ। ਇਸ ਹਾਲਤ ਵਿਚ ਪੰਜਾਬ ਅੰਦਰ ਕਿਸੇ ਅਤਿਵਾਦੀ ਗੁਰੀਲਾ ਲੜਾਈ ਲਈ ਕੋਈ ਵਿਸ਼ਾਲ ਜਨਤਕ ਆਧਾਰ ਮੌਜੂਦਾ ਨਹੀਂ ਹੈ।

ਇਕ ਪ੍ਰਫੁਲਤ ਘੱਟ ਗਿਣਤੀ

ਉਪਰੋਕਤ ਗੁਰੀਲਾ ਯੁੱਧ ਕੇਵਲ ਜਨ ਸਮੂਹ ਹੀ ਲੜ ਸਕਦੇ ਹਨ। ਚੀਨ ਵੀਅਤਨਾਮ ਤੇ ਅਲਜੀਰੀਆ ਵਿਚ ਮਹਾਨ ਗੁਰੀਲਾ ਯੁੱਧ ਸਾਮਰਾਜ ਤੇ ਜਾਗੀਰਦਾਰੀ ਵਿਰੁਧ ਕੌਮੀ ਆਜ਼ਾਦੀ ਲਈ ਪੀੜਤ ਲੋਕਾਂ ਨੇ ਲੜੇ। ਪੰਜਾਬ ਦੇ ਸਿੱਖ ਅਤਿਵਾਦੀ ਸਾਮਰਾਜ ਤੇ ਜਾਗੀਰਦਾਰੀ ਦੇ ਵਿਰੋਧੀ ਨਹੀਂ, ਇਨ੍ਹਾਂ ਦੇ ਹੱਥ ਠੋਕੇ ਹਨ ਤੇ ਉਹ ਕੌਮੀ ਆਜ਼ਾਦੀ ਲਈ ਨਹੀਂ ਕੌਮੀ ਗੁਲਾਮੀ ਦੇ ਸੰਗਲ ਤਿਆਰ ਕਰ ਰਹੇ ਹਨ। ਭਾਰਤ ਦੀ ਸਿਖ ਜਨਤਾ ਨੂੰ ਭਾਰਤ ਦੀ ਸਰਕਾਰ ਨਾਲ ਭਾਵੇਂ ਕਈ ਇਕ ਗਿਲੇ ਸ਼ਿਕਵੇ ਹਨ, ਜਿਸ ਤਰ੍ਹਾਂ ਕਿ ਹੋਰ ਮੱਤਾਂ ਦੇ ਮਿਹਨਤੀ ਲੋਕਾਂ ਨੂੰ ਵੀ ਹਨ ਪਰ ਭਾਰਤੀ ਸਿੱਖਾਂ ਨੂੰ ਪੀੜਤ ਜਾਂ ਗੁਲਾਮ ਦੱਸਣਾ ਉਕਾ ਹੀ ਨਿਰਮੂਲ ਤੇ ਨਿਰਅਧਾਰ ਹੈ। ਰਾਜਸੀ ਖੇਤਰ ਵਿਚ ਸਿੱਖ ਬੜੀਆਂ ਉਚੀਆਂ ਪਦਵੀਆਂ ਉਤੇ ਬਿਰਾਜਮਾਨ ਹਨ। ਦੇਸ਼ ਦੀ ਵਸੋਂ ਦਾ ਡੇਢ ਪ੍ਰਤੀਸ਼ਤ ਹੁੰਦੇ ਹੋਏ ਅੱਠ ਪ੍ਰਤੀਸ਼ਤ ਆਈ. ਏ. ਐਸ. ਅਫਸਰ ਸਿੱਖ ਹਨ। ਭਾਰਤੀ ਫੌਜੀ ਅਨਸਰਾਂ ਵਿਚੋਂ 22 ਪ੍ਰਤੀਸ਼ਤ ਸਿਖ ਹਨ ਤੇ ਫੌਜ ਦੇ ਕੁਝ ਮਹੱਤਵਪੂਰਨ ਤਕਨੀਕੀ ਕਾਰਜਾਂ ਵਿਚ ਉਨ੍ਹਾਂ ਦੀ ਗਿਣਤੀ 45 ਪ੍ਰਤੀਸ਼ਤ ਤਕ ਵੀ ਹੈ। ਪੰਜਾਬ ਅੰਦਰ ਆਜ਼ਾਦੀ ਤੋਂ ਬਾਅਦ ਚਾਰ ਵੇਰ ਅਕਾਲੀ ਪਾਰਟੀ ਤਾਕਤ ਵਿਚ ਆ ਚੁਕੀ ਹੈ ਤੇ ਜੇਕਰ ਇਸ ਦੀਆਂ ਸਰਕਾਰਾਂ ਅੱਧਵਾਟੇ ਟੁੱਟ ਜਾਂਦੀਆਂ ਰਹੀਆਂ ਹਨ ਤਾਂ ਉਸ ਦਾ ਮੁਖ ਕਾਰਨ ਅਕਾਲੀਆਂ ਦੀ ਆਪਣੀ ਫੁੱਟ ਹੀ ਰਹੀ ਹੈ। ਜੇਕਰ ਸੂਬਿਆਂ ਨੂੰ ਘੱਟ ਅਧਿਕਾਰ ਹਨ ਤਾਂ ਇਹ ਇਕੱਲੀ ਪੰਜਾਬ ਜਾਂ ਸਿੱਖਾਂ ਦੀ ਸਮੱਸਿਆ ਨਹੀਂ, ਸਮੂਹ ਜਮਹੂਰੀ ਪਾਰਟੀਆਂ ਸੂਬਿਆਂ ਲਈ ਹੋਰ ਵਧੇਰੇ ਅਧਿਕਾਰਾਂ ਦੀ ਮੰਗ ਕਰ ਰਹੀਆਂ ਹਨ।

ਆਰਥਿਕ ਪੱਖ ਤੋਂ ਪੰਜਾਬ ਦੇ ਲੋਕਾਂ ਦਾ ਮੁਖ ਆਧਾਰ ਖੇਤੀ ਉਤੇ ਹੈ। ਇਸ ਖੇਤਰ ਵਿਚ ਪੰਜਾਬ ਦੀ 90 ਪ੍ਰਤੀਸ਼ਤ ਭੂਮੀ ਸਿਖ ਮਾਲਕ ਕਿਸਾਨਾਂ ਪਾਸ ਹੈ। ਸਨਅਤ ਤੇ ਖੇਤਰ ਵਿਚ ਰਾਮਗੜ੍ਹੀਏ ਤੇ ਹੋਰ ਸਿੱਖਾਂ ਦਾ ਪ੍ਰਭਾਵਸ਼ਾਲੀ ਹਿਸਾ ਹੈ। ਪੰਜਾਬ ਤੋਂ ਬਾਹਰ ਲੱਖਾਂ ਸਿੱਖਾਂ ਦੇ ਵੱਡੇ-ਛੋਟੇ ਆਧੁਨਿਕ ਫਾਰਮ ਹਨ। ਦੇਸ਼ ਦੇ ਬਹੁਤ ਸਾਰੇ ਭਾਗਾਂ ਵਿਚ ਢਾਬਿਆਂ, ਹੋਟਲਾਂ, ਠੇਕੇਦਾਰੀ ਤੇ ਟਰਾਂਸਪੋਰਟਰ ਦਾ ਕਾਫੀ ਕੰਮ ਕਾਰ ਸਿੱਖਾਂ ਦੇ ਹੱਥ ਵਿਚ ਹੈ। ਇਸ ਅਵਸਥਾ ਵਿਚ ਜੇਕਰ ਇਹ ਗੱਲ ਆਖੀ ਜਾਵੇ ਕਿ ਸਿੱਖ ਦੇਸ਼ ਦੀਆਂ ਸਮੂਹ ਘੱਟ ਗਿਣਤੀਆਂ ਵਿਚੋਂ ਵਧੇਰੇ ਸਫਲ ਤੇ ਪ੍ਰਫੁਲਤ ਹਨ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ।

ਨਿਰਸੰਦੇਹ ਸਿਖ ਜਨਤਾ ਨੇ ਆਜ਼ਾਦੀ ਸੰਗਰਾਮ ਵਿਚ ਬਹੁਤ ਉਘਾ ਭਾਗ ਪਾਇਆ ਹੈ ਤੇ ਅਗੇ ਲਈ ਵੀ ਉਹ ਜਮਹੂਰੀ ਕਦਰਾਂ ਕੀਮਤਾਂ ਤੇ ਆਪਣੇ ਜਾਇਜ਼ ਅਧਿਕਾਰਾਂ ਦੀ ਰਾਖੀ ਲਈ ਤਤਪਰ ਰਹਿਣਗੇ, ਪਰ ਉਹ ਸਾਮਰਾਜੀਆਂ ਦੇ ਹੱਥ ਠੋਕੇ, ਅਤਿਵਾਦੀਆਂ ਦੇ ਪਿਛੇ ਲਗ ਕਿਸੇ ਗੁਰੀਲਾ ਜੰਗ ਦੀ ਹਮਾਇਤ ਕਰਕੇ ਕਦਾਚਿਤ ਆਪਣਾ ਝੁਗਾ ਆਪ ਨਹੀਂ ਫੂਕਣਗੇ।

ਗੁਰੀਲਾ ਜੰਗ ਦੀ ਸਫਲਤਾ ਵਿਚ ਭੂਗੋਲ ਵੀ ਇਕ ਵੱਡਾ ਰੋਲ ਅਦਾ ਕਰਦਾ ਹੈ। ਅਜੋਕਾ ਪੰਜਾਬ ਪੱਧਰਾ ਮੈਦਾਨ ਹੈ, ਇਥੇ ਨਾ ਕੋਈ ਵੱਡਾ ਜੰਗਲ ਹੈ ਨਾ ਪਹਾੜ ਜੋ ਗੁਰੀਲਿਆਂ ਦੀ ਪਨਾਹਗਾਰ ਬਣ ਸਕੇ। ਕਸਬੇ ਤਾਂ ਕੀ, ਕੁਲ ਪਿੰਡ ਸੜਕਾਂ ਨਾਲ ਜੁੜੱਤ ਹਨ। ਰਾਜ ਦੇ ਸੁਰੱਖਿਆ ਦਸਤੇ ਹਰ ਅਸਥਾਨ ਉਤੇ ਘੰਟੇ ਅੱਧੇ ਘੰਟੇ ਵਿਚ ਅਪੜਨ ਦੀ ਸਮਰਥਾ ਰਖਦੇ ਹਨ। ਇਸ ਹਾਲਤ ਵਿਚ ਅਤਿਵਾਦੀ ਗੁਰੀਲਿਆਂ ਲਈ ਕੋਈ ਇਲਾਕੇ ਆਪਣੇ ਕਬਜ਼ੇ ਵਿਚ ਰਖ ਸਕਣਾ ਲਗਭਗ ਅਸੰਭਵ ਹੈ।

ਅੰਤ ਵਿਚ ਪਾਕਿਸਤਾਨ ਤੇ ਅਮਰੀਕਾ ਕਿਸੇ ਪੱਖੋਂ ਵੀ ਸਿਖ ਜਨਤਾ ਤੇ ਅਤਿਵਾਦੀਆਂ ਦੇ ਮਿੱਤਰ ਨਹੀਂ, ਉਹ ਉਤੇਜਤ ਸਿਖ ਲੋਕਾਂ ਤੋਂ ਭੁਲੜ ਨੌਜਵਾਨਾਂ ਨੂੰ ਆਪਣੇ ਕੋਝੇ ਰਾਜਸੀ ਮੰਤਵ ਪੂਰੇ ਕਰਨ ਲਈ ਵਰਤ ਰਹੇ ਹਨ। ਅਜੇ ਥੋੜੇ ਵਰ੍ਹੇ ਹੀ ਪਹਿਲਾਂ ਜਦੋਂ ਇਰਾਕ ਦੇ ਕੁਰਦ ਲੋਕਾਂ ਨੇ ਆਪਣੀ ਸਰਕਾਰ ਵਿਰੁਧ ਬਗਾਵਤ ਕੀਤੀ ਸੀ ਤਾਂ ਸੀ. ਆਈ. ਏ. ਤੇ ਸ਼ਾਹ ਇਰਾਨ ਨੇ ਸਾਮਰਾਜ ਵਿਰੋਧੀ ਇਰਾਕ ਵਿਚ ਅਸਥਿਰਤਾ ਪੈਦਾ ਕਰਨ ਲਈ ਕੁਰਦਾਂ ਨੂੰ ਪੈਸੇ ਤੇ ਹਥਿਆਰਾਂ ਦੀ ਭਰਪੂਰ ਸਹਾਇਤਾ ਦਿਤੀ।

ਬਾਅਦ ਵਿਚ ਸ਼ਤ-ਅਲ-ਅਰਬ ਦੇ ਮਾਮਲੇ ਤੇ ਜਦੋਂ ਸ਼ਾਹ ਤੇ ਇਰਾਕ ਦੀ ਸੁਲਹ ਹੋ ਗਈ ਤਾਂ ਸੀ. ਆਈ. ਏ. ਅਤੇ ਸ਼ਾਹ ਨੇ ਇਹ ਸਹਾਇਤਾ ਬੰਦ ਕਰ ਦਿਤੀ ਜਿਸ ਕਾਰਣ ਹਜ਼ਾਰਾਂ ਕੁਰਦਾਂ ਦਾ ਘਾਣ ਹੋਇਆ। ਇਸੇ ਤਰ੍ਹਾਂ ਜਦੋਂ ਵੀ ਅਮਰੀਕਾ ਤੇ ਪਾਕਿਸਤਾਨ ਦੇ ਰਾਜਸੀ ਮਨੋਰਥ ਪੂਰੇ ਹੋ ਗਏ ਤਾਂ ਉਹ ਕੋਠੇ ਚਾੜ੍ਹ ਸਿੱਖ ਅਤਿਵਾਦੀਆਂ ਦੀ ਵੀ ਪੌੜੀ ਲਾਹ ਲੈਣਗੇ।

ਉਪਰੋਕਤ ਤੋਂ ਸਪਸ਼ਟ ਹੈ ਕਿ ਪੰਜਾਬ ਅੰਦਰ ਕਿਸੇ ਗੁਰੀਲਾ ਜੰਗ ਜਾਂ ਖਾਲਿਸਤਾਨ ਦੀ ਸਥਾਪਤੀ ਦੀ ਕੋਈ ਸੰਭਾਵਨਾ ਨਹੀਂ ਹੈ ਪਰ ਅਤਿਵਾਦ ਨੂੰ ਖਤਮ ਕਰਨ ਲਈ ਵਿਸ਼ਾਲ ਦੇਸ਼ ਭਗਤਕ ਏਕੇ ਲਾਮਬੰਦ ਤੇ ਸਖਤ ਪ੍ਰਸ਼ਾਸਨਕ ਕਦਮ ਚੁਕਣ ਦੀ ਅਤਿਅੰਤ ਲੋੜ ਹੈ। ਰਾਜਸੀ ਪੱਖ ਤੋਂ ਤਾਂ ਇਹ ਕਦਮ ਚੁਕਣ ਲਈ ਸਮੂਹ ਪ੍ਰਗਤੀਸ਼ੀਲ ਤਾਕਤਾਂ ਨੂੰ ਮੋਹਰੀ ਦਸਤੇ ਦਾ ਕਾਰਜ ਕਰਨ ਦੀ ਲੋੜ ਹੈ।

ਜਿੰਦੇ ਦੀ ਭਾਲ 'ਚ ਸਿੱਖ ਨੇਤਾਵਾਂ ਘਰੀਂ ਛਾਪੇ

ਕਲਕੱਤਾ, ... (ਪੱਤਰ ਪ੍ਰੇਰਕ) – ਸਾਬਕਾ ਸੈਨਾ ਮੁਖੀ ਜਨਰਲ ਏ. ਐਸ. ਵੈਦਿਆ ਦੇ ਕਤਲ ਦੀ ਯੋਜਨਾ ਬਣਾਉਣ ਵਾਲੇ ਮੁੱਖ ਦੋਸ਼ੀ ਹਰਜਿੰਦਰ ਸਿੰਘ ਜਿੰਦਾ ਦੇ ਕਲਕੱਤੇ ਆਉਣ ਬਾਰੇ ਸੀ. ਬੀ. ਆਈ. ਵਲੋਂ ਦਿੱਤੀ ਰਿਪੋਰਟ ਦੇ ਆਧਾਰ 'ਤੇ ਕਲਕੱਤਾ ਖੁਫੀਆ ਪੁਲੀਸ ਨੇ ਉਤਰੀ ਕਲਕੱਤਾ ਦੇ ਬਾਰਾਨਗਰ ਖੇਤਰ ਵਿਚ ਗੁਰਦੁਆਰਾ ਡਨਲਪ ਬਰਿਜ ਦੇ ਪ੍ਰਧਾਨ ਸ. ਮਹਿੰਦਰ ਸਿੰਘ ਗਿੱਲ ਸਮੇਤ ਤਿੰਨ ਸਿੱਖ ਨੇਤਾਵਾਂ ਦੇ ਘਰਾਂ 'ਤੇ ਛਾਪੇ ਮਾਰੇ ਅਤੇ ਪੁਲੀਸ ਨੂੰ ਕੋਈ ਇਤਰਾਜ਼ਯੋਗ ਵਸਤੂ ਇਨ੍ਹਾਂ ਦੇ ਘਰਾਂ ਤੋਂ ਨਹੀਂ ਮਿਲੀ ਤੇ ਨਾ ਹੀ ਕੋਈ ਗ੍ਰਿਫਤਾਰੀ ਇਸ ਸਬੰਧ ਵਿਚ ਹੋਈ ਹੈ।

ਇਨ੍ਹਾਂ ਵਿਚੋਂ ਇਕ ਦੇ ਘਰ ਕੁਝ ਵਿਅਕਤੀ ਆਏ ਸਨ ਪਰ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਉਨ੍ਹਾਂ ਦੇ ਨਾਂ ਕੀ ਕੀ ਹਨ।

ਪੂਨੇ ਵਿਖੇ ਗ੍ਰਿਫਤਾਰ ਸੁਖਜਿੰਦਰ ਸਿੰਘ ਉਰਫ ਸੁੱਖਾ ਨੇ ਸੀ. ਬੀ. ਆਈ. ਨੂੰ ਦੱਸਿਆ ਸੀ ਕਿ ਵੈਦਿਆ ਦੇ ਕਤਲ ਪਿੱਛੋਂ ਉਹ ਤੇ ਜਿੰਦਾ 12 ਅਗਸਤ ਨੂੰ ਕਲਕੱਤਾ ਗਏ ਸਨ। ਉਨ੍ਹਾਂ ਦਾ ਸਾਥੀ ਨਿਰਮਲ ਸਿੰਘ ਪਹਿਲਾਂ ਹੀ ਉਥੇ ਪੁੱਜ ਚੁੱਕਾ ਸੀ ਤੇ ਉਥੋਂ ਉਹ ਟਾਟਾ ਨਗਰ ਤੇ ਫਿਰ ਮੱਧਿਆ ਪ੍ਰਦੇਸ਼ 'ਚ ਦੁਰਮ ਗਏ ਸਨ।

5 ਕ੍ਰੋੜ ਰੁਪੈ ਦਾ ਕਾਲਾ ਧਨ ਫੜਿਆ

ਨਵੀਂ ਦਿੱਲੀ, . -(ਪੀ ਟੀ ਆਈ) ਇਨਕਮ ਟੈਕਸ ਅਧਿਕਾਰੀਆਂ ਨੇ ਬੰਬਈ ਵਿਚ 21 ਪ੍ਰਮੁਖ ਸਟਾਕ ਐਕਸਚੇਂਜ ਏਜੰਟਾਂ ਦੇ ਘਰਾਂ ਅਤੇ ਦਫਤਰਾਂ ਤੇ ਇਕੋ ਸਮੇਂ ਅਚਾਨਕ ਛਾਪੇ ਮਾਰ ਕੇ ਬੇਹਿਸਾਬੇ 5 ਕ੍ਰੋੜ ਰੁਪੈ ਮੁਲ ਦੇ ਜ਼ੇਵਰ, ਨਕਦੀ, ਚਾਂਦੀ ਅਤੇ ਸ਼ੇਅਰਾਂ ਦੇ ਸਰਟੀਫਿਕੇਟ ਕਬਜ਼ੇ ਵਿਚ ਲਏ। ਇਹਨਾਂ ਏਜੰਟਾਂ ਦੇ ਦਫਤਰ ਅਤੇ ਬੈਂਕ ਲਾਕਰ ਵੀ ਸੀਲ ਕਰ ਦਿਤੇ ਗਏ। ਇਹ ਛਾਪੇ ਅਜੇ ਜਾਰੀ ਹਨ ਤੇ ਸੋਮਵਾਰ ਤਕ ਮੁਕੰਮਲ ਹੋਣ ਦੀ ਆਸ ਹੈ। ਸਿਧੇ ਟੈਕਸਾਂ ਦੇ ਕੇਂਦਰੀ ਤਫਤੀਸ਼ੀ ਬੋਰਡ ਦੇ ਮੈਂਬਰ ਸ੍ਰੀ ਐਸ ਕੇ ਰਾਏ ਨੇ ਪੱਤਰਕਾਰਾਂ ਨੂੰ ਇਹ ਸੂਚਨਾ ਦੇਂਦਿਆਂ ਦਸਿਆ ਕਿ ਛਾਪਿਆਂ ਦੌਰਾਨ ਸਟਾਕ ਐਕਸਚੇਂਜ ਦਾ ਕਾਰੋਬਾਰ ਆਮ ਵਾਂਗ ਜਾਰੀ ਰਿਹਾ। ਕੇਵਲ ਉਹਨਾਂ ਕੁਝ ਏਜੰਟਾਂ ਨੇ ਜਿਨ੍ਹਾਂ ਤੇ ਛਾਪੇ ਮਾਰੇ ਗਏ ਸਨ, ਕੰਮ ਬੰਦ ਰਖਿਆ। ਸ੍ਰੀ ਰਾਏ ਨੇ ਦਸਿਆ ਕਿ ਨਜਾਇਜ਼ ਧੰਦਿਆਂ ਦੇ ਨਤੀਜਿਆਂ ਵਜੋਂ ਪੈਦਾ ਹੋਇਆ ਕਾਲਾ ਧਨ ਬਹੁਤ ਜ਼ਿਆਦਾ ਹੋਵੇਗਾ, ਜਿਸ ਦਾ ਅਜੇ ਅਨੁਮਾਨ ਲਗਾਣਾ ਕਠਨ ਹੈ। ਉਹਨਾਂ ਦਸਿਆ ਕਿ ਇਹ ਛਾਪੇ ਪ੍ਰਮਾਣਿਤ ਸੂਚਨਾ ਦੇ ਆਧਾਰ ਤੇ ਮਾਰੇ ਗਏ। ਪਿਛਲੇ 6 ਮਹੀਨਿਆਂ ਤੋਂ ਇਸ ਮਾਮਲੇ ਦੀ ਨਿਗਰਾਨੀ ਕੀਤੀ ਜਾ ਰਹੀ ਹੈ।

ਪਾਬਲੋ ਰੁਇਜ਼ ਪਿਕਾਸੋ ਵੀਹਵੀਂ ਸਦੀ ਦੇ ਮਹਾਨ ਚਿੱਤਰਕਾਰ ਹੋਏ ਹਨ। ਚਿੱਤਰਕਾਰੀ ਦੇ ਖੇਤਰ ਵਿਚ ਨਵੀਨਤਮ ਸਿਧਾਂਤਾਂ ਦੇ ਵਿਕਾਸ ਕਾਰਨ ਉਨ੍ਹਾਂ ਨੂੰ ਆਧੁਨਿਕ ਚਿੱਤਰਕਾਰੀ ਕਲਾ ਸਿਧਾਂਤਾਂ ਦਾ ਪਿਤਾਮਾ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਉਨ੍ਹਾਂ ਦੇ ਆਪਣੇ ਕਥਨ ਅਨੁਸਾਰ, "ਇਕ ਕਲਾਕਾਰ ਕਾਮਯਾਬੀ ਲੋੜਦਾ ਹੈ। ਇਸ ਲਈ ਨਹੀਂ ਕਿ ਉਹ ਜੀਉਣ ਲਈ ਜ਼ਰੂਰੀ ਹੈ ਸਗੋਂ ਇਸ ਲਈ ਕਿ ਉਹ ਆਪਣੇ ਕਿੱਤੇ ਨੂੰ ਵਾਸਤਵਿਕ ਰੂਪ ਵਿਚ ਅਨੁਭਵ ਕਰ ਸਕੇ, ਸਾਧ ਸਕੇ।"

ਯਾਦਾਂ ਦੀ ਖ਼ੁਸ਼ਬੋ

ਡਾ: ਸਾਧੂ ਸਿੰਘ ਹਮਦਰਦ

ਮਰੀ ਜੇ ਕਿਸੇ ਤੇ ਜਵਾਨੀ ਨਹੀਂ ਹੈ।
ਕੋਈ ਜ਼ਿੰਦਗੀ ਦੀ ਨਿਸ਼ਾਨੀ ਨਹੀਂ ਹੈ।

ਤਿਰੇ ਨੈਣ ਦੇ ਨਾਲ ਨਰਗਸ ਦੀ ਤੁਲਣਾ
ਤਿਰੇ ਨੈਣ ਦੀ ਤਰਜਮਾਨੀ ਨਹੀਂ ਹੈ।

ਇਹ ਧਰਤੀ ਦੇ ਬੰਦੇ ਹੀ ਦੁਖ ਦੇ ਰਹੇ ਨੇ
ਮੁਸੀਬਤ ਮਿਰੀ ਆਸਮਾਨੀ ਨਹੀਂ ਹੈ।

ਜ਼ਰਾ ਵੀ ਮਿਰੇ ਦਿਲ 'ਚ ਮੇਰੇ ਰਕੀਬਾ
ਤਿਰੇ ਵਾਸਤੇ ਬਦ-ਗੁਮਾਨੀ ਨਹੀਂ ਹੈ।

ਮਿਰੇ ਦਿਲ ਨੂੰ ਸਮਝੋ ਤੁਸੀਂ ਆਪਣਾ ਦਿਲ
ਮਿਰਾ ਦਿਲ ਕੋਈ ਸ਼ੈ ਬਿਗਾਨੀ ਨਹੀਂ ਹੈ।

ਤਿਰੇ ਹੀ ਕਰਮ ਨਾਲ ਮੈਂ ਜੀ ਰਿਹਾ ਹਾਂ
ਮਿਰੀ ਆਪਣੀ ਜ਼ਿੰਦਗਾਨੀ ਨਹੀਂ ਹੈ।

ਮਿਰੇ ਪਾਸ ਹੈ ਯਾਦ ਤੇਰੀ ਨਿਸ਼ਾਨੀ
ਤਿਰੀ ਹੋਰ ਕੋਈ ਨਿਸ਼ਾਨੀ ਨਹੀਂ ਹੈ।

ਤਿਰਾ ਹੁਸਨ ਹੈ ਚਾਂਦਨੀ ਚਾਰ ਦਿਨ ਦੀ
ਮਿਰਾ ਇਸ਼ਕ ਬਾਕੀ ਇਹ ਫ਼ਾਨੀ ਨਹੀਂ ਹੈ।

ਮੈਂ ਤਸ਼ਬੀਹ ਦੇਵਾਂ ਕਿਧੇ ਨਾਲ ਤੈਨੂੰ
ਤਿਰਾ ਜਗ 'ਚ ਕੋਈ ਵੀ ਸਾਨੀ ਨਹੀਂ ਹੈ।

ਤਰਸ ਆ ਰਿਹਾ ਹੈ ਬੜਾ ਵਾਅਜ਼ ਉੱਤੇ
ਉਧਾ ਏਥੇ ਕੋਈ ਵੀ ਜਾਨੀ ਨਹੀਂ ਹੈ।

ਮਿਰੇ ਵਿਚ ਨੇ 'ਹਮਦਰਦ' ਸਾਰੇ ਹੀ ਔਗੁਣ
ਨਹੀਂ ਹੈ ਤਾਂ ਇਕ ਬੇ-ਇਮਾਨੀ ਨਹੀਂ ਹੈ।

ਹੁਣ ਵੇਲਾ ਹੈ ਜ਼ਰਾ ਨਿਖੇੜਾ ਕਰ ਦੇਵੋ
ਦੋਸ਼ੀ ਉੱਤੇ ਉਂਗਲ ਹੁਣ ਵੀ ਧਰ ਦੇਵੋ।
ਵੱਸਦਾ, ਰੱਸਦਾ,
ਨਹੀਂ ਤੇ ਨਗਰ ਸੜ ਜਾਵੇਗਾ
ਫਿਰ ਕਿਹੜਾ ਮਹਿਮਾਨ ਭਲਾ ਘਰ ਆਵੇਗਾ

Hypno-therapy is 'people helping themselves' — therapist



"I'm not interested in how it works, I'm interested in results," says Parkash Basran, who admits there's no scientific proof of how hypno-therapy works. Photo by BRENDA MOORE

Parkash Basran is a licenced hypno-therapist, one of a growing breed in Canada and the United States. He works at Syncrude Canada ltd., but studies and practises hypno-therapy — the treatment of disease by hypnosis - in his spare time.

Among his patients have been a local teenager with a rash on her hand that seemed to have no cause but wouldn't go away, a young married woman with severe ulcerative colitis (infection of the large colon) who had been suffering with little hope of recovery apart from having her bowel removed, for five years a diabetic with a weight problem, and a man who had been paralyzed from the waist down in a car accident 13 years ago.

All are experiencing the healing effects of hypno-therapy.

Basran is licenced by the Candian Council of Hypno-therapy examiners in Edmonton. He became interested in the field when he had some personal problems of his own to work out, and needed an answer.

"My father had suffered from a stroke and a heart attcak. I was very depressed, and I wanted help," remembers Basran.

"I studied many different religions to find an answer, but the only answer I found is that the answer is within."

For six years, he studied in the U.S., England, and India to learn that hypno-therapy is "the answer."

Cont'd. at Page 26

cont'd. from page 25

"we can live negatively or possitively," says Basran. "It's only a matter of telling the subconscious mind there is another way to live ... the key to a happy life is to learn to live positively, and to love yourself, that's all."

Basran admits there is no scientific proof of how hypno-therapy works.

"I'm not interested in how it works, I'm interested in results."

And he has more than a few positive results to his credit.

Gwen, the local teacher, describes the results of hypno-therapy as "emotionally and mentally feeling good. It's unbelievable."

"It's like having subconscious contact with the self. There's a feeling of higher power and what you can do for yourself," she explains.

The first time she'd been in the hospital, Gwen said she was "terrified."

"There was no way they could operate. My body rejected everything."

Two months after her initial treatment under Basran, Gwen went to the hospital to have the tumor removed. Everything went well, and she said she had no fear whatsoever.

"Hypno-therapy gave me the ability to accept things, including my illnes. I've felt happier ever since, and my ability to cope with problems has been much stronger."

Carla, a local teenager, said that under hypnosis "(I) talked about things I had faced, things that made me mad — I got it all out and I felt better. I had a lot of anger inside of me, and that caused the reaction (a painful, itchy, rash in the skin of her hands)."

Shangara Poparai, from Kelowna, has returned to Basran for additional treatment. After 13 years of total paralysis below the waist, Poparai moved his foot for the first time, and felt feeling coming back into his legs.

Basran said he simply gave Poparai's mind some "food for thought".

"It was the fear in the subconscious mind that was not reactivating the nervous system again," he explains.

"Once the fear is totally out, I feel sure the spirit is going to do it's job, and get him back on this feet."

Basran describes the human body as a "miracle" that can create disease and heal it as well.

"Any problem with the body is created in the mind first. It just takes time to manifest itself."

Dr. John A. Seim, a local phusician, agrees.

"Ninety percent of every illness is one's attitude. Too often conventional medicine ignores that."

Seim says "there's no question hypno-therapy can be very effective for a certain subset of people: First, the person has to want it to work; second, they cannot be forced into having it; and third, certain personality types seem to be more likely to have it work."

Success, he says, depends on the problem and the individual, but hypno-therapy can be "a very important adjunct to conventional types of medcial therapy."

Many people fear the hypno-therapist will "control" them, or cause them to be unaware of what is happening around them. But both Basran and his patients agree it's not like that at all. "I cannot brainwash anyone. A person either accepts it, or they don't," he says.

And Basran must follow a strict code of ethics to keep his licence. He is sworn to secrecy regarding his patients' affairs and he can conduct no mind interference.

Basran describes the state of hypnosis as being "2,000 per cent more aware. You're asleep, but not asleep. It's an altered state of mind."

Although he usually charges $150 per session. Basran says hypno-therapy is not a quick way to make money.

"I have to listen and figure things out."

Often he has to take people right back to when they were in the womb, he says, to get at the root of the problem.

His clients come to see him from Toronto, Vancouver, Edmonton, and Calgary, mostly by "word of mouth". While he would like to practise full-time, hypno-therapy has not yet been accepted in Canada as a legitimate form of medical therapy. Many hypno-therapists have left Canada to work in the U.S. Basran says, where the treatment is more accpted.

Basran describes hypno-therapy as "strictly people helping themselves. It's self-help — I'm just a guide, and they get rid of the problem."

One of his patients describes it as "the closest thing to a miracle I've ever seen."

By BRENDA MOORE

---

viii) ਮੌਤ ਭੀ ਆਤੀ ਨਹੀਂ
ਆਸ ਭੀ ਜਾਤੀ ਨਹੀਂ ।
ਦਿਲ ਕੋ ਯਹ ਕਯਾ ਹੋ ਗਯਾ
ਕੋਈ ਸ਼ੈ ਭਾਤੀ ਨਹੀਂ ।
ix) ਤੁਮ ਅਪਨਾ ਰੰਜ-ਓ-ਗ਼ਮ
ਅਪਨੀ ਪਰੇਸ਼ਾਨੀ ਮੁਝੇ ਦੇ ਦੋ ।
ਤੁਮਹੇਂ ਉਨਕੀ ਕਸਮ
ਯੇ ਦੁਖ ਯੇ ਹੈਰਾਨੀ ਮੁਝੇ ਦੇ ਦੋ ।
x) ਸ਼ਰਮਾ ਕੇ ਨਾ ਯੂੰਹੀ ਖੋ ਦੇਨਾ
ਰੰਗੀਨ ਜਵਾਨੀ ਕੀ ਘੜੀਆਂ ।
ਬੇਤਾਬ ਧੜਕਤੇ ਸੀਨੋਂ ਕਾ
ਅਰਮਾਨ ਭਰਾ ਪੈਗਾਮ ਹੈ ਯਹ ।

ਕੀਹਦੇ ਲਈ, ਮੁੜ ਧਰਤੀ ਰੋਈ

—ਪਿਆਰਾ ਸਿੰਘ ਸਹਿਰਾਈ

ਕੀਹਦੇ ਲਈ ਮੁੜ ਧਰਤੀ ਰੋਈ
ਤੇ ਕੀਹਦੇ ਲਈ
ਅਸਮਾਨਾਂ ਨੇ ਅਥਰੂ ਡੋਲ੍ਹੇ
ਕੀਹਦੇ ਲਈ ਮੁੜ ਵਣ-ਤ੍ਰਿਣ ਰੋਏ
ਕੀਹਦੇ ਲਈ ਰੋਏ ਰਾਹ ਪੈਂਡੇ
ਭੁੱਬ ਮਾਰ ਕੀਹਦੇ ਲਈ ਰੋਈ
ਜਗ ਆਤਮਾ !
ਅੱਜ ਮੁੜ ਈਸਾ ਸੂਲੀ ਚੜ੍ਹਿਆ
ਅੱਜ ਮੁੜ ਬਿਸਮਲ ਫਾਹੇ ਲਗਿਆ ।

ਅੱਜ ਮੁੜ ਈਸਾ ਸੂਲੀ ਚੜ੍ਹਿਆ.....
ਸੋਗ ਵਿਚ ਪੂਰਾ ਅਫਰੀਕਾ
ਸਰਬ-ਏਸ਼ੀਆ,
ਯੂਰਪ ਤੇ ਮਾਨਵ ਜਗ ਸਾਰਾ ।
ਮੈਨੂੰ ਸੁਣਦੇ : ਭਗਤ ਸਿੰਘ, ਸੁਖਦੇਵ, ਗੁਰੂ ਦੇ
ਬੋਲ ਅੱਜ ਮੁੜ ਗੂੰਜ ਰਹੇ ਨੇ

ਹੱਕ ਸੱਚ ਲਈ ਰਿਹਾ ਜੂਝਦਾ
ਮਰਦ ਅਗੰਮੜਾ !
ਵਾਹ !
ਸ਼ਾਬਸ਼ੇ !
ਵੇਖੋ, ਲੋਕੋ,
ਕਿਹੜੇ ਧੱਜ ਉਹ ਤਖਤੇ ਚੜ੍ਹਿਆ
ਮਟਕ ਚਾਲ ਵਿਚ ਕੋਈ ਉਹਦੇ
ਤੁਰੇ ਜਿਵੇਂ ਆਸ਼ਕ ਲਟਕੰਦੜਾ !
ਵੇਖੋ, ਮਾਣੇ ਮੁਖ ਯਾਰ ਦਾ !

ਕੀ ਅੰਦਾਜ਼ ਸ਼ਾਹਾਨਾ ਉਹਦਾ !
ਰੰਗ, ਤੱਕੋ, ਮਸਤਾਨਾ ਉਹਦਾ !
ਤੇ ਗੌਰਵ ਉਹਦੇ ਚਿਹਰੇ ਦਾ
ਵੇਖ ਕੇ ਸੂਰਜ ਵੀ ਸ਼ਰਮਾਏ
ਗਗਨ ਓਸ ਨੂੰ ਸੀਸ ਝੁਕਾਏ ।
ਇਹ ਧੱਜ, ਇਹ ਅੰਦਾਜ਼, ਇਹ ਗੌਰਵ
'ਲੱਖਾਂ ਵਿਚੋਂ' ਕਿਸੇ ਇਕ ਦੇ ਹਿੱਸੇ ਆਏ !
ਸੱਚੇ ਇਸ਼ਕ ਦਾ ਚਮਤਕਾਰ ਜੋ—
ਜੋ ਕੌਮਾਂ ਦੀ ਰੱਖ ਵਿਖਾਏ !

ਜੂਝ ਮਰਨ ਦਾ ਚਾਓ ਰਣ ਵਿਚ
ਹੁੰਦਾ ਕੀ,
ਅੱਜ ਦੁਨੀਆਂ ਤੱਕੇ !
ਲਹੂ ਡੁਲ੍ਹਿਆ ਅੱਜ ਇਹ ਜਿਹੜਾ
ਸਾਣ-ਚੜ੍ਹੇ ਕੋਈ ਨਗਮੇ ਬਣ ਕੇ
ਗੂੰਜਣਗੇ !
ਅਫਰੀਕਾ ਦੀ ਰੂਹ
ਵਿਆਕੁਲ ਹੋ ਕੇ
ਰਣ-ਭੂਮੀ ਵਿਚ ਕੁੱਦ ਪਏਗੀ।
ਦਸਤਕ ਦੇਣੀ ਉਹਦੇ ਗੀਤਾਂ
ਬੂਹੇ ਬੂਹੇ !
ਬੈਂਜਮਿਨ ਸਾਕਾਰ ਅਫਰੀਕਾ !
ਗੀਤ ਉਹ ਜਾਗੇ ਅਫਰੀਕਾ ਦਾ !

ਹਾਕਮ ਜਮਾਤਾਂ ਦੀ ਛਤਰਛਾਇਆ ਹੇਠ ਪਲਦੇ ਫਿਰਕੂ ਜਨੂੰਨ ਦਾ ਵਿਰੋਧ ਕਰੋ

ਇਹ ਸਚਾਈ ਕਿਸੇ ਤੋਂ ਛੁਪੀ ਨਹੀਂ ਕਿ ਲੁੱਟ ਖਸੁੱਟ ਦੀ ਰਾਜਨੀਤੀ ਉਤੇ ਚੱਲਣ ਵਾਲੀਆਂ ਹਾਕਮ ਜਮਾਤਾਂ ਆਪਣੀ ਕੁਰਸੀ ਦੀ ਉਮਰ ਲੰਬੀ ਕਰਨ ਲਈ ਸਮੇਂ ਸਮੇਂ ਅਜਿਹੀਆਂ ਸਾਜ਼ਸ਼ਾਂ ਰਚਦੀਆਂ ਹਨ ਕਿ ਲੋਕਾਂ ਦਾ ਉਹਨਾਂ ਵਿਰੁੱਧ ਗੁੱਸਾ ਕਿਤੇ ਲੋਕ ਸੰਘਰਸ਼ ਵਿਚ ਨਾ ਬਦਲ ਜਾਵੇ। ਕੌਮੀ ਜਨੂੰਨ ਨੂੰ ਪੈਦਾ ਕਰਨ ਲਈ ਅਜਿਹਾ ਮਹੌਲ ਇਹ ਕਦੇ ਫਰਜ਼ੀ ਬਾਹਰੀ ਜਾਂ ਅੰਦਰੂਨੀ ਖਤਰੇ ਦਾ ਹਊਆ ਪੈਦਾ ਕਰਕੇ ਕਰਦੀਆਂ ਨੇ ਤਾਂਕਿ ਆਮ ਲੋਕਾਂ ਦੀਆਂ ਗੁੱਸੇ ਦੀਆਂ ਭਾਵਨਾਵਾਂ ਨੂੰ ਇਕ ਅਖੌਤੀ ਦੁਸ਼ਮਣ ਵੱਲ ਕੇਂਦਰਤ ਕੀਤਾ ਜਾਵੇ।

ਹਾਕਮ ਜਮਾਤਾਂ ਵੱਲੋਂ ਕੌਮੀ ਛਾਵਨਵਾਦ, ਧਾਰਮਿਕ ਜਾਨੂੰਨ, ਫਿਰਕਾਪ੍ਰਸਤੀ ਅਤੇ ਘੱਟ-ਗਿਣਤੀ ਲੋਕਾਂ ਉਪਰ ਅਤਿਆਚਾਰ ਵਰਗੇ ਵਰਤੇ ਜਾਂਦੇ ਕੋਝੇ ਹਥਿਆਰ ਇਹ ਸਿਧ ਕਰਦੇ ਹਨ ਕਿ ਭਾਰਤੀ ਸਰਕਾਰ ਲੋਕਾਂ ਦੀਆਂ ਨਿੱਤ ਵਰਤੋਂ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਕਿਸ ਹੱਦ ਤੱਕ ਫੇਲ੍ਹ ਹੋ ਚੁੱਕੀ ਹੈ।

ਪੰਜਾਬ ਦੇ ਮੌਜੂਦਾ ਹਾਲਾਤ ਪੰਜਾਬੀਆਂ ਦੀਆਂ ਹੱਕੀ ਮੰਗਾਂ ਵਿਚੋਂ ਹੀ ਉਭਰੇ ਹਨ, ਇਹੀ ਕੁਝ ਮੰਗਾਂ ਬਾਕੀ ਸੂਬਿਆਂ ਦੇ ਲੋਕਾਂ ਦੀਆਂ ਵੀ ਹਨ। ਪਰ ਪੰਜਾਬ ਵਿਚ ਅਤੇ ਕੇਂਦਰ ਵਿਚ ਮੌਜੂਦਾ ਸਿਆਸੀ ਪਾਰਟੀਆਂ ਨੇ ਪੰਜਾਬ ਅੰਦਰ ਆਪੋ ਆਪਣੀ ਤਾਕਤ ਜਮਾਉਣ ਲਈ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ। ਚੰਗੀ ਗੱਲ ਤਾਂ ਇਹ ਹੁੰਦੀ ਕਿ ਪੰਜਾਬ ਦੇ ਲੋਕ ਇਕੱਠੇ ਹੋ ਕੇ ਲੋਕ-ਵਿਰੋਧੀ ਕੇਂਦਰੀ ਸਰਕਾਰ ਦੇ ਖਿਲਾਫ ਲੜਦੇ, ਪਰ ਹਾਕਮ ਜਮਾਤਾਂ ਨੇ ਆਪਣੀ ਗੰਦੀ ਸਿਆਸਤ ਨਾਲ ਪੰਜਾਬ ਅੰਦਰ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਕਿ ਲੋਕ ਧਰਮ ਅਤੇ ਫਿਰਕੂ ਲੀਹਾਂ ਉਪਰ ਵੰਡੇ ਗਏ। ਜਿਸ ਨਾਲ ਅਨੇਕਾਂ ਬੇਗੁਨਾਹ ਲੋਕਾਂ ਦਾ ਅੰਨੇਵਾਹ ਘਾਣ ਕੀਤਾ ਗਿਆ।

ਜੂਨ 1984 ਵਿਚ ਪੰਜਾਬ ਉਪਰ ਫੌਜੀ ਹਮਲਾ ਕਰਕੇ ਹਕੂਮਤ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਆਮ ਲੋਕਾਂ ਨੂੰ ਦਹਿਸ਼ਤਪਸੰਦਾਂ ਤੋਂ ਨਿਜ਼ਾਤ ਦਿਵਾ ਰਹੀ ਹੈ। ਪਰ ਅਸਲੀਅਤ ਇਹ ਹੈ ਕਿ ਇਸੇ ਹੀ ਸਰਕਾਰ ਨੇ ਪਹਿਲਾਂ ਪੰਜਾਬ ਵਿਚ ਫਿਰਕਾਪ੍ਰਸਤੀ ਅਤੇ ਅਤਿਵਾਦੀ ਪੈਦਾ ਕੀਤੇ ਅਤੇ ਬਾਅਦ ਵਿਚ ਆਪਣੀਆਂ ਕਾਲੀਆਂ ਕਰਤੂਤਾਂ ਉਪਰ ਪੜਦਾ ਪਾਉਣ ਲਈ ਅਤੇ ਲੋਕਾਂ ਉਪਰ ਆਪਦਾ ਦਾਬਾ ਕਾਇਮ ਰੱਖਣ ਲਈ ਪੰਜਾਬ ਨੂੰ ਫੌਜੀ ਬੂਟਾਂ ਹੇਠ ਲਿਤਾੜਿਆ ਗਿਆ। ਹਾਕਮ ਜਮਾਤਾਂ ਦੀ ਫਿਰਕੂ ਅਤਿਵਾਦੀਆਂ ਨਾਲ ਭਾਈਬੰਦੀ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਜਦ ਅਸੀਂ ਦੇਖਦੇ ਹਾਂ ਕਿ ਪੰਜਾਬ ਅੰਦਰ ਅਤਿਵਾਦੀ ਆਪਣੀਆਂ ਕਾਰਵਾਈਆਂ ਖੁਲ੍ਹੇਆਮ ਕਰ ਰਹੇ ਹਨ ਅਤੇ ਇਸਦੇ ਨਾਲ ਨਾਲ ਲੋਕਾਂ ਉਪਰ ਫੌਜੀ ਅਤਿਆਚਾਰ ਵੀ ਜਾਰੀ ਹੈ। ਪਿੱਛੇ ਜਿਹੇ ਜਦ ਸਾਥੀ ਰਤਨ ਸਿੰਘ ਪਟਵਾਰੀ ਦਾ ਫਿਰਕੂ ਜਾਨੂੰਨੀਆਂ ਨੇ ਕਤਲ ਕੀਤਾ ਤਾਂ ਪੁਲੀਸ ਨੇ ਕਾਤਲਾਂ ਨੂੰ ਫੜਨ ਦਾ ਕੋਈ ਉਪਰਾਲਾ ਨਹੀਂ ਕੀਤਾ ਹਾਲਾਂਕਿ ਲੋਕਾਂ ਨੇ ਕਾਤਲਾਂ ਦੀ ਪਛਾਣ ਵੀ ਕਰ ਦਿਤੀ ਸੀ। ਜਦ ਸਾਥੀ ਰਤਨ ਸਿੰਘ ਦੇ ਕਾਤਲਾਂ ਨੂੰ ਲੋਕਾਂ ਨੇ ਗੱਡੀ ਚੜ੍ਹਾ ਦਿਤਾ ਤਾਂ ਪੁਲੀਸ ਨੇ ਇਕਦਮ ਪਿੰਡਾਂ ਨੂੰ ਘੇਰਾ ਪਾ ਲਿਆ ਅਤੇ ਪੁਲਸੀ ਬੁਰਛਾਗਰਦੀ ਦਾ ਕਹਿਰ ਢਾਅ ਦਿਤਾ।

ਭਾਰਤੀ ਸਰਕਾਰ ਬੜੀ ਬੇਸ਼ਰਮੀ ਨਾਲ ਧਰਮ-ਨਿਰਪੱਖਤਾ ਦਾ ਢੌਂਗ ਰਚਦੀ ਹੈ, ਜਦਕਿ ਅਸਲੀਅਤ ਇਹ ਹੈ ਕਿ ਹਕੂਮਤੀ ਕਾਂਗਰਸ ਪਾਰਟੀ ਨੇ ਭਾਰਤੀ ਲੋਕਾਂ ਨੂੰ ਹਮੇਸ਼ਾ ਧਾਰਮਿਕ ਲੀਹਾਂ ਤੇ ਪਾੜਕੇ ਆਪਣੇ ਆਪ ਨੂੰ ਤਾਕਤ ਵਿਚ ਬਰਕਰਾਰ ਰੱਖਿਆ ਹੈ। ਪਿਛਲੇ ਕੁਝ ਸਾਲਾਂ ਤੋਂ ਕਾਂਗਰਸ ਸਰਕਾਰ ਨੇ ਦੇਸ਼ ਭਰ ਵਿਚ ਹਿੰਦੂ ਛਾਵਨਵਾਦ ਨੂੰ ਬਹੁਤ ਉਭਾਰਿਆ ਹੈ ਖਾਸ ਕਰਕੇ ਹਿੰਦੀ ਬੋਲਦੇ ਇਲਾਕਿਆਂ ਵਿਚ। ਗੋਲਡਨ ਟੈਂਪਲ ਉਪਰ ਹਮਲਾ ਅਤੇ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿਚ ਹਜ਼ਾਰਾਂ ਬੇਗੁਨਾਹ ਸਿੱਖਾਂ ਦਾ ਕਤਲੇਆਮ, ਹਿੰਦੂ ਛਾਵਨਵਾਦ ਨੂੰ ਪੱਠੇ ਪਾਉਣ ਦੀ ਹੀ ਸਾਜ਼ਿਸ਼ ਸੀ। ਇਹਨਾਂ ਸਾਰੀਆਂ ਘਟਨਾਵਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਅਖੌਤੀ ਧਰਮ-ਨਿਰਪੱਖ ਭਾਰਤ ਵਿਚ ਘੱਟ-ਗਿਣਤੀ ਲੋਕ ਕਿੰਨੇ ਕੁ ਸੁਰੱਖਿਅਤ ਹਨ।

ਭਾਰਤ ਦੇ ਸਾਰੇ ਹਿੱਸਿਆਂ ਵਿਚ ਫਿਰਕੂ ਤਾਕਤਾਂ ਮਜ਼ਬੂਤ ਹੋ ਰਹੀਆਂ ਹਨ, ਅਤੇ ਸਾਰਿਆਂ ਨਾਲੋਂ ਵੱਧ ਖਤਰਨਾਕ ਫਿਰਕੂ ਤਾਕਤ ਹੈ — ਹਿੰਦੂ ਛਾਵਨਵਾਦ। ਇਸ ਖਤਰਨਾਕ ਮਹੌਲ ਵਿਚ ਸਭ ਤੋਂ ਮਹੱਤਵਪੂਰਨ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਫਿਰਕਾਪ੍ਰਸਤੀ, ਲੋਕਾਂ ਨੂੰ ਆਪਸ ਵਿਚ ਪਾੜਕੇ ਰੱਖਣ ਲਈ, ਹਾਕਮ ਜਮਾਤਾਂ ਦਾ ਇਕ ਵਧੀਆ ਹਥਿਆਰ ਹੈ, ਅਤੇ ਆਪਣੇ ਕੋਝੇ ਮਨਸੂਬਿਆਂ ਨੂੰ ਪੂਰਾ ਕਰਨ ਲਈ ਇਹ ਕਦੇ ਵੀ ਲੋਕਾਂ ਦਾ ਖੂਨ ਵਹਾਉਣ ਤੋਂ ਸੰਕੋਚ ਨਹੀਂ ਕਰਦੀਆਂ। ਇਸ ਕਰਕੇ ਇਹ ਬਹੁਤ ਜ਼ਰੂਰੀ ਹੈ ਕਿ ਪੰਜਾਬ ਦੀ ਹਾਲਤ ਨੂੰ ਸਮੁੱਚੇ ਮੁਲਕ ਦੀ ਹਾਲਤ ਤੋਂ ਵੱਖ ਕਰਕੇ ਨਹੀਂ ਦੇਖਣਾ ਚਾਹੀਦਾ;

ਅਕਸੀਰ

ਇਕ ਵਿਅਕਤੀ ਆਪਣੀ ਗੱਲ੍ਹ ਉਪਰ ਹੱਥ ਰੱਖੀ ਇਕ ਕੈਮਿਸਟ ਦੀ ਦੁਕਾਨ ਉੱਪਰ ਗਿਆ ਅਤੇ ਦੰਦ ਦਰਦ ਦੀ ਵਧੀਆ ਗੋਲੀ ਮੰਗੀ। ਕੈਮਿਸਟ ਨੇ ਉਸ ਨੂੰ 'ਦਰਦੋਲੀ' ਨਾਂਅ ਦੀ ਗੋਲੀ ਦਿਤੀ। ਉਸ ਆਦਮੀ ਨੇ ਇਹ ਗੋਲੀ ਵਾਪਸ ਕਰਦਿਆਂ ਹੋਇਆਂ ਕਿਹਾ, 'ਜਨਾਬ! ਮੈਨੂੰ ਕੋਈ ਚੰਗੀ ਜਿਹੀ ਫੌਰਨ ਅਸਰ ਕਰਨ ਵਾਲੀ ਦੁਆਈ ਦਿਓ।'

'ਜਨਾਬ! ਇਹ ਦੁਆਈ ਸਭ ਤੋਂ ਉੱਤਮ ਏ, ਬੱਸ ਅਕਸੀਰ ਏ ਅਕਸੀਰ। ਇਹ ਇਕ ਅਤਿ ਮਸ਼ਹੂਰ ਡਾਕਟਰ ਦੀ ਬਣਾਈ ਹੋਈ ਏ। ਸਾਰੀ ਦੁਨੀਆਂ ਵਿਚ ਡਾਕਟਰ ਖੁਰਾਨੇ ਦੀ ਦਰਦੋਲੀ ਮਸ਼ਹੂਰ ਏ। ਫੌਰਨ ਅਸਰ ਕਰਦੀ ਏ।' ਕੈਮਿਸਟ ਨੇ ਕਿਹਾ ਅਤੇ ਮਰੀਜ਼ ਚੀਖਿਆ, 'ਨਹੀਂ ਭਾਈ ਕਿਸੇ ਚੰਗੀ ਕੰਪਨੀ ਦੀ ਦੇ।'

'ਇਹ ਵਧੀਆ ਏ। ਅਸੀਂ ਹਰ ਮਹੀਨੇ ਕਈ ਡੱਬੇ ਵੇਚਦੇ ਹਾਂ।' ਕੈਮਿਸਟ ਕਹਿ ਹੀ ਰਿਹਾ ਸੀ ਕਿ ਮਰੀਜ਼ ਨੇ ਗੁੱਸੇ ਨਾਲ ਕਿਹਾ, 'ਤੁਸੀਂ ਇਕੋ ਗੱਲ ਤੇ ਜ਼ੋਰ ਕਿਉਂ ਦੇ ਰਹੇ ਹੋ, ਮੈਨੂੰ ਕੋਈ ਹੋਰ ਦੁਆਈ ਦਿਉ। ਜਾਣਦੇ ਨਹੀਂ ਮੈਂ ਹੀ ਡਾਕਟਰ ਖੁਰਾਨਾ ਹਾਂ।'

ਮਸ਼ੀਨ

ਇਕ ਔਰਤ ਸਿਲਾਈ ਦੀ ਮਸ਼ੀਨ ਖਰੀਦਣ ਲਈ ਇਕ ਦੁਕਾਨ ਉੱਪਰ ਗਈ। ਮਸ਼ੀਨ ਦੀ ਕੀਮਤ ਬਾਜ਼ਾਰ ਨਾਲੋਂ ਘੱਟ ਸੀ ਪਰ ਮਸ਼ੀਨ ਬਹੁਤੀ ਖੂਬਸੂਰਤ ਨਹੀਂ ਸੀ। ਇਸ ਲਈ ਉਹ ਔਰਤ ਦੋਚਿਤੀ ਵਿਚ ਫਸ ਗਈ। ਮਸ਼ੀਨ ਦੀ ਸ਼ਕਲ ਚੰਗੀ ਨਹੀਂ ਸੀ ਲੱਗ ਰਹੀ ਪਰ ਕੀਮਤ ਉਸ ਨੂੰ ਪਸੰਦ ਸੀ ਅਤੇ ਉਹ ਆਸਾਨੀ ਨਾਲ ਖਰੀਦ ਸਕਦੀ ਸੀ। ਔਰਤ ਨੂੰ ਦੋਚਿਤੀ ਵਿਚ ਫਸਿਆਂ ਵੇਖ ਸੇਲਜ਼ ਬੁਆਏ ਕਹਿਣ ਲੱਗਾ, 'ਭੈਣ ਜੀ! ਇਹ ਮਸ਼ੀਨ ਚੱਲਣ ਵਿਚ ਹਲਕੀ ਤੇ ਬੜੀ ਮਜ਼ਬੂਤ ਏ। ਬੱਸ ਜੀਵਨ ਭਰ ਸਾਥ ਦੇਣ ਵਾਲੀ ਏ। ਇਤਨੀ ਸਸਤੀ ਤੇ ਵਧੀਆ ਮਸ਼ੀਨ ਤੁਹਾਨੂੰ ਹੋਰ ਕਿਧਰੇ ਨਹੀਂ ਮਿਲਣੀ। ਦੂਜੇ ਇਹ ਸਮੇਂ ਅਨੁਸਾਰ ਵੀ ਏ।' 'ਉਹ ਕਿਵੇਂ?' ਔਰਤ ਨੇ ਪੁੱਛਿਆ ਤਾਂ ਸੇਲਜ਼ ਬੁਆਏ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ, 'ਉਹ ਇਸ ਲਈ ਕਿ ਇਕ ਹਫਤੇ ਤੋਂ ਕੋਈ ਮਸ਼ੀਨ ਨਹੀਂ ਵਿਕੀ। ਅੱਜ ਸ਼ਨੀਵਾਰ ਏ। ਜੇ ਅੱਜ ਵੀ ਨਾ ਵਿਕੀ ਤਾਂ ਮੇਰਾ ਦਾਣਾ-ਫੱਕਾ ਵਿਕ ਜਾਵੇਗਾ ਯਾਨੀ ਮੈਨੂੰ ਨੌਕਰੀ ਤੋਂ ਜੁਆਬ ਮਿਲ ਜਾਵੇਗਾ।

ਪ੍ਰੋਫੈਸਰ

ਬਾਇਓਲੋਜੀ ਦੇ ਪ੍ਰੋਫੈਸਰ ਡਾਕਟਰ ਚਾਨਣਾ ਇਕ ਦਿਨ ਕਲਾਸ ਵਿਚ ਲੈਕਚਰ ਦੇ ਰਹੇ ਸਨ। ਆਪ ਨੇ ਆਖਿਆ ਕਿ ਅੱਜ ਮੈਂ ਆਪਣੀ ਗੱਲ ਸਪਸ਼ਟ ਕਰਨ ਲਈ ਇਕ ਡੱਡੂ ਕੱਟਕੇ ਆਪਣੇ ਨਾਲ ਲਿਆਇਆ ਹਾਂ ਤਾਂ ਕਿ ਆਪ ਨੂੰ ਇਸ ਦੇ ਅੰਦਰਲੇ ਹਿੱਸੇ ਦਿਖਾਵਾਂ ਤੇ ਹਰੇਕ ਦੇ ਕੰਮ ਬਾਰੇ ਪੂਰੀ ਤਰ੍ਹਾਂ ਸਮਝਾਵਾਂ।' ਇਹ ਆਖ ਉਸ ਪਲਾਸਟਿਕ ਦੇ ਲਿਫਾਫੇ ਵਿਚੋਂ ਕਾਗਜ਼ ਵਿਚ ਵਲੇਟਿਆ ਹੋਇਆ ਡੱਡੂ ਕੱਢਿਆ। ਪਰ ਇਹ ਵੇਖਕੇ ਹੈਰਾਨ ਰਹਿ ਗਿਆ ਕਿ ਡੱਡੂ ਦੀ ਥਾਂ ਲਿਫਾਫੇ ਵਿਚੋਂ ਤਿੰਨ ਟੋਸਟ ਅਤੇ ਉਬਲਿਆ ਹੋਇਆ ਅੰਡਾ ਨਿਕਲਿਆ। ਇਹ ਵੇਖਕੇ ਪ੍ਰੋਫੈਸਰ ਬੁੜਬੁੜਾਇਆ, 'ਭਈ ਕਮਾਲ ਏ। ਹੁਣੇ ਹੁਣੇ ਤਾਂ ਕੈਨਟੀਨ ਵਿਚ ਬੈਠਕੇ ਮੈਂ ਇਹ ਚੀਜ਼ਾਂ ਖਾ ਕੇਆਇਆ ਹਾਂ ਤੇ ਦੂਜਾ ਲਿਫਾਫਾ ਆਪ ਲਈ ਲਿਆਇਆ ਹਾਂ ਜੇ ਇਹ ਟੋਸਟ ਨੇ ਤਾਂ ਡੱਡੂ ਕਿਥੇ

ਦੇਸ਼ ਭਰ ਵਿਚ ਲੋਕਾਂ ਦੇ ਸਿਰਾਂ ਉਪਰ ਅੱਜ ਜੋ ਖਤਰਾ ਮੰਡਲਾ ਰਿਹਾ ਹੈ, ਪੰਜਾਬ ਉਸਦਾ ਕੇਂਦਰ ਹੈ ।ਧਾਰਮਿਕ ਜਾਨੂੰਨੀ, ਬੇਸ਼ੱਕ ਉਹ ਕਿਸੇ ਵੀ ਧਰਮ ਨਾਲ ਸੰਬੰਧਤ ਹੋਣ, ਹਾਕਮ ਜਮਾਤਾਂ ਦੇ ਲੋਕਾਂ ਵਿਰੁੱਧ ਵਰਤੇ ਜਾਣ ਵਾਲੇ ਹਥਿਆਰ ਹਨ । ਲੋਕਾਂ ਨੂੰ ਇਸ ਸਚਾਈ ਨੂੰ ਸਮਝਣਾ ਚਾਹੀਦਾ ਹੈ ਅਤੇ ਫਿਰਕਾਪ੍ਰਸਤੀ ਤੇ ਧਾਰਮਿਕ ਜਾਨੂੰਨ ਖਿਲਾਫ ਇਕੱਠੇ ਹੋਣਾ ਚਾਹੀਦਾ ਹੈ ।

ਅਤਿਵਾਦ ਦੇ ਇਸ ਲੰਬੇ ਸਮੇਂ ਵਿਚ ਪੰਜਾਬ ਦੇ ਅਗਾਂਹਵਧੂ ਲੋਕਾਂ ਨੇ ਆਪਣੀ ਸਹੀ ਸੋਚ, ਧਾਰਮਿਕ ਜਾਨੂੰਨੀਆਂ ਦਾ ਵਿਰੋਧ ਅਤੇ ਫਿਰਕਾਪ੍ਰਸਤੀ ਦੀ ਜਨਮਦਾਤਾ ਭਾਰਤੀ ਹਕੂਮਤ ਦੇ ਵਿਰੋਧ ਨੂੰ ਕਾਇਮ ਰੱਖਿਆ। ਇਨਕਲਾਬੀਆਂ ਦੀ ਇਹ ਸਹੀ ਸੋਚ ਧਾਰਮਿਕ ਜਾਨੂੰਨੀਆਂ ਦੀਆਂ ਅੱਖਾਂ ਵਿਚ ਰੜਕ ਰਹੀ ਹੈ, ਇਸੇ ਕਰਕੇ ਹੀ ਇਹਨਾਂ ਜਾਨੂੰਨੀਆਂ ਨੇ ਕਮਿਊਨਿਸਟਾਂ ਅਤੇ ਅਗਾਂਹਵਧੂ ਲੋਕਾਂ ਜਿਵੇਂ ਕਿ ਸੁਖਰਾਜ ਖੱਦਰ, ਰਤਨ ਸਿੰਘ ਪਟਵਾਰੀ, ਅਰਜਨ ਸਿੰਘ ਮਸਤਾਨਾ, ਸਰਬਜੀਤ, ਅਜੀਤ ਰਾਮ ਅਤੇ ਉਸਦਾ ਨੌਂ ਸਾਲਾਂ ਦਾ ਮੁੰਡਾ ਬਬਲਾ ਅਤੇ ਸਵਰਨ ਸਿੰਘ ਨਾਗੋਕੇ ਨੂੰ ਕਤਲ ਕੀਤਾ ਹੈ। ਸਤੰਬਰ 1986 ਦੇ ਅਖੀਰ ਵਿਚ ਇਹਨਾਂ ਜਨੂੰਨੀ ਦਹਿਸ਼ਤਗਰਦਾਂ ਨੇ ਭਾਰਤੀ ਕਮਿਊ: ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਦੇ ਉਘੇ ਆਗੂ ਕਾਮਰੇਡ ਬਲਦੇਵ ਸਿੰਘ ਮਾਨ, ਅਤੇ ਭਾਰਤੀ ਕਮਿਊ: ਪਾਰਟੀ ਦੇ ਬਜ਼ੁਰਗ ਆਗੂ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਨੂੰ ਬੜੀ ਬੁਜ਼ਦਿਲੀ ਨਾਲ ਕਤਲ ਕਰ ਦਿੱਤਾ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਨੇ ਕਨੇਡਾ ਦੇ ਲੱਕੜੀ ਮਿਲਾਂ ਦੇ ਕਾਮਿਆਂ ਨੂੰ ਅਤੇ ਉਤਰੀ ਅਮਰੀਕਾ ਵਿਚ ਭਾਰਤੀ ਕਮਿਊਨਿਟੀ ਨੂੰ ਸਥਾਪਤ ਕਰਨ ਲਈ ਇਕ ਅਹਿਮ ਰੋਲ ਨਿਭਾਇਆ । ਭਾਰਤ ਵਾਪਿਸ ਜਾ ਕੇ ਵੀ ਲੋਕ ਸੇਵਾ ਦੇ ਕੰਮ ਕੀਤੇ ਅਤੇ ਸੀ. ਪੀ. ਆਈ. ਦੀ ਅਗਵਾਈ ਕੀਤੀ ।

ਸਾਥੀ ਬਲਦੇਵ ਸਿੰਘ ਮਾਨ ਸੀ. ਪੀ. ਆਈ. (ਮ. ਲ.) ਦਾ ਇਕ ਸਿਰਕੱਢ ਆਗੂ ਸੀ, ਜਿਸਨੇ ਵਿਦਿਆਰਥੀਆਂ ਅਤੇ ਮਜ਼ਦੂਰਾਂ ਨੂੰ ਆਪਣੇ ਹੱਕ ਲੈਣ ਲਈ ਜਥੇਬੰਦ ਕੀਤਾ । ਉਹ ਇਕ ਅਗਾਂਹਵਧੂ ਪਰਚੇ 'ਹਿਰਾਵਲ ਦਸਤਾ' ਦਾ ਸੰਪਾਦਕ ਸੀ, ਜਿਸ ਰਾਹੀਂ ਉਸਨੇ ਫਿਰਕਾਪ੍ਰਸਤਾਂ ਅਤੇ ਜਾਨੂੰਨੀਆਂ ਦੀ ਅਸਲੀਅਤ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ।

ਇਹਨਾਂ ਸਾਰੇ ਸਾਥੀਆਂ ਨੇ ਸਾਰੀ ਜ਼ਿੰਦਗੀ ਮਜ਼ਦੂਰਾਂ, ਕਿਸਾਨਾਂ ਅਤੇ ਲੁੱਟੇ ਪੁੱਟੇ ਜਾਂਦੇ ਲੋਕਾਂ ਦੇ ਹਿਤਾਂ ਲਈ ਸੰਘਰਸ਼ ਕੀਤਾ । ਕਿਉਂਕਿ ਉਹ ਲੋਕਾਂ ਦੇ ਆਰਥਿਕ ਅਤੇ ਜਮਹੂਰੀ ਹੱਕਾਂ ਲਈ ਜਦੋਜਹਿਦ ਕਰਦੇ ਸਨ, ਉਹਨਾਂ ਨੇ ਫਿਰਕਾਪ੍ਰਸਤੀ ਦੀ ਅਸਲੀਅਤ ਨੂੰ ਸਮਝਿਆ ਅਤੇ ਇਸਦੀ ਡਟਕੇ ਵਿਰੋਧਤਾ ਕੀਤੀ । ਇਸੇ ਕਰਕੇ ਹੀ ਖਾਲਿਸਤਾਨੀਆਂ ਨੇ ਇਹਨਾਂ ਦੇ ਕਤਲ ਕੀਤੇ । **ਫਿਰਕਾਪ੍ਰਸਤ ਅਤੇ ਧਾਰਮਿਕ ਜਾਨੂੰਨੀ, ਭਾਵੇਂ ਉਹ ਸ਼ਿਵ ਸੈਨਾ ਵਾਲੇ ਹੋਣ ਜਾਂ ਖਾਲਿਸਤਾਨੀ, ਸਰਕਾਰ 'ਵਿਰੁੱਧ' ਲੜਨ ਦੀਆਂ ਜਿੰਨੀਆਂ ਮਰਜ਼ੀ ਟਾਹਰਾਂ ਮਾਰਦੇ ਰਹਿਣ, ਅਸਲ ਵਿਚ ਉਹ ਸਿਰਫ ਆਪਣੇ ਸੌੜੇ ਹਿਤਾਂ ਅਤੇ ਵੱਡੀ ਪੱਧਰ 'ਤੇ ਹਾਕਮ ਜਮਾਤਾਂ ਦੇ ਹਿਤਾਂ ਦੀ ਹੀ ਸੇਵਾ ਕਰਦੇ ਹਨ ।**

ਅਸਲ ਲੜਾਈ ਕਿਸੇ ਇੱਕ ਫਿਰਕੇ ਦੇ ਜਾਂ ਧਰਮ ਦੇ ਲੋਕਾਂ ਦੀ ਕਿਸੇ ਹੋਰ ਫਿਰਕੇ ਜਾਂ ਧਰਮ ਦੇ ਲੋਕਾਂ ਵਿਚਕਾਰ ਨਹੀਂ ਹੈ, ਬਲਕਿ ਲੁੱਟੇ ਜਾਣ ਵਾਲੇ ਅਤੇ ਵੱਡੇ ਸਰਮਾਏਦਾਰਾਂ ਅਤੇ ਵੱਡੇ ਜਾਗੀਰਦਾਰਾਂ ਦੀ ਲੁਟੇਰੀ ਹਾਕਮ ਜਮਾਤ ਵਿਚਕਾਰ ਹੈ । ਇਹ ਹਾਕਮ ਜਮਾਤਾਂ ਫਿਰਕਾਪ੍ਰਸਤੀ ਦੇ ਗੰਦੇ ਹਥਿਆਰ ਨੂੰ ਵਰਤਕੇ, ਲੋਕਾਂ ਨੂੰ ਆਪਸ ਵਿਚ ਧਾਰਮਿਕ ਲੀਹਾਂ 'ਤੇ ਵੰਡ ਰਹੀਆਂ ਹਨ ਤਾਂਕਿ ਲੋਕਾਂ ਦਾ ਗੁੱਸਾ ਭਰਿਸ਼ਟ ਨਿਜ਼ਾਮ ਦੇ ਇਸ ਭਰਿਸ਼ਟ ਢਾਂਚੇ 'ਤੇ ਕੇਂਦਰਤ ਨਾ ਹੋਵੇ। ਇਹਨਾਂ ਨੇ ਮੁਲਕ ਵਿਚ ਇਕ ਅਜਿਹਾ ਮਹੌਲ ਪੈਦਾ ਕਰ ਦਿੱਤਾ ਹੈ, ਜਿਸ ਵਿਚ ਕੌਮੀ ਅਤੇ ਧਾਰਮਿਕ ਘੱਟ ਗਿਣਤੀ ਦੇ ਲੋਕਾਂ ਦੀ ਜਾਨ ਅਤੇ ਮਾਲ ਦੀ ਕੋਈ ਸੁਰੱਖਿਆ ਨਹੀਂ ਹੈ ਅਤੇ ਹਰ ਪਾਸੇ ਬੇਕਸੂਰੇ ਲੋਕ ਧਾਰਮਿਕ ਜਾਨੂੰਨੀਆਂ ਅਤੇ ਵੱਖਵਾਦੀਆਂ ਦੀ ਦਹਿਸ਼ਤ ਦਾ ਸ਼ਿਕਾਰ ਹੋ ਰਹੇ ਹਨ। ਅਜਿਹੀ ਦਹਿਸ਼ਤਗਰਦੀ ਵਿੱਚ ਲੋਕਾਂ ਦੀ ਚੰਗੇਰੇ ਜੀਵਨ ਅਤੇ ਸਹੀ ਜਮਹੂਰੀਅਤ ਦੀ ਮੰਗ ਦੀ ਸੰਘੀ ਘੁੱਟੀ ਗਈ ਹੈ ।

1. **ਅਸੀਂ ਉਤਰੀ ਅਮਰੀਕਾ ਵਿਚ ਰਹਿੰਦੇ ਸਾਰੇ ਭਾਰਤੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਧਾਰਮਿਕ ਜਾਨੂੰਨ ਅਤੇ ਫਿਰਕੂ ਹਿੰਸਾ ਦੀ ਨਿਖੇਧੀ ਕਰਨ । ਉਹ ਲੋਕ ਜਿਹੜੇ ਧਾਰਮਿਕ ਜਾਨੂੰਨ ਦੀ ਅੱਗ ਨੂੰ ਹਵਾ ਦੇ ਰਹੇ ਹਨ ਅਤੇ ਕਿਸੇ ਵੀ ਕਮਿਊਨਿਟੀ ਖਿਲਾਫ ਹਿੰਸਾ ਨੂੰ ਹੱਲਾਸ਼ੇਰੀ ਦਿੰਦੇ ਹਨ, ਦੀ ਕਿਸੇ ਕਿਸਮ ਦੀ ਕੋਈ ਮੱਦਦ ਨਾ ਕੀਤੀ ਜਾਵੇ ।**

2. **ਅਸੀਂ ਭਾਰਤ ਦੀਆਂ ਸਾਰੀਆਂ ਅਗਾਂਹਵਧੂ ਲੋਕ ਜਮਹੂਰੀ ਜਥੇਬੰਦੀਆਂ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਹ ਫਿਰਕੂ ਜਾਨੂੰਨ ਵਿਰੁੱਧ ਘੱਟੋਘੱਟ ਪ੍ਰੋਗਰਾਮ ਉਤੇ ਏਕਤਾ ਕਰਨ ਲਈ ਵੱਧ ਤੋਂ ਵੱਧ ਸਰਗਰਮ ਹੋਣ ਅਤੇ ਕਾਲੀਆਂ ਕਰਤੂਤਾਂ ਕਰਨ ਵਾਲੀਆਂ ਸਾਰੀਆਂ ਕਾਲੀਆਂ ਤਾਕਤਾਂ ਦਾ ਮੂੰਹ ਤੋੜਵਾਂ ਜੁਆਬ ਦੇਣ ।**

ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੇਰਿਕਾ(ਇਪਾਨਾ)

P.O.BOX 69646, STATION 'K', VANCOUVER, B.C. CANADA, V5K 4W7

ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮਿੰਟਨ

3539 - 61 STREET, EDMONTON, ALBERTA, CANADA, T6L 1H1

Oh! Jesus

[Dedicated to the National Libcreation struggle of South Africa]


Avtar S. Sadiq

I can see smoke is rising from the earth.
I can see who is throwing stones at our hearts.
Though I can understand the language of birds
How christian taunt may remain unheard?
How will you console my tormented soul
which mourned on the day of your birth.
Bells of your colour ringing in the church
If calling the same tune which I heard
The living deama of flesh and blood
Was that really the image of your face?
Should it be so the story of your race?
Could that solely be based on hate?
Oh! Jesus, believe me. my thoughts are full of grief
Being professional compelled to say in brief
On the backs of blacks whp glitter their days?
Through codes of conduct, further truth is difficult to say.

ਕੌਨ ਰੋਤਾ ਹੈ ਕਿਸੀ ਔਰ
ਕੀ ਖਾਤਿਰ ਐ ਦੋਸਤ !
ਸਭਕੋ ਅਪਨੀ ਹੀ ਕਿਸੀ
ਬਾਤ ਪੇ ਰੋਨਾ ਆਇਆ ।
ਜੋ ਤਾਰ ਸੇ ਨਿਕਲੀ ਹੈ
ਵੁਹ ਧੁਨ ਸਭਨੇ ਸੁਨੀ ਹੈ
ਜੋ ਸਾਜ਼ ਪੇ ਗੁਜ਼ਰੀ ਹੈ
ਵੁਹ ਕਿਸ ਦਿਲ ਕੋ ਪਤਾ ਹੈ ।



ਫ਼ਿਲਮ-ਲੋਕ



ਫ਼ਿਲਮ ਰੀਵੀਊ
"ਹਮਾਰਾ ਸ਼ਹਿਰ ਬੰਬੇ"


ਸੁਖਵੰਤ ਹੁੰਦਲ, ਸਾਧੂ

"ਹਮਾਰਾ ਸ਼ਹਿਰ ਬੰਬੇ" (Bombay our City) ਬੰਬਈ ਦੀ ਕਹਾਣੀ ਹੈ ਪਰ ਆਮ ਬੰਬਈਆਂ ਫਿਲਮਾਂ ਵਾਂਗ ਇਹ ਕਹਾਣੀ ਹੋਂਦ ਰਹਿਤ, ਕਲਪਤ ਪਾਤਰਾਂ ਦੀ ਕਹਾਣੀ ਨਹੀਂ ਸਗੋਂ ਬੰਬਈ ਸ਼ਹਿਰ ਦੇ 40 ਲੱਖ ਲੋਕਾਂ ਦੀ ਕਹਾਣੀ ਹੈ ਇਹ ਚਾਲ੍ਹੀ ਲੱਖ ਲੋਕ ਬੇ-ਘਰ, ਸੜਕਾਂ, ਫੁੱਟਪਾਥਾਂ ਅਤੇ ਝੌਂਪੜਪੱਟੀਆਂ ਵਿਚ ਰਹਿੰਦੇ ਹਨ।

ਇਹ ਲੋਕ ਹਿੰਦੁਸਤਾਨ ਤੇ ਖਾਸ ਕਰਕੇ ਮਹਾਂਰਾਸ਼ਟਰ ਦੇ ਪਿੰਡਾਂ ਵਿਚੋਂ ਉਠਕੇ ਰੁਜ਼ਗਾਰ ਦੀ ਭਾਲ ਵਿਚ ਬੰਬਈ ਆਏ ਹਨ। ਉਨ੍ਹਾਂ ਵਿਚ ਬਹੁਤਿਆਂ ਦੀਆਂ ਥੋੜੀਆਂ ਬਹੁਤ ਜ਼ਮੀਨਾਂ ਜੋ ਪਿੰਡਾਂ ਵਿਚ ਸਨ ਉਸ ਉਪਰ ਪਿੰਡ ਦੇ ਸ਼ਾਹੂਕਾਰਾਂ ਅਤੇ ਜਾਗੀਰਦਾਰਾਂ ਨੇ ਕਬਜ਼ਾ ਕਰ ਲਿਆ ਹੈ। ਜਿਹੜੇ ਲੋਕ ਸਿਰਫ ਮਿਹਨਤ ਮਜ਼ਦੂਰੀ ਕਰਦੇ ਸਨ, ਉਨ੍ਹਾਂ ਨੂੰ ਇਨ੍ਹਾਂ ਸ਼ਾਹੂਕਾਰਾਂ ਅਤੇ ਜਗੀਰਦਾਰਾਂ ਦੀਆਂ ਵਗਾਰਾਂ ਕਰਨੀਆਂ ਪੈਂਦੀਆਂ ਸਨ। ਇਸ ਸਭ ਕੁਝ ਤੋਂ ਅੱਕ ਅਤੇ ਥੱਕ ਕੇ ਇਹ ਲੋਕ ਬੰਬਈ ਸ਼ਹਿਰ ਵਿਚ ਰੋਜ਼ੀ ਦੀ ਤਲਾਸ਼ ਲਈ ਪਹੁੰਚੇ ਹਨ। ਪਿੰਡਾਂ ਵਿਚੋਂ ਸ਼ਹਿਰਾਂ ਵੱਲ ਜਾਣ ਦਾ ਰੁਝਾਨ ਇਕੱਲੇ ਬੰਬਈ ਵਿਚ ਹੀ ਨਹੀਂ ਵਾਪਰ ਰਿਹਾ ਸਗੋਂ ਇਹ ਹਿੰਦੁਸਤਾਨ ਦੇ ਬਾਕੀ ਸ਼ਹਿਰਾਂ ਜਿਵੇਂ ਕਲਕੱਤੇ, ਦਿੱਲੀ ਆਦਿ ਵਿਚ ਵੀ ਵਾਪਰ ਰਿਹਾ ਹੈ। ਅਸਲ ਵਿਚ ਇਹ ਰੁਝਾਨ ਅੰਤਰ ਰਾਸ਼ਟਰੀ ਰੁਝਾਨ ਹੈ। ਸਰਮਾਏ ਦੇ ਵਿਕਾਸ ਨਾਲ ਵੱਡੀਆਂ ਵੱਡੀਆਂ ਫੈਕਟਰੀਆਂ ਅਤੇ ਉਦਯੋਗਾਂ ਦੇ ਲੱਗਣ ਕਾਰਨ ਰੁਜ਼ਗਾਰ ਅਤੇ ਜੀਣ ਦੇ ਸਾਧਨ ਸ਼ਹਿਰਾਂ ਵਿਚ ਕੇਂਦਰਿਤ ਹੁੰਦੇ ਜਾਂਦੇ ਹਨ। ਸ਼ਹਿਰਾਂ ਵਿਚ ਲੱਗੇ ਇਨ੍ਹਾਂ ਕਾਰਖਾਨਿਆਂ ਅਤੇ ਮਿੱਲਾਂ ਨੂੰ ਮਜ਼ਦੂਰਾਂ ਦੀ ਲੋੜ ਹੁੰਦੀ ਹੈ ਅਤੇ ਇਸ ਲੋੜ ਨੂੰ ਪੂਰਾ ਕਰਨ ਲਈ ਉਹ ਪਿੰਡਾਂ ਵਿਚ ਪਹੁੰਚਦੇ ਹਨ ਅਤੇ ਪਿੰਡਾਂ ਵਿਚੋਂ ਲੋਕ ਸ਼ਹਿਰਾਂ ਵੱਲ ਆਉਣੇ ਸ਼ੁਰੂ ਹੁੰਦੇ ਹਨ। ਸਭ ਤੋਂ ਪਹਿਲਾਂ ਇਹ ਰੁਝਾਨ ਇੰਗਲੈਂਡ ਵਿਚ ਸਨਅਤੀ ਇਨਕਲਾਬ ਤੋਂ ਬਾਅਦ ਸ਼ੁਰੂ ਹੋਇਆ ਤੇ ਅੱਜ ਇਹ ਵਿਕਾਸ ਕਰ ਰਹੇ ਦੇਸ਼ਾਂ ਵਿਚ ਵਾਪਰ ਰਿਹਾ ਹੈ। ਇਸ ਤਰ੍ਹਾਂ ਇਸ ਪੱਖੋਂ ਇਹ ਫਿਲਮ ਬੰਬਈ ਬਾਰੇ ਗੱਲ ਕਰਦੀ ਕਰਦੀ ਅੰਤਰਰਾਸ਼ਟਰੀ ਮਸਲੇ ਬਾਰੇ ਗੱਲ ਕਰਦੀ ਹੈ।

ਜਦੋਂ ਪਿੰਡਾਂ ਵਿਚੋਂ ਰੋਜ਼ੀ ਦੀ ਭਾਲ ਵਿਚ ਇਹ ਲੋਕ ਬੰਬਈ ਪਹੁੰਚਦੇ ਹਨ ਤਾਂ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਇਮਾਰਤਾਂ ਬਣਾਉਣ ਦੀ ਸਨਅਤ (Construction Industry) ਵਿਚ ਕੰਮ ਮਿਲ ਗਿਆ। ਬਾਕੀ ਵੀ ਕੋਈ ਨਾ ਕੋਈ ਹੋਰ ਜਿਵੇਂ ਘਰਾਂ ਵਿਚ ਨੌਕਰਾਂ ਦੇ ਤੌਰ ਤੇ ਕੰਮ ਕਰਦੇ ਹਨ। ਰੁਜ਼ਗਾਰ ਤਾਂ ਉਨ੍ਹਾਂ ਨੂੰ ਮਿਲ ਗਿਆ ਪਰ ਰਹਿਣ ਲਈ ਕੋਈ ਥਾਂ ਟਿਕਾਣਾ ਨਹੀਂ। ਕਿਉਂਕਿ ਉਨ੍ਹਾਂ ਨੂੰ ਤਨਖਾਹ ਏਨੀ ਕੁ ਮਿਲਦੀ ਹੈ ਜਿਸ ਨਾਲ ਉਹ ਰੁੱਖੀ ਮਿੱਸੀ ਰੋਟੀ ਤਾਂ ਖਾ ਸਕਦੇ ਹਨ ਪਰ ਮਕਾਨ ਦਾ ਪ੍ਰਬੰਧ ਨਹੀਂ ਕਰ ਸਕਦੇ। ਇਸ ਲਈ ਇਹ ਲੋਕ ਸੜਕਾਂ, ਫੁੱਟਪਾਥਾਂ ਅਤੇ ਬਣ ਰਹੀਆਂ ਇਮਾਰਤਾਂ ਦੇ ਨਾਲ ਲੱਗਦੀਆਂ ਖਾਲੀ ਥਾਵਾਂ ਝੌਂਪੜੀਆਂ ਬਣਾਕੇ ਰਹਿਣ ਲਈ ਮਜ਼ਬੂਰ ਹਨ। ਬੰਬਈ ਸ਼ਹਿਰ ਦੀ ਮਿਊਂਸਪਲ ਸਰਕਾਰ ਇਨ੍ਹਾਂ ਬੇਘਰਾਂ ਦੇ ਘਰ ਬਾਰ ਦੀ ਸਮੱਸਿਆ ਦੂਰ ਕਰਨ ਦੀ ਥਾਂ ਉਨ੍ਹਾਂ ਦੀਆਂ ਝੌਂਪੜੀਆਂ ਉਖਾੜਨ ਲਈ ਸਰਗਰਮ ਹੈ। ਕਿਉਂਕਿ ਉਸ ਉਪਰ ਸ਼ਹਿਰ ਦੇ ਅਮੀਰਾਂ ਦਾ ਅਸਰ ਹੈ ਅਤੇ ਇਨ੍ਹਾਂ ਅਮੀਰਾਂ ਨੂੰ ਲੋਕਾਂ ਦਾ ਸੜਕਾਂ, ਫੁੱਟਪਾਥਾਂ ਤੇ ਰਹਿਣਾ ਪਸੰਦ ਨਹੀਂ। ਉਨ੍ਹਾਂ ਦੇ ਖਿਆਲ ਵਿਚ ਬੰਬਈ ਦੀ ਖੂਬਸੂਰਤੀ ਖਰਾਬ ਕਰਦੇ ਹਨ। ਬੰਬਈ ਦੀ ਮਿਊਂਸਪਲ ਕਾਰਪੋਰੇਸ਼ਨ ਦੇ ਕਰਮਚਾਰੀ, ਪੁਲੀਸ ਫੋਰਸ ਨਾਲ ਲਿਜਾਕੇ ਝੌਂਪੜੀਆਂ ਢਾਹ ਦਿੰਦੀ ਹੈ ਅਤੇ ਲੋਕਾਂ ਦਾ ਸਮਾਨ ਟਰੱਕਾਂ ਵਿਚ ਲੱਦ ਲਿਜਾਂਦੀ ਹੈ। ਪਰ ਇਹ ਲੋਕ ਕੋਈ ਹੋਰ ਥਾਂ ਨਾ ਹੋਣ ਕਰਕੇ ਫਿਰ ਉਸ ਹੀ ਜਗ੍ਹਾ ਝੌਂਪੜੀਆਂ ਬਣਾਉਂਦੇ ਹਨ। ਇਸਦੇ ਨਾਲ ਨਾਲ ਇਹ ਲੋਕ ਸਰਕਾਰ ਦੀ ਇਸ ਵਧੀਕੀ ਵਿਰੁਧ ਜਦੋਜਹਿਦ ਕਰ ਰਹੇ ਹਨ। ਇਸ ਜਦੋਜਹਿਦ ਵਿਚ ਉਨ੍ਹਾਂ ਦੇ ਨਾਲ ਬੰਬਈ ਦੇ ਹੋਰ ਸਾਧਾਰਣ ਲੋਕ ਜਿਵੇਂ ਮਜ਼ਦੂਰ ਯੂਨੀਅਨ ਅਤੇ ਲੋਕਪੱਖੀ ਪਾਰਟੀਆਂ ਵੀ ਸ਼ਾਮਲ ਹਨ। ਇਸ ਤਰ੍ਹਾਂ ਇਹ ਸਾਰੀ ਫਿਲਮ ਬੰਬਈ ਦੀ ਮਿਊਂਸਪਲ ਸਰਕਾਰ ਅਤੇ ਇਨ੍ਹਾਂ ਲੋਕਾਂ ਦਰਮਿਆਨ ਕਸ਼ਮਕਸ਼ ਦੀ ਕਹਾਣੀ ਹੈ।

ਇਸ ਕਸ਼ਮਕਸ਼ ਦੇ ਦੌਰਾਨ ਜੋ ਕੁਝ ਸਾਹਮਣੇ ਆਉਂਦਾ ਹੈ, ਉਸ ਵਿਚ ਕੁਝ ਪੱਖ ਬੜੇ ਸਾਫ ਵਿਖਾਈ ਦਿੰਦੇ ਹਨ। ਜਿਵੇਂ : 1. ਇਸ ਬੇਘਰੇ ਜੀਵਨ ਦਾ ਇਨ੍ਹਾਂ ਚਾਲੀ ਲੱਖ ਲੋਕਾਂ ਦੇ ਜੀਵਨ ਉਪਰ ਕੀ ਅਸਰ ਪੈਂਦਾ ਹੈ। 2. ਬੰਬਈ ਦੇ ਅਮੀਰ ਲੋਕਾਂ ਦਾ ਇਨ੍ਹਾਂ ਲੋਕਾਂ ਬਾਰੇ ਕੀ ਰਵੱਈਆ ਹੈ। 3. ਬੰਬਈ ਦੀ ਮਿਊਂਸਪਲ, ਮਹਾਂਰਾਸ਼ਟਰ ਦੀ ਪ੍ਰਾਂਤਕ ਤੇ ਹਿੰਦੁਸਤਾਨ ਦੀ ਕੇਂਦਰੀ ਸਰਕਾਰ ਦੀ ਨਲਾਇਕੀ। 4. ਬੰਬਈ ਦੀ ਫਿਲਮ ਇੰਡਸਟਰੀ ਦੀ ਬਦਮਾਸ਼ੀ।



ਝੌਂਪੜਪੱਟੀਆਂ 'ਚ ਰਹਿਣ ਵਾਲੇ ਇਨ੍ਹਾਂ ਚਾਲੀ ਲੱਖ ਲੋਕਾਂ ਵਿਚੋਂ ਕੁੱਝ ਲੋਕ ਅਜਿਹੇ ਹਨ ਜੋ ਪੰਦਰਾਂ ਤੋਂ ਤੀਹ ਸਾਲ ਦੇ ਇਸ ਤਰ੍ਹਾਂ ਰਹਿ ਰਹੇ ਹਨ। ਕਈ ਅਜਿਹੇ ਹਨ ਜਿਹੜੇ ਦੂਜੀ ਪੀੜ੍ਹੀ ਦੇ ਉਥੇ ਰਹਿ ਰਹੇ ਹਨ। ਇਸ ਗੱਲ ਦਾ ਅੰਦਾਜ਼ਾ ਸੌਖਿਆਂ ਹੀ ਲਾਇਆ ਜਾ ਸਕਦਾ ਹੈ ਕਿ ਇਹ ਲੋਕ ਜਿਹੜੇ 15-20 ਸਾਲਾਂ ਤੋਂ ਇਸ ਤਰ੍ਹਾਂ ਦਾ ਬੇ-ਘਰਿਆਂ ਵਾਲਾ ਜੀਵਨ ਜੀ ਰਹੇ ਹਨ ਉਨ੍ਹਾਂ ਦੇ ਜੀਵਨ ਤੇ ਇਸ ਦਾ ਕੀ ਅਸਰ ਪੈਂਦਾ ਹੋਵੇਗਾ। ਇਸ ਫਿਲਮ ਵਿਚੋਂ ਇਸਦੀ ਇਕ ਉਦਾਹਰਣ ਦਿੰਦੇ ਹਾਂ : ਭਾਰਤ ਸਰਕਾਰ ਦੇ ਇਕ ਕਾਨੂੰਨ ਮੁਤਾਬਕ ਉਹ ਬੱਚੇ ਸਕੂਲਾਂ ਵਿਚ ਦਾਖਲ ਨਹੀਂ ਹੋ ਸਕਦੇ ਜਿਹਨਾਂ ਦਾ ਕੋਈ ਪੱਕਾ ਐਡਰੈਸ ਨਹੀਂ। ਇਸ ਤਰ੍ਹਾਂ ਇਨ੍ਹਾਂ ਚਾਲੀ ਲੱਖ ਲੋਕਾਂ ਦੇ ਪਤਾ ਨਹੀਂ ਕਿੰਨੇ ਲੱਖ ਬੱਚਿਆਂ ਨੂੰ ਪੜ੍ਹਨ ਦਾ ਕੋਈ ਮੌਕਾ ਨਹੀਂ ਮਿਲ ਰਿਹਾ। ਜਦੋਂ ਇਹ ਬੱਚੇ ਵੱਡੇ ਹੋਣਗੇ ਤਾਂ ਉਨ੍ਹਾਂ ਦਾ ਕੀ ਭਵਿਖ ਹੋਵੇਗਾ।

ਫਿਲਮ ਵਿਚ ਕੁਝ ਅਮੀਰਾਂ ਅਤੇ ਉਦੋਂ ਦੇ ਪੋਲੀਸ ਦੇ ਇਨਸਪੈਕਟਰ ਜਨਰਲ ਰੀਬੈਰੋ (ਜੋ ਅੱਜ ਕੱਲ੍ਹ ਪੰਜਾਬ 'ਚ ਅਮਨ ਦੀ ਰਾਖੀ ਕਰਨ ਗਿਆ ਹੈ) ਨਾਲ ਵੀ ਮੁਲਾਕਾਤਾਂ ਜਾਂ ਉਨ੍ਹਾਂ ਦੇ ਭਾਸ਼ਨ ਦਿਤੇ ਗਏ ਹਨ। ਇਨ੍ਹਾਂ ਸਭ ਦੀ ਇਕ ਹੀ ਆਵਾਜ਼ ਹੈ ਇਹ ਲੋਕ ਮੁਜ਼ਰਿਮ ਹਨ। ਪਰ ਤੱਥ ਇਸਦੇ ਬਿਲਕੁਲ ਉਲਟ ਹਨ ਝੌਂਪੜਪੱਟੀਆਂ 'ਚ ਰਹਿਣ ਵਾਲੇ ਇਹ ਲੋਕ ਬੰਬਈ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਹਨ। ਇਹ ਲੋਕ ਘਰਾਂ ਵਿਚ ਨੌਕਰਾਂ ਦਾ ਕੰਮ ਕਰਕੇ, ਕਚਰੇ ਵਿਚੋਂ ਕਾਗਜ਼, ਕੱਚ ਤੇ ਵਾਲ ਚੁਣਕੇ ਤੇ ਹੋਰ ਮਜ਼ਦੂਰੀ ਕਰਕੇ ਆਪਣਾ ਪੇਟ ਪਾਲਦੇ ਹਨ। ਬੰਬਈ ਦੇ ਇਮਾਰਤਾਂ ਬਨਾਉਣ ਦੀ ਸਨਅਤ ਇਨ੍ਹਾਂ ਲੋਕਾਂ ਦੀ ਮਿਹਨਤ ਦੀ ਲੁੱਟ ਕਰਕੇ ਹੀ ਏਨੀ ਪ੍ਰਫੁਲਤ ਹੈ। ਫਿਲਮ ਦੇ ਇਕ ਪਾਤਰ ਮੁਤਾਬਕ "ਜੇ ਇਹ ਸਭ ਲੋਕ ਬੰਬਈ ਵਿਚ ਨਾ ਹੋਣ ਤਾਂ ਬੰਬਈ ਭੁੱਖੀ ਮਰ ਜਾਏ।" ਜਦੋਂ ਇਸ ਤਰ੍ਹਾਂ ਦੇ ਤੱਥਾਂ ਦੇ ਆਧਾਰ ਤੇ ਅਮੀਰਾਂ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਵੀ ਉਹ 'ਮੈਂ ਨਾ ਮਾਨੂੰ' ਰੱਟ ਲਾਈ ਇਹ ਹੀ ਕਹੀ ਜਾਂਦੇ ਹਨ ਕਿ ਝੌਂਪੜਪੱਟੀਆਂ 'ਚ ਰਹਿਣ ਵਾਲੇ ਇਹ ਲੋਕ ਮੁਜ਼ਰਿਮ ਹਨ, ਚੋਰ ਹਨ।

ਏਨੀ ਵੱਡੀ ਗਿਣਤੀ ਵਿਚ ਲੋਕ ਬੰਬਈ 'ਚ ਬੇਘਰਿਆਂ ਵਾਲਾ ਜੀਵਨ ਬਤੀਤ ਕਰ ਰਹੇ ਹਨ ਪਰ ਬੰਬਈ ਦੀ ਕਾਰਪੋਰੇਸ਼ਨ ਇਨ੍ਹਾਂ ਲਈ ਰਹਿਣ ਸਹਿਣ ਦਾ ਪ੍ਰਬੰਧ ਕਰਨ ਦੀ ਥਾਂ ਸ਼ਹਿਰ ਦੀ ਖੂਬਸੂਰਤੀ ਕਾਇਮ ਰਖਣ ਲਈ ਇਨ੍ਹਾਂ ਲੋਕਾਂ ਨੂੰ ਮਜ਼ਬੂਤ ਕਰ ਰਹੀ ਹੈ ਕਿ ਉਹ ਲੋਕ ਬੰਬਈ ਛੱਡ ਕੇ ਪਿੰਡਾਂ ਨੂੰ ਪਰਤ ਜਾਣ। ਉਹਨਾਂ ਪਿੰਡਾਂ ਨੂੰ ਜਿਥੋਂ ਉਹ ਭੁੱਖ ਦੇ ਸਤਾਏ ਬੰਬਈ ਆਏ ਸਨ। ਬੰਬਈ ਦੀ ਇਹ ਕਾਰਪੋਰੇਸ਼ਨ ਇਨ੍ਹਾਂ ਲੋਕਾਂ ਦੀ ਭਲਾਈ ਲਈ ਕੋਈ ਪੈਸਾ ਖਰਚਣ ਨੂੰ ਤਿਆਰ ਨਹੀਂ ਪਰ ਪੁਲੀਸ ਦੀ ਤਾਕਤ ਨੂੰ ਹੋਰ ਮਜ਼ਬੂਤ ਕਰਨ ਲਈ ਪੈਸਾ ਖਰਚਣ ਨੂੰ ਤਿਆਰ ਹੈ। ਇਸ ਤਰ੍ਹਾਂ ਬੰਬਈ ਦੀ ਮਿਊਂਸਪਲ ਸਰਕਾਰ ਅਤੇ ਮਹਾਂਰਾਸ਼ਟਰ ਦੀ ਪ੍ਰਾਂਤਕ ਸਰਕਾਰ ਦਾ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਸਾਧਾਰਣ ਲੋਕਾਂ ਦਾ ਕਿੰਨਾ ਕੁ ਫਿਕਰ ਹੈ। ਜਿਵੇਂ ਅਸੀਂ ਪਹਿਲਾਂ ਦੱਸਿਆ ਹੈ ਕਿ ਇਹ ਕੁੱਝ ਇਕੱਲੇ ਬੰਬਈ 'ਚ ਨਹੀਂ ਵਾਪਰਦਾ ਸਗੋਂ ਹਿੰਦੁਸਤਾਨ ਦੇ ਬਾਕੀ ਸ਼ਹਿਰਾਂ ਵਿਚ ਵੀ ਹਰ ਰੋਜ਼ ਵਾਪਰਦਾ ਹੈ। ਇਸ ਤੋਂ ਹਿੰਦੁਸਤਾਨ ਦੇ ਸਰਕਾਰੀ ਪ੍ਰਬੰਧ ਬਾਰੇ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ ਕਿ ਉਹ ਕਿੰਨਾ ਕੁ ਲੋਕ ਪੱਖੀ ਹੈ।

ਫਿਲਮ ਦੇਖਣ ਬਾਅਦ ਬੰਬੇ ਦੀ ਫਿਲਮ ਇੰਡਸਟਰੀ ਬਾਰੇ ਤਾਂ ਇਹ ਹੀ ਪਤਾ ਲਗਦਾ ਹੈ ਕਿ ਉਹ ਲੋਕਾਂ ਨਾਲ ਕਿੰਨੀ ਬਦਮਾਸ਼ੀ ਕਰ ਰਹੀ ਹੈ। ਹਰ ਸਾਲ ਬੰਬਈ ਵਿਚ 400 ਤੋਂ ਵੱਧ ਫਿਲਮਾਂ ਬਣਦੀਆਂ ਹਨ। ਸਾਡੀ ਜਾਣਕਾਰੀ ਮੁਤਾਬਕ ਸਿਰਫ ਇਕ ਫਿਲਮ (ਚੱਕਰਾ) ਤੋਂ ਬਿਨਾਂ ਕੋਈ ਵੀ ਅਜਿਹੀ ਫਿਲਮ ਨਹੀਂ ਬਣੀ ਜੋ ਬੰਬਈ ਦੇ ਇਨ੍ਹਾਂ ਚਾਲੀ ਲੱਖ ਲੋਕਾਂ ਦੀ ਜ਼ਿੰਦਗੀ ਉਪਰ ਸਹੀ ਰੌਸ਼ਨੀ ਪਾਉਂਦੀ ਹੋਵੇ। ਜਦ ਕਿ ਇਨ੍ਹਾਂ ਲੋਕਾਂ ਨਾਲ ਇਹ ਸਭ ਕੁਝ ਕਾਫੀ ਲੰਬੇ ਸਮੇਂ ਤੋਂ ਹੋ ਰਿਹਾ ਹੈ ਅਤੇ ਇਹ ਲੋਕ ਬੰਬਈ ਵਿਚ ਇਸ ਵਿਰੁੱਧ ਡਟ ਕੇ ਜਦੋਜਹਿਦ ਕਰ ਰਹੇ ਹਨ। ਜੇ ਬੰਬਈ ਦੀ ਫਿਲਮ ਇੰਡਸਟਰੀ ਆਪਣੇ ਨੱਕ ਹੇਠਾਂ ਰਹਿੰਦੇ ਲੋਕਾਂ ਦੀ ਸਹੀ ਤਸਵੀਰ ਨਹੀਂ ਪੇਸ਼ ਕਰ ਸਕਦੀ ਤਾਂ ਬਾਕੀ ਭਾਰਤ ਵਿਚ ਰਹਿੰਦੇ ਲੋਕਾਂ ਦੇ ਜੀਵਨ ਬਾਰੇ ਕਿਸ ਤਰ੍ਹਾਂ ਦੀ ਸਚਾਈ ਪੇਸ਼ ਕਰਦੀ ਹੋਵੇਗੀ। ਸਾਫ ਜ਼ਾਹਿਰ ਹੈ ਕਿ ਬੰਬਈ ਦੀ ਫਿਲਮ ਇੰਡਸਟਰੀ ਹਰ ਸਾਲ ਲੋਕਾਂ ਦੀ ਜ਼ਿੰਦਗੀ ਨਾਲ ਦੂਰ ਦਾ ਵਾਸਤਾ ਨਾ ਰਖਣ ਵਾਲੀਆਂ, ਲੋਕਾਂ ਨੂੰ ਅਸਲੀਅਤ ਤੋਂ ਦੂਰ ਲਿਜਾਣ ਵਾਲੀਆਂ, ਸੈਂਕੜਿਆਂ ਦੀ ਗਿਣਤੀ ਵਿਚ ਫਿਲਮਾਂ ਬਣਾਕੇ, ਲੋਕਾ ਨਾਲ ਹੇਰਾ ਫੇਰੀ ਕਰ ਰਹੀ ਹੈ।

ਇਸ ਫਿਲਮ ਦੀ ਸਾਰੀ ਕਹਾਣੀ ਫਿਲਮ ਦੇ ਇਕ ਪਾਤਰ ਵਲੋਂ ਕੀਤੀ ਅਗੇ ਦਿਤੀ ਗੱਲਬਾਤ ਵਿਚ ਸਮਾਈ ਹੈ :

"ਕਿਸਕੀ ਕਦਰ ਹੈ। ਜੋ ਅਮੀਰ ਹੈ। ਜਿਸਕੇ ਪਾਸ ਮੋਟਰਕਾਰ ਹੈ, ਬੰਗਲਾ ਹੈ। ਉਸਕੇ ਸਾਥ ਦਸ ਆਦਮੀ ਖੜੇ ਰਹੇਂਗੇ। ਉਸਕੋ ਔਰ ਬੜਾ ਕਰੇਂਗੇ। ਪਰ ਯਹ ਕੋਈ ਨਹੀਂ ਸੋਚੇਗਾ ਕਿ ਕਿਤਨੇ ਗਰੀਬ ਲੋਕ ਹੈਂ। ਕਿਤਨੇ ਗਰੀਬ ਝੌਂਪੜਪੱਟੀਆਂ ਮੇਂ ਰਹਿਤੇ ਹੈਂ।"

"ਬੰਬੇ ਹਮਾਰਾ ਸ਼ਹਿਰ" ਇਕ ਡਾਕੂਮੈਂਟਰੀ ਫਿਲਮ ਹੈ। ਪਰ ਫੀਚਰ ਫਿਲਮਾਂ ਨਾਲੋਂ ਜ਼ਿਆਦਾ ਦਿਲਚਸਪ ਮਨੋਰੰਜਨ ਅਤੇ ਜਾਣਕਾਰੀ ਭਰਪੂਰ। ਫਿਲਮ ਵਿਚ ਪੇਸ਼ ਕੀਤੇ ਨੁੱਕਰ ਨਾਟਕ ਦੇ ਦ੍ਰਿਸ਼ ਤੁਹਾਨੂੰ ਹਸਾਉਣੋਂ ਨਹੀਂ ਟਾਲਦੇ। 'ਆਵਾਹਨ ਨਾਟਯ ਮੰਚ' ਦੇ ਕਲਾਕਾਰਾਂ ਵਲੋਂ ਗਾਇਆ ਗੀਤ "ਕਥਾ ਸੁਣੋ ਰੇ ਲੋਗੋ ..... ਮਨ ਨੂੰ ਛੂਹ ਜਾਂਦਾ ਹੈ।

ਇਸ ਫਿਲਮ ਦਾ ਡਾਇਰੈਕਟਰ ਅਨੰਦ ਪਟਵਰਧਨ ਹੈ। ਅਨੰਦ ਨਾਲ ਕਨੇਡਾ ਦੀ ਪੰਜਾਬੀ ਕਮਿਊਨਿਟੀ ਦੀ ਆਪਣੀ ਇਕ ਸਾਂਝ ਹੈ। ਕੁੱਝ ਸਾਲ ਪਹਿਲਾਂ ਅਨੰਦ ਨੇ ਕਨੇਡਾ ਦੀ ਤੇ ਖਾਸ ਕਰਕੇ ਵੈਨਕੂਵਰ ਦੀ ਪੰਜਾਬੀ ਕਮਿਊਨਿਟੀ ਦੇ ਇਕ ਹਿਸੇ(ਖੇਤ ਮਜ਼ਦੂਰਾਂ) ਬਾਰੇ ਇਕ ਫਿਲਮ "ਉਠਣ ਦਾ ਵੇਲਾ" ਬਣਾਈ ਸੀ। 'ਉਠਣ ਦਾ ਵੇਲਾ' ਇੰਟਰਨੈਸ਼ਨਲ ਫਿਲਮ ਮੇਲਿਆਂ ਵਿਚ ਇਨਾਮ ਜਿੱਤ ਚੁਕੀ ਹੈ। ਪਰ ਹਿੰਦੁਸਤਾਨ ਦੀ ਸਰਕਾਰ ਨੇ "ਉਠਣ ਦਾ ਵੇਲਾ" ਤੇ ਪਾਬੰਦੀ ਲਾ ਦਿਤੀ ਸੀ।

"ਹਮਾਰਾ ਸ਼ਹਿਰ ਬੰਬੇ" "ਵੀਡੀਓ" ਰੂਪ ਵਿਚ ਪ੍ਰਾਪਤ ਹੈ ਪਰ ਬਦਕਿਸਮਤੀ ਇਹ ਹੈ ਕਿ ਇਹ ਏਥੋਂ ਦੇ ਭਾਰਤੀ ਵੀਡੀਓ ਸਟੋਰਾਂ 'ਚ ਨਹੀਂ ਮਿਲਦੀ। ਹਾਂ 'ਇਪਾਨਾ' ਨੇ ਇਹ ਫਿਲਮ ਕੁਝ ਇਕ ਮੀਟਿੰਗਾਂ ਵਿਚ ਵਿਖਾਲੀ ਸੀ ਪਰ ਸਾਡੀ ਜਾਚੇ ਤਾਂ ਇਸ ਫਿਲਮ ਨੂੰ ਜ਼ਿਆਦਾ ਲੋਕਾਂ ਨੂੰ ਦੇਖਣਾ ਚਾਹੀਦਾ ਹੈ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਵੀਡੀਓ ਸਟੋਰਾਂ ਤੋਂ ਇਸ ਫਿਲਮ ਦੀ ਮੰਗ ਕਰਨ ਤਾਂਕਿ ਸਟੋਰਾਂ ਵਾਲੇ ਅਜਿਹੀਆਂ ਫਿਲਮਾਂ ਵੀ ਲਿਆ ਕੇ ਰੱਖਣ। ਏਥੋਂ ਦਾ ਸਥਾਨਕ ਭਾਰਤੀ ਟੀ. ਵੀ. ਮੀਡੀਆ ਵੀ ਇਸ ਫਿਲਮ ਨੂੰ ਆਪਣੇ ਪਰੋਗਰਾਮ ਤੇ ਦਿਖਾ ਆਪਣਾ ਵਧੀਆ ਹਿਸਾ ਪਾ ਸਕਦਾ ਹੈ, ਕਿਉਂਕਿ ਉਹ ਫਿਲਮਾਂ ਜਿਹੜੀਆਂ ਏਥੋਂ ਦੇ ਸਟੋਰਾਂ ਵਿਚ ਆਮ ਮਿਲ ਜਾਂਦੀਆਂ ਹਨ, ਦੀ ਥਾਂ ਅਜਿਹੀਆਂ ਫਿਲਮਾਂ ਦਿਖਾਉਣਾ ਇਸ ਮੀਡੀਏ ਦੀ ਵੱਡੀ ਦੇਣ ਹੋਵੇਗੀ।

ਤੁਖਣਾ ਦੇ ਕੇ ਬੜੇ ਨਚਾਰੇ ਵੇਖ ਲਏ,
ਬੰਦੂਕਾਂ ਦੇ ਸੁਹਣੇ ਕਾਰੇ ਵੇਖ ਲਏ,
ਭੂਤਰਿਆਂ ਦੇ ਲਾਡ ਕਦੋਂ ਬੰਦ ਕਰਨੇ ਨੇ,
ਕਿੰਨਾ ਚਿਰ ਹੁਣ ਹੋਰ ਤਮਾਸ਼ੇ ਜਰਨੇ ਨੇ,

ਫਿਲਮਾਂ ਅਤੇ ਯੁਵਾ ਪੀੜ੍ਹੀ

ਪ੍ਰੋ: ਨਵ ਸੰਗੀਤ ਸਿੰਘ



ਅਕਸਰ ਇਹ ਕਿਹਾ ਜਾਂਦਾ ਹੈ ਕਿ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਨਾਲ ਕਲਾ ਦਾ ਵਿਨਾਸ਼ ਹੋ ਰਿਹਾ ਹੈ ਪ੍ਰੰਤੂ ਫਿਲਮਾਂ ਕਲਾ ਦਾ ਇਕ ਅਜਿਹਾ ਰੂਪ ਹਨ, ਜਿਸ ਵਿਚ ਵਿਗਿਆਨ ਅਤੇ ਤਕਨਾਲੋਜੀ ਨੇ ਸਹਿਯੋਗ ਦਿਤਾ ਹੈ। ਫਿਲਮ, ਸੈਲਿਊਲਾਇਡ ਦੇ ਰੂਪ ਵਿਚ ਕਲਾ ਦਾ ਇਕ ਉਹ ਮਾਧਿਅਮ ਹੈ, ਜਿਸ ਨੇ ਕਲਾ ਦੇ ਹੋਰ ਸਾਰੇ ਰੂਪਾਂ ਨੂੰ ਆਪਣੇ ਘੇਰੇ ਵਿਚ ਲੈ ਲਿਆ ਹੈ ਇਹੀ ਕਾਰਨ ਹੈ ਕਿ ਆਰਨਲਡ ਹਊਜ਼ਰ ਨੇ ਆਪਣੀ ਪੁਸਤਕ 'ਦ ਸੋਸ਼ਲ ਹਿਸਟਰੀ ਆਫ ਆਰਟ' ਵਿਚ 1860 ਈ. ਤੋਂ ਹੁਣ ਤੱਕ ਦੇ ਕਾਲ ਨੂੰ 'ਫਿਲਮ ਯੁਗ' ਦਾ ਨਾਂ ਦਿੱਤਾ ਹੈ।

ਫਿਲਮ, ਅਭਿਵਿਅਕਤੀ ਦਾ ਇਕ ਅਤਿਅੰਤ ਵਿਆਪਕ ਮਾਧਿਅਮ ਹੈ। ਇਸ ਵਿਚ ਸਾਹਿਤ, ਸੰਗੀਤ, ਨ੍ਰਿਤ, ਭਵਨ-ਨਿਰਮਾਣ, ਚਿੱਤਰਕਾਰੀ ਆਦਿ ਸਾਰੀਆਂ ਕਲਾਵਾਂ ਦਾ ਮਿਸ਼ਰਣ ਹੈ। ਜਿਵੇਂ ਆਦਿ ਕਾਲ ਵਿਚ ਕਲਾ ਦੇ ਸਾਰੇ ਰੂਪ ਸੰਯੁਕਤ ਹੋਇਆ ਕਰਦੇ ਸਨ, ਬਿਲਕੁਲ ਉਸੇ ਤਰ੍ਹਾਂ ਫਿਲਮ ਵਿਚ ਆਧੁਨਿਕ ਕਲਾ ਦੇ ਸਾਰੇ ਰੂਪ ਕ੍ਰਿਆਸ਼ੀਲ ਹਨ। ਮਾਧਿਅਮ ਦੇ ਰੂਪ ਵਿਚ ਇਸ ਦੀ ਵਿਆਪਕ ਸਮਰਥਾ ਕਾਰਨ ਹੀ ਪਿਕਾਸੋ, ਕਾਕਤੂ, ਸਤ੍ਰਾਵਿੰਸਕੀ, ਯੂਕੀਓ ਮਿਸ਼ੀਮਾ, ਐਮ. ਐਫ. ਹੁਸੈਨ ਆਦਿਕ ਵਿਖਿਆਤ ਕਲਾਕਾਰ, ਫਿਲਮ ਤਕਨਾਲੋਜੀ ਵੱਲ ਆਕਰਸ਼ਿਤ ਹੋਏ।

ਸੋ ਇਹ ਪ੍ਰਤੱਖ ਹੈ ਕਿ ਫਿਲਮ ਆਤਮ - ਅਭਿਵਿਅਕਤੀ ਅਤੇ ਸੌਂਦਰਬੋਧ ਦੀ ਪ੍ਰਾਪਤੀ ਲਈ ਆਧੁਨਿਕ ਯੁਗ ਦਾ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੈ। ਸਾਡੇ ਦੇਸ਼ ਵਿਚ ਫਿਲਮ ਉਦਯੋਗ ਦੁਨੀਆਂ ਭਰ ਵਿਚੋਂ ਦੂਜੇ ਨੰਬਰ 'ਤੇ ਆਉਂਦਾ ਹੈ। ਕਿਉਂਕਿ ਇਸ ਉਦਯੋਗ ਵਿਚ ਇਕ ਪੂਰੀ ਦੀ ਪੂਰੀ ਟੀਮ ਕ੍ਰਿਆਸ਼ੀਲ ਹੁੰਦੀ ਹੈ, ਇਸ ਲਈ ਸੁਭਾਵਿਕ ਹੀ ਇਹ ਉਦਯੋਗ ਪੂੰਜੀਪਤੀਆਂ ਦੇ ਹੱਥਾਂ ਵਿਚ ਚਲਾ ਗਿਆ ਹੈ, ਜਿਸ ਨੇ ਇਸ ਨੂੰ ਲੋਕਾਂ ਦਾ ਐਂਦ੍ਰਿਕ — ਉਤੇਜਨਾ ਅਤੇ ਸਸਤੇ ਮਨੋਰੰਜਨ ਦਾ ਇਕ ਮਾਧਿਅਮ ਬਣਾ ਦਿਤਾ ਹੈ। ਬੰਬਈ ਫਿਲਮਾਂ ਵਿਚ ਮਾਰਧਾੜ, ਸਸਤੀ ਕਾਮੁਕਤਾ, ਭੋਂਡੀ ਅਦਾਕਾਰੀ ਤੋਂ ਸਿਵਾਇ ਹੋਰ ਕੁਝ ਦੇਖਣ ਨੂੰ ਘੱਟ ਹੀ ਮਿਲਦਾ ਹੈ। ਇਹੋ ਜਿਹੀਆਂ ਫਿਲਮਾਂ ਨੇ ਉਤਰ ਸੁਤੰਤਰਤਾ ਯੁਗ ਦੀ ਪੂਰੀ ਦੀ ਪੂਰੀ ਪੀੜ੍ਹੀ ਨੂੰ ਗ੍ਰਸ ਲਿਆ ਹੈ ਅਤੇ ਉਹ ਆਪਣੀ ਕਰਤੱਵ-ਪ੍ਰਾਇਣਤਾ ਅਤੇ ਆਦਰਸ਼-ਨਿਸ਼ਠਾ ਨੂੰ ਭੁਲਾ ਕੇ ਮਹਾਨਗਰਾਂ ਦੇ 'ਅੰਡਰ ਵਰਲਡ' ਜੀਵਨ ਨੂੰ ਆਪਣਾ ਲਕਸ਼ ਮੰਨੀ ਬੈਠੀ ਹੈ।

ਸੋ ਆਧੁਨਿਕ (?) ਫਿਲਮਾਂ ਨੇ ਨਵਯੁਵਕਾਂ ਉਪਰ ਪਹਿਲਾ ਬੁਰਾ ਪ੍ਰਭਾਵ ਇਹ ਪਾਇਆ ਹੈ ਕਿ ਉਹ ਮਾਨਸਿਕ ਤੌਰ 'ਤੇ ਅੱਯਾਸ਼ ਹੋ ਗਏ ਹਨ। ਆਪਣੇ ਸੁਪਨਿਆਂ ਨੂੰ ਰੁਪਹਿਰੇ ਪਰਦੇ ਉਤੇ ਸਾਕਾਰ ਹੁੰਦੇ ਵੇਖ ਕੇ ਉਹ ਸੁਸਾਇਟੀ ਦੀਆਂ ਕਈ ਨੈਤਿਕ ਮਾਨਤਾਵਾਂ ਨੂੰ ਤੋੜਦੇ ਹਨ। ਸਿੱਟੇ ਵਜੋਂ ਕਈ ਪਰਿਵਾਰਿਕ ਇਕਾਈਆਂ ਭੰਗ ਹੁੰਦੀਆਂ ਹਨ ਅਤੇ ਅਸੀਂ ਹਰ ਰੋਜ਼ ਦੈਨਿਕ ਅਖਬਾਰਾਂ ਵਿਚ ਫ਼ਰੇਬਾਜ਼ੀ, ਸਾਹਸੀ ਚੋਰੀਆਂ, ਡਾਕਿਆਂ, ਉਧਾਲਿਆਂ ਅਤੇ ਲੜਕੀਆਂ ਨੂੰ ਛੇੜਨ ਦੀਆਂ ਵਾਰਦਾਤਾਂ ਪੜ੍ਹਦੇ ਹਾਂ।

ਫਿਲਮਾਂ ਨੇ ਨਵਯੁਵਕਾਂ ਨੂੰ ਅੰਨ੍ਹੀ ਪਦਾਰਥਕ ਸੋਚਣੀ ਪ੍ਰਦਾਨ ਕੀਤੀ ਹੈ। ਉਹ ਮਨ ਦੀ ਪ੍ਰੋੜ੍ਹਤਾ ਵੱਲ ਕੋਈ ਧਿਆਨ ਨਹੀਂ ਦਿੰਦੇ ਸਗੋਂ ਉਨ੍ਹਾਂ ਦਾ ਸਾਰਾ ਸਮਾਂ ਬਣਨ-ਸੰਵਰਨ ਅਤੇ ਫੈਸ਼ਨ-ਪ੍ਰਸਤੀ ਵਿਚ ਗੁਜ਼ਰ ਜਾਦਾ ਹੈ। ਸਿੱਟੇ ਵਜੋਂ ਨੌਜਵਾਨ ਆਪਣੀ ਸਾਰੀ ਸ਼ਕਤੀ ਇਸ ਬੰਦ ਦਿਸ਼ਾ ਵੱਲ ਵਧਣ ਲਈ ਖਰਚ ਦਿੰਦੇ ਹਨ। ਹੇਠਲੀ ਮੱਧ ਸ਼੍ਰੇਣੀ ਅਤੇ ਹੇਠਲੀ ਸ਼ਰੇਣੀ ਦੇ ਯੁਵਕ ਜਦੋਂ ਆਪਣੀ ਪਦਾਰਥਕ ਹਵਸ ਦੀ ਪੂਰਤੀ ਨਹੀਂ ਕਰ ਸਕਦੇ ਤਾਂ ਉਹ ਮਹਾਨਗਰਾਂ ਵਿਚ ਵਿਕਸਿਤ ਹੋ ਰਹੀ ਜੁਰਮ ਭਰਪੂਰ ਜ਼ਿੰਦਗੀ ਵੱਲ ਵਧਦੇ ਹਨ। ਉਨ੍ਹਾਂ ਦਾ ਆਪਣਾ ਨੈਤਿਕ ਪਤਨ ਤਾਂ ਹੁੰਦਾ ਹੀ ਹੈ ਪਰ ਇਸ ਦੇ ਨਾਲ ਹੀ ਉਹ ਆਪਣੇ ਪਰਿਵਾਰ, ਸਮਾਜ ਅਤੇ ਰਾਸ਼ਟਰ ਲਈ ਵੀ ਖਤਰਾ ਬਣ ਜਾਂਦੇ ਹਨ।

ਆਧੁਨਿਕ ਫਿਲਮਾਂ ਨੇ ਵਿਦਿਆ ਦੇ ਪਸਾਰ ਨੂੰ ਕਾਫੀ ਸੱਟ ਮਾਰੀ ਹੈ। ਵਿਦਿਆਰਥੀਆਂ ਦੇ ਮਨ, ਕਿਉਂਕਿ ਫਿਲਮਾਂ ਵਿਚ ਵੇਖੇ ਉਕਸਾਊ ਬਿੰਬਾਂ ਨਾਲ ਪੂਰਵ-ਵਿਅਸਤ ਰਹਿੰਦੇ ਹਨ, ਇਸ ਲਈ ਵਿਦਿਆ ਉਨ੍ਹਾਂ ਦੀ ਸ਼ਖਸੀਅਤ ਦੇ ਵਿਕਾਸ ਵਿਚ ਕੋਈ ਯੋਗਦਾਨ ਨਹੀਂ ਦੇ ਸਕਦੀ। ਉਹ ਕੇਵਲ ਕਹਿਣ ਨੂੰ ਪੜ੍ਹਦੇ ਹਨ। ਅਸਲ ਵਿਚ ਉਨ੍ਹਾਂ ਦੀ ਸਾਰੀ ਸ਼ਕਤੀ ਫਿਲਮ-ਅਭਿਨੇਤਾ ਜਾਂ ਅਭਿਨੇਤਰੀ ਜਿਹੇ ਬਣਨ ਵਿਚ ਖਰਚ ਹੋ ਰਹੀ ਹੁੰਦੀ ਹੈ। ਪ੍ਰੀਖਿਆ ਦੇ ਨੇੜੇ ਤੇੜੇ ਉਹ ਕੁਝ ਘੋਟਾ ਲਾ, ਕੁਝ ਨਕਲ ਮਾਰ, ਕੁਝ ਪਰਚਿਆਂ ਮਗਰ ਜਾ ਕੇ ਇਮਤਿਹਾਨ ਪਾਸ ਕਰ ਲੈਂਦੇ ਹਨ ਅਤੇ ਬਾਅਦ ਵਿਚ ਸਾਲ ਭਰ ਫਿਰ ਤੋਂ ਉਹੀ ਪੁਰਾਣਾ ਚੱਕਰ ਸ਼ੁਰੂ ਹੋ ਜਾਂਦਾ ਹੈ।

ਪ੍ਰੰਤੂ ਇਹ ਬੁਰੇ ਪ੍ਰਭਾਵ ਫਿਲਮਾਂ ਦੀ ਦੇਣ ਨਹੀਂ ਹਨ, ਸਗੋਂ ਇਹ ਉਨ੍ਹਾਂ ਦੇ ਨਿਰਮਾਤਾ ਉਦਯੋਪਤੀਆਂ ਦੀ ਦੇਣ ਹਨ। ਜਿਨ੍ਹਾਂ ਲੋਕਾਂ ਨੇ ਚੈਪਲਿਨ, ਆਈਨਸਟਾਈਨ, ਇੰਗਸਰ ਬਰਗਮੈਨ, ਸਤਿਆਜੀਤ ਰੇਅ, ਮ੍ਰਿਣਾਲ ਸੇਨ, ਬਿਮਲ ਰਾਇ, ਰਿਸ਼ੀਕੇਸ਼ ਮੁਖਰਜੀ, ਸ਼ਿਆਮ ਬੈਨੇਗਲ, ਗੋਵਿੰਦ ਨਿਹਲਾਨੀ, ਜੱਬਾਰ ਪਟੇਲ, ਮਹੇਸ਼ ਭੱਟ, ਸਈ ਪਰਾਂਜਪੇ, ਸਈਦ ਅਖਤਰ ਮਿਰਜ਼ਾ, ਸਾਗਰ ਸਰਹੱਦੀ ਤੇ ਫ੍ਰਾਂਸਵਾ ਤਰੂਫੋ ਵਰਗੇ ਨਿਰਦੇਸ਼ਕ — ਨਿਰਮਾਤਾਵਾਂ ਦੀਆਂ ਫਿਲਮਾਂ ਵੇਖੀਆਂ ਹਨ, ਉਹ ਜਾਣਦੇ ਹਨ ਕਿ ਫਿਲਮ ਸੰਤੁਲਿਤ ਸ਼ਖਸੀਅਤ ਦੇ ਵਿਕਾਸ ਵਿਚ ਕਿੰਨਾ ਮਹੱਤਵਪੂਰਨ ਯੋਗਦਾਨ ਦਿੰਦੀ ਹੈ। ਸੋ ਲੋੜ ਫਿਲਮ ਨੂੰ ਸੈਂਸਰ ਕਰਨ ਦੀ ਨਹੀਂ ਸਗੋਂ ਪੂੰਜੀਵਾਦੀ ਵਰਗ ਵਿਵਸਥਾ ਉਪਰ ਸੈਂਸਰ ਦੀ ਲੋੜ ਹੈ।

ਇਸ ਦੇ ਨਾਲ ਹੀ ਇਹ ਤੱਥ ਵੀ ਧਿਆਨਯੋਗ ਹੈ ਕਿ ਜਿਨ੍ਹਾਂ ਫਿਲਮਾਂ ਨੇ ਨੌਜਵਾਨਾਂ ਦੇ ਮਨਾਂ ਉਤੇ ਬੁਰਾ ਪ੍ਰਭਾਵ ਪਾਇਆ ਹੈ ਉਹ 'ਆਧੁਨਿਕ' ਨਹੀਂ ਹਨ ਸਗੋਂ ਉਹ 'ਕਮਰਸ਼ੀਅਲ' ਫਿਲਮਾਂ ਹਨ। 'ਆਧੁਨਿਕ' ਜਾਂ 'ਸਮਾਨਾਂਤਰ' ਜਾਂ 'ਸਾਰਥਿਕ' ਫਿਲਮਾਂ ਨੇ ਨਵਯੁਵਕਾਂ ਉਪਰ ਬੁਰਾ ਪ੍ਰਭਾਵ ਪਾਉਣ ਦੀ ਥਾਂ ਉਨ੍ਹਾਂ ਦੇ ਮਨਾਂ ਨੂੰ ਅਨੁਭਵ ਦੀ ਅਮੀਰੀ ਅਤੇ ਸੰਪ੍ਰੇਸ਼ਣ ਦੀ ਸ਼ਕਤੀ ਦੁਆਰਾ ਵਧੇਰੇ ਪ੍ਰੋੜ੍ਹਬਣਾਇਆ ਹੈ। ਉਦਾਹਰਣ ਲਈ ਅਸੀਂ ਅਸਿਤ ਸੇਨ, ਬੀ. ਆਰ. ਇਸ਼ਾਰਾ, ਬਾਸੂ ਚੈਟਰਜੀ, ਕਾਸੂ ਭੱਟਾਚਾਰੀਆ, ਰਾਜਿੰਦਰ ਸਿੰਘ ਬੇਦੀ ਆਦਿ ਨਿਰਮਾਤਾ ਨਿਰਦੇਸ਼ਕਾਂ ਦੀਆਂ ਪਿਛਲੇਰੇ ਵਰ੍ਹਿਆਂ ਵਿਚ ਬਣੀਆਂ ਫਿਲਮਾਂ ਵੇਖ ਸਕਦੇ ਹਾਂ।

ਅਜ ਦੀ ਯੁਵਾ ਪੀੜ੍ਹੀ ਸਾਰੀਆਂ ਕਲਾਵਾਂ, ਇਥੋਂ ਤੱਕ ਕਿ ਫਿਲਮਾਂ ਪ੍ਰਤੀ ਵੀ ਤਟਸਥ ਰਵੱਈਆ ਅਖਤਿਆਰ ਕਰੀ ਬੈਠੀ ਹੈ। ਉਹ ਪੀੜ੍ਹੀ ਹੁਣ ਬੁੱਢੀ ਹੋ ਚੁਕੀ ਹੈ ਜੋ 'ਆਹ', 'ਆਗ', 'ਅਨਮੋਲ ਘੜੀ', 'ਦੇਵਦਾਸ', 'ਦਾਗ', 'ਮੇਲਾ', 'ਅਫਸਰ', 'ਚਿੱਤਰਲੇਖਾ', 'ਰਤਨ', 'ਪਤੰਗਾ', 'ਢੋਲਕ', 'ਜੀਨਤ', 'ਬਸੰਤ', 'ਸ਼ਾਹ ਜਹਾਂ', 'ਕਾਜਲ', 'ਵਤਨ', 'ਦਰਦ' ਵਰਗੀਆਂ ਫਿਲਮਾਂ ਉਤੇ ਜਾਨ ਦਿੰਦੀ ਸੀ। ਉਸ ਪੀੜ੍ਹੀ ਦੇ ਲੋਕ ਇਨ੍ਹਾਂ ਫਿਲਮਾਂ ਦੀਆਂ ਗੱਲਾਂ ਕਰਦੇ ਹੁਣ ਵੀ ਭਾਵੁਕ ਹੋ ਜਾਂਦੇ ਹਨ। ਆਲ ਇੰਡੀਆ ਰੇਡੀਓ ਦੀ ਉਰਦੂ ਸਰਵਿਸ ਦੇ ਪਰੋਗਰਾਮ 'ਆਵਾਜ਼ ਦੇ ਕਹਾਂ ਹੈ' ਤੇ ਧਰਤੀ ਕੋ ਆਕਾਸ਼ ਪੁਕਾਰੇ' ਵਿਚਲੇ ਸਰੋਤਿਆਂ ਦੇ ਖਤ ਸਾਡੇ ਇਸ ਕਥਨ ਦੀ ਪੁਸ਼ਟੀ ਕਰਦੇ ਹਨ।

ਅੱਜ ਦਾ ਦੌਰ ਰਫਤਾਰ ਦਾ ਦੌਰ ਹੈ। ਕੋਈ ਵੀ ਫਿਲਮ ਕਿਸੇ ਦਰਸ਼ਕ ਦੇ ਮਨ ਉਤੇ ਸਥਾਈ ਪ੍ਰਭਾਵ ਨਹੀਂ ਛੱਡਦੀ, ਸ਼ਾਇਦ ਇਸ ਮੰਤਵ ਲਈ ਕੋਈ ਫਿਲਮ ਬਣਾਈ ਹੀ ਨਹੀਂ ਜਾਂਦੀ। ਅੱਜ ਦਾ ਯੁਗ ਅਸਥਾਈ ਪ੍ਰਭਾਵਾਂ ਦਾ ਹੈ। ਭਵਿਖ ਪ੍ਰਤੀ ਚਿੰਤਾਤੁਰ, ਆਪਣੇ ਅਤੀਤ ਤੋਂ ਟੁੱਟੀ ਹੋਈ, ਭ੍ਰਸ਼ਟ ਸਮਾਜ ਵਿਚ ਪਲ ਕੇ ਜਵਾਨ ਹੋਈ ਇਹ ਨੌਜਵਾਨ ਪੀੜ੍ਹੀ ਭਲਾ ਫਿਲਮ ਤੋਂ ਕੀ ਬੁਰਾ ਪ੍ਰਭਾਵ ਗ੍ਰਹਿਣ ਕਰੇਗੀ।

ਸਰੀ ਵਿਚ ਤੁਹਾਡੀ ਕਮਿਊਨਿਟੀ ਦਾ ਸਭ ਤੋਂ ਮਸ਼ਹੂਰ ਸਟੋਰ
ਗਿੱਲ-ਫੋਰਡ-ਫਰਨੀਚਰ



ਮਿਸਾਲ-ਤੋੜ ਸੇਲ ਵਿਚ
ਹੁੰਮ-ਹੁਮਾ ਕੇ ਪੁਜੋ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ
ਉਤਸਵ ਦੀ
ਲੱਖ ਲੱਖ ਵਧਾਈ ਹੋਵੇ

ਲਓ ਜੀ

ਦੀਵਾਲੀ ਲੰਘ ਗਈ

ਅਜੇ ਵੀ

ਗਿੱਲਫਰਡ ਫਰਨੀਚਰ 'ਤੇ ਚੱਲ ਰਹੀ ਹੈ

ਮਿਸਾਲ-ਤੋੜ ਸੇਲ

ਜੋ ਕਿ ਨਵੰਬਰ ਦੇ ਅਖੀਰ ਤੱਕ ਬੜੇ ਧੂੰਮ ਧਾਮ ਨਾਲ ਚੱਲੇਗੀ

- ਭੈਣੋ ਅਤੇ ਭਰਾਵੋ ਇਹ ਗੱਲ ਨੋਟ ਕਰ ਲਓ ਕਿ ਗਿੱਲਫਰਡ ਫਰਨੀਚਰ 'ਤੇ ਮਿਸਾਲ-ਤੋੜ ਸੇਲ ਲੱਗ ਗਈ ਹੈ ਜਿਸ ਵਿਚ ਪਿਛਲੀਆਂ ਸਭ ਕੀਮਤਾਂ ਵਾਲੀ ਮਿਸਾਲ ਤੋੜ ਕੇ ਰੱਖ ਦਿਤੀ ਜਾਵੇਗੀ।

ਖਿਆਲ ਨਾਲ ਪੜ੍ਹੋ

- ਕਿ ਗਿੱਲਫਰਡ ਫਰਨੀਚਰ 'ਤੇ 9 ਪੀਸ ਡਾਇਨਿੰਗ ਸੈੱਟ ਇਕ 1400 ਦਾ ਇਕ 1600 ਦਾ ਇਕ 2000 ਦਾ ਅਤੇ ਬਾਕੀ ਸਾਰੇ ਹੀ ਡਾਇਨਿੰਗ ਸੈੱਟਾਂ ਉਤੇ ਕੀਮਤਾਂ ਵਾਲੀ ਉਹ ਮਿਸਾਲ ਤੋੜੀ ਜਾਵੇਗੀ ਜਿਸਦੀ ਮਿਸਾਲ ਬੀ. ਸੀ. ਦੇ ਕੋਨੇ ਕੋਨੇ ਵਿਚ ਕਿਤੋਂ ਵੀ ਨਹੀਂ ਮਿਲ ਸਕੇਗੀ

ਧਿਆਨ ਦਿਓ

- ਕਿ ਤਿੰਨ ਪੀਸ ਸੋਫ਼ਾ ਸੈਟ ਕੋਈ 1000 ਦਾ ਕੋਈ 1200 ਦਾ ਕੋਈ 1400 ਦਾ, ਇਸ ਤੋਂ ਇਲਾਵਾ ਸਟੋਰ ਵਿਚ ਪਏ ਸਾਰੇ ਹੀ ਸੋਫਾ ਸੈੱਟ ਮਿਸਾਲ-ਤੋੜ ਕੀਮਤਾਂ ਵਿਚ ਮਿਸਾਲ-ਤੋੜ ਰੰਗਾਂ ਵਿਚ ਉਨ੍ਹਾਂ ਕੀਮਤਾਂ 'ਤੇ ਮਿਲਣਗੇ ਜਿਨ੍ਹਾਂ ਕੀਮਤਾਂ ਦਾ ਕੋਈ ਸੁਪਨਾ ਵੀ ਨਹੀਂ ਲੈ ਸਕਦਾ।

ਜੀ ਹਾਂ

- ਗਿੱਲਫਰਡ ਫਰਨੀਚਰ 'ਤੇ ਸੌਲਿਡ ਪਾਈਨ ਦੀਆਂ ਬੈੱਡ-ਰੂਮ ਸੁਈਟਾਂ ਵਿਚ ਸਭ ਤੋਂ ਵੱਧ ਸਲੈਕਸ਼ਨ ਅਤੇ ਸੀਲੀ ਦੇ ਮੈਟਰੈਸਾਂ ਉਤੇ ਸਭ ਤੋਂ ਵੱਧ ਸਲੈਕਸ਼ਨ ਅਤੇ ਇਨ੍ਹਾਂ ਦੀਆਂ ਕੀਮਤਾਂ ਵਾਲੀ ਮਿਸਾਲ ਨਵੰਬਰ ਦੇ ਅਖੀਰ ਤੱਕ ਤੋੜੀ ਜਾਵੇਗੀ।

ਆ ਜਾਓ !

Something New! Ask About Our GILLFORD FURNITUREMART CREDIT CARD SERVICE APPLY TODAY.

GILL-FORD FURNITURE MART

"Better Quality Furnishing at Discount Prices"

Financing Available O.A.C.
Hours: Mon-Fri 10-9, Sat.-Sun. & Holidays 10-6

13442-108th Avenue, Surrey

588-4461

VISA MasterCard